@Qpatrika · @qaumipatrika punjabi · instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
# Qaumi Patrika NO.1

Punjabi National Daily

 दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 10 May 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 10 ਮਈ 2026, 27 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 185, qpatrika@gmail.com ਫੋਨ : 9971359517 www.qaumipatrika.org

## ਸੁਪ੍ਰੀਆ ਸੁਲੇ ਦੀ ਕਾਰ ਹਾਦਸੇ ਦਾ ਸ਼ਿਕਾਰ, ਵਾਲ-ਵਾਲ ਬਚੀ ਸਾਂਸਦ

ਮੁੰਬਈ/ਪੁਣੇ 9 ਮਈ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦ ਪਵਾਰ ਗੁੱਟ) ਦੀ ਸੀਨੀਅਰ ਆਗੂ ਅਤੇ ਸਾਂਸਦ ਸੁਪ੍ਰੀਆ ਸੁਲੇ ਸ਼ਨੀਵਾਰ ਨੂੰ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ। ਜਾਣਕਾਰੀ ਅਨੁਸਾਰ, ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਪੁਣੇ ਤੋਂ ਮੁੰਬਈ ਜਾ ਰਹੇ ਸਨ। ਰਾਹਤ ਦੀ ਗੱਲ ਇਹ ਰਹੀ ਕਿ ਇਸ ਟੱਕਰ ਦੇ ਬਾਵਜੂਦ ਸਾਂਸਦ ਸੁਪ੍ਰੀਆ ਸੁਲੇ ਅਤੇ ਉਨ੍ਹਾਂ ਦੇ ਨਾਲ ਮੌਜੂਦ ਸਾਰੇ ਸਹਿਯੋਗੀ ਪੂਰੀ ਤਰ੍ਹਾਂ ਸੁਰੱਖਿਅਤ ਹਨ। ਹਾਦਸੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਮੁੰਬਈ-ਪੁਣੇ ਹਾਈਵੇਅ 'ਤੇ ਇੱਕ ਤੇਜ਼ ਰਫ਼ਤਾਰ ਕਾਰ (ਨੰਬਰ GJ 13 CF 5257) ਨੇ ਸੁਪ੍ਰੀਆ



ਸੁਲੇ ਦੀ ਗੱਡੀ ਨੂੰ ਸਾਈਡ ਤੋਂ ਜ਼ੋਰਦਾਰ ਟੱਕਰ ਮਾਰ ਦਿੱਤੀ। ਸਾਂਸਦ ਨੇ ਇਸ ਘਟਨਾ ਨੂੰ ਬਹੁਤ ਬੁਰਾ ਅਨੁਭਵ ਦੱਸਿਆ ਅਤੇ ਭਗਵਾਨ ਦਾ ਸ਼ੁਕਰਾਨਾ ਕੀਤਾ ਕਿ ਕਿਸੇ ਨੂੰ ਵੀ ਸੱਟ ਨਹੀਂ ਲੱਗੀ। ਹਾਦਸੇ ਤੋਂ ਬਾਅਦ ਸੁਪ੍ਰੀਆ ਸੁਲੇ ਨੇ ਸੋਸ਼ਲ ਮੀਡੀਆ ਰਾਹੀਂ ਆਪਣਾ ਅਨੁਭਵ ਸਾਂਝਾ ਕੀਤਾ ਅਤੇ ਲੋਕਾਂ ਨੂੰ ਸੜਕ 'ਤੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲਿਖਿਆ ਕਿ ਅਜਿਹੀਆਂ ਘਟਨਾਵਾਂ ਇਸ ਗੱਲ ਦੀ ਯਾਦ ਦਿਵਾਉਂਦੀਆਂ ਹਨ ਕਿ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਕਈ ਜਾਨਾਂ ਜੋਖਮ ਵਿੱਚ ਪਾ ਸਕਦੀ ਹੈ। ਉਨ੍ਹਾਂ ਨੇ ਸਾਰੇ ਯਾਤਰੀਆਂ ਨੂੰ ਸੀਟ ਬੈਲਟ ਲਗਾਉਣ ਅਤੇ ਟ?ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦਾ ਆਗ੍ਰਹਿ ਕੀਤਾ ਤਾਂ ਜੋ ਹਾਈਵੇਅ 'ਤੇ ਸਫ਼ਰ ਨੂੰ ਸੁਰੱਖਿਅਤ ਬਣਾਇਆ ਜਾ ਸਕੇ।

### ਤਮਿਲਨਾਡੂ 'ਚ 'ਥਾਲਾਪਤੀ' ਵਿਜੇ ਦਾ ਰਾਜ ; ਰਾਜਪਾਲ ਤੋਂ ਮਿਲੀ ਹਰੀ ਝੰਡੀ, ਭਲਕੇ ਹੋਵੇਗਾ ਸਹੁੰ ਚੁੱਕ ਸਮਾਗਮ

ਨੈਸ਼ਨਲ ਡੈਸਕ 9 ਮਈ। ਤਮਿਲਨਾਡੂ ਦੀ ਸਿਆਸਤ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਹੋਣ ਜਾ ਰਿਹਾ ਹੈ। ਰਾਜਪਾਲ ਰਾਜੇਂਦਰ ਵਿਸ਼ਵਨਾਥ ਆਰਲੇਕਰ ਨੇ ਸ਼ਨੀਵਾਰ ਨੂੰ ਟੀਵੀਕੇ ("੭™) ਪ੍ਰਮੁੱਖ ਵਿਜੇ ਨੂੰ ਸੂਬੇ ਦਾ ਨਵਾਂ ਮੁੱਖ ਮੰਤਰੀ ਨਿਯੁਕਤ ਕਰਦੇ ਹੋਏ ਸਰਕਾਰ ਬਣਾਉਣ ਦਾ ਰਸਮੀ ਸੱਦਾ ਦਿੱਤਾ ਹੈ। ਰਾਜ ਭਵਨ ਤੋਂ ਮਿਲੀ ਜਾਣਕਾਰੀ ਅਨੁਸਾਰ ਵਿਜੇ ਦਾ ਸਹੁੰ ਚੁੱਕ ਸਮਾਗਮ ਐਤਵਾਰ ਸਵੇਰੇ 10 ਵਜੇ ਚੇਨਈ ਵਿੱਚ ਹੋਵੇਗਾ। ਅਭਿਨੇਤਾ ਤੋਂ ਸਿਆਸਤਦਾਨ ਬਣੇ ਵਿਜੇ ਨੇ ਰਾਜਪਾਲ ਨਾਲ ਮੁਲਾਕਾਤ ਕਰਕੇ ਸਹਿਯੋਗੀ ਪਾਰਟੀਆਂ ਦੇ ਬਿਨਾਂ ਸ਼ਰਤ ਸਮਰਥਨ ਦੇ ਪੱਤਰ ਸੌਂਪੇ। ਵੀਸੀਕੇ (੭3™) ਅਤੇ ਆਈਯੂਐਮਐਲ (9"$*), ਜਿਨ੍ਹਾਂ ਕੋਲ ਦੋ-ਦੋ ਸੀਟਾਂ ਹਨ, ਦੇ ਸਮਰਥਨ ਨਾਲ 234 ਮੈਂਬਰੀ ਵਿਧਾਨ ਸਭਾ ਵਿੱਚ ਟੀਵੀਕੇ ਦੀਆਂ ਸੀਟਾਂ ਦੀ ਕੁੱਲ ਗਿਣਤੀ 120 ਹੋ ਗਈ ਹੈ। ਵਿਜੇ ਦੇ ਨਾਲ ਤਮਿਲਨਾਡੂ ਕਾਂਗਰਸ ਕਮੇਟੀ ਦੇ ਪ੍ਰਧਾਨ ਕੇ. ਸੇਲਵਾਪੇਰੁੰਥਗਾਈ ਅਤੇ ਮਾਕਪਾ ਦੇ ਸੂਬਾ ਸਕੱਤਰ ਪੀ. ਸ਼ਣਮੁਗਮ ਵੀ ਰਾਜਪਾਲ ਨੂੰ ਮਿਲਣ ਪਹੁੰਚੇ ਸਨ। ਰਾਜਪਾਲ ਨੇ ਨਵੀਂ ਬਣਨ ਵਾਲੀ ਸਰਕਾਰ ਨੂੰ ਆਪਣਾ ਬਹੁਮਤ ਸਾਬਤ ਕਰਨ ਲਈ 13 ਮਈ ਤੱਕ ਦਾ ਸਮਾਂ ਦਿੱਤਾ ਹੈ। ਇਹ ਵਿਜੇ ਦੀ ਰਾਜਪਾਲ ਨਾਲ ਚੌਥੀ ਮੁਲਾਕਾਤ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਸੱਦਾ ਮਿਲਿਆ ਹੈ। ਵਿਜੇ ਦੀ ਨਿਯੁਕਤੀ ਦੀ ਖ਼ਬਰ ਮਿਲਦਿਆਂ ਹੀ ਟੀਵੀਕੇ ਵਰਕਰਾਂ ਅਤੇ ਪ੍ਰਸ਼ੰਸਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਪਾਰਟੀ ਦਫ਼ਤਰ ਦੇ ਬਾਹਰ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਵਰਕਰਾਂ ਨੇ ਪਟਾਕੇ ਚਲਾ ਕੇ ਅਤੇ ਮਿਠਾਈਆਂ ਵੰਡ ਕੇ ਜਸ਼ਨ ਮਨਾਇਆ।

# ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੀ ਥਾਂ ਡਾਂਗਾਂ ਮਾਰ ਰਹੀ ਹੈ ਸਰਕਾਰ : ਰਾਹੁਲ ਗਾਂਧੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 9 ਮਈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਜ਼ੋਰਦਾਰ ਨਿਸ਼ਾਨਾ ਸਾਧਿਆ ਹੈ। ਸ਼ਨੀਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'X' 'ਤੇ ਇੱਕ ਪੋਸਟ ਰਾਹੀਂ ਉਨ੍ਹਾਂ ਦਾਅਵਾ ਕੀਤਾ ਕਿ ਬੇਰੁਜ਼ਗਾਰੀ ਅੱਜ ਭਾਰਤ ਦੀ ਸਭ ਤੋਂ ਵੱਡੀ 'ਬੀਮਾਰੀ' ਬਣ ਚੁੱਕੀ ਹੈ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਜਦੋਂ ਨੌਜਵਾਨ ਆਪਣੇ ਰੁਜ਼ਗਾਰ ਦੇ ਹੱਕ ਲਈ ਸੜਕਾਂ 'ਤੇ ਉਤਰਦੇ ਹਨ, ਤਾਂ ਭਾਜਪਾ ਸਰਕਾਰ ਉਨ੍ਹਾਂ ਨੂੰ ਨੌਕਰੀਆਂ ਦੇਣ ਦੀ ਬਜਾਏ ਡਾਂਗਾਂ ਨਾਲ ਜਵਾਬ ਦਿੰਦੀ ਹੈ। ਇਹ ਵਿਵਾਦ ਉਸ ਸਮੇਂ ਭਖਿਆ ਜਦੋਂ ਸ਼ੁੱਕਰਵਾਰ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਬਿਹਾਰ ਲੋਕ ਸੇਵਾ ਆਯੋਗ ਦੇ ਅਧਿਆਪਕ ਭਰਤੀ ਪ੍ਰੀਖਿਆ ਦੇ ਹਜ਼ਾਰਾਂ ਉਮੀਦਵਾਰਾਂ ਨੇ ਪ੍ਰਦਰਸ਼ਨ ਕੀਤਾ। ਇਹ ਉਮੀਦਵਾਰ 46,000 ਤੋਂ ਵੱਧ ਅਹੁਦਿਆਂ ਲਈ ਪ੍ਰੀਖਿਆ ਦੀ ਮਿਤੀ ਦੀ ਨੋਟੀਫਿਕੇਸ਼ਨ ਵਿੱਚ ਹੋ ਰਹੀ ਦੇਰੀ ਦਾ ਵਿਰੋਧ ਕਰ ਰਹੇ ਸਨ। ਜਦੋਂ ਪ੍ਰਦਰਸ਼ਨਕਾਰੀ ਪਟਨਾ ਕਾਲਜ ਤੋਂ ਡਾਕ ਬੰਗਲਾ ਚੌਰਾਹੇ ਵੱਲ ਵਧ ਰਹੇ ਸਨ, ਤਾਂ ਗਾਂਧੀ ਮੈਦਾਨ ਦੇ ਕੋਲ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਕਥਿਤ ਤੌਰ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ। ਰਾਹੁਲ ਗਾਂਧੀ



ਨੇ ਇਸ ਘਟਨਾ ਦੀਆਂ ਵੀਡੀਓਜ਼ ਸਾਂਝੀਆਂ ਕਰਦਿਆਂ ਇਸ ਨੂੰ ਬਹੁਤ ਹੀ ਸ਼ਰਮਨਾਕ ਦੱਸਿਆ। ਰਾਹੁਲ ਗਾਂਧੀ ਨੇ ਆਪਣੀ ਪੋਸਟ ਵਿੱਚ ਕਿਹਾ ਕਿ ਬੇਰੁਜ਼ਗਾਰੀ ਦੀ ਸਭ ਤੋਂ ਭਿਆਨਕ ਮਾਰ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਨੌਜਵਾਨਾਂ 'ਤੇ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਲੱਖਾਂ ਨੌਜਵਾਨ ਹੱਥਾਂ ਵਿੱਚ ਡਿਗਰੀਆਂ ਅਤੇ ਕਾਬਲੀਅਤ ਲੈ ਕੇ ਦਰ-ਦਰ ਭਟਕ ਰਹੇ ਹਨ, ਪਰ ਸਰਕਾਰ ਨੂੰ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਦਾ ਨੌਜਵਾਨ ਹੁਣ ਭਾਜਪਾ ਦੇ ਝੂਠਾਂ ਤੋਂ ਤੰਗ ਆ ਚੁੱਕਾ ਹੈ ਅਤੇ ਉਹ ਚੁੱਪ ਨਹੀਂ ਬੈਠੇਗਾ। ਰਾਹੁਲ ਗਾਂਧੀ ਨੇ ਭਰੋਸਾ ਦਿਵਾਇਆ ਕਿ ਕਾਂਗਰਸ ਪਾਰਟੀ ਹਰ ਮੋੜ 'ਤੇ ਨੌਜਵਾਨਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੇ ਹੱਕਾਂ ਦੀ ਲੜਾਈ ਲੜਦੀ ਰਹੇਗੀ। ਦੂਜੇ ਪਾਸੇ, ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ TRE 4.0 ਦੀ ਨੋਟੀਫਿਕੇਸ਼ਨ ਅਪ੍ਰੈਲ 2026 ਵਿੱਚ ਜਾਰੀ ਹੋਣ ਦੀ ਉਮੀਦ ਸੀ, ਪਰ ਦੇਰੀ ਕਾਰਨ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ।

### ਮਹਿੰਗੇ ਤੇਲ ਤੋਂ ਬਚਣ ਦੀ ਤਿਆਰੀ ! ਸਰਕਾਰ ਨੇ ਬਣਾ ਲਿਆ ਇਹ ਖ਼ਾਸ ਪਲਾਨ

ਨੈਸ਼ਨਲ ਡੈਸਕ 9 ਮਈ। ਪੱਛਮੀ ਏਸ਼ੀਆ ਵਿੱਚ ਵਧ ਰਹੇ ਤਣਾਅ ਅਤੇ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਦੇ ਵਿਚਕਾਰ ਭਾਰਤ ਸਰਕਾਰ ਨੇ ਦੇਸ਼ ਦੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਯੋਜਨਾ ਤਿਆਰ ਕੀਤੀ ਹੈ। ਰਿਪੋਰਟਾਂ ਅਨੁਸਾਰ, ਸਰਕਾਰ ਹੁਣ ਪੈਟਰੋਲ ਵਿੱਚ ਐਥੇਨੌਲ ਬਲੈਂਡਿੰਗ ਨੂੰ ਮੌਜੂਦਾ 20% ਤੋਂ ਵਧਾ ਕੇ 25% ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਕਦਮ ਦਾ ਉਦੇਸ਼ ਵਿਦੇਸ਼ੀ ਕੱਚੇ ਤੇਲ 'ਤੇ ਨਿਰਭਰਤਾ ਘਟਾਉਣਾ ਅਤੇ ਦੇਸ਼ ਨੂੰ ਊਰਜਾ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣਾ ਹੈ। ਸਰਕਾਰੀ ਅਧਿਕਾਰੀਆਂ ਅਨੁਸਾਰ, ਪੈਟਰੋਲ ਵਿੱਚ 20% ਐਥੇਨੌਲ ਦੀ ਮਿਲਾਵਟ ਕਰਨ ਨਾਲ ਭਾਰਤ ਨੂੰ ਹਰ ਸਾਲ ਲਗਭਗ 4.5 ਕਰੋੜ ਬੈਰਲ ਕੱਚੇ ਤੇਲ ਦੇ ਆਯਾਤ ਵਿੱਚ ਬਚਤ ਹੋਈ ਹੈ। ਇਸ ਨਾਲ ਦੇਸ਼ ਨੇ ਲਗਭਗ 1.5 ਲੱਖ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਵੀ ਬਚਾਈ ਹੈ। ਹੁਣ ਸਰਕਾਰ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਕਰਕੇ 25% ਦੇ ਟੀਚੇ ਵੱਲ ਵਧ ਰਹੀ ਹੈ। 25% ਐਥੇਨੌਲ ਬਲੈਂਡਿੰਗ ਨੂੰ ਪੜਾਅਵਾਰ ਤਰੀਕੇ ਨਾਲ ਲਾਗੂ ਕਰਨ ਦੀ ਤਿਆਰੀ ਹੈ। ਹਾਲਾਂਕਿ, ਇਸ ਫੈਸਲੇ ਵਿੱਚ ਪੂਰੀ ਸਾਵਧਾਨੀ ਵਰਤੀ ਜਾ ਰਹੀ ਹੈ ਕਿਉਂਕਿ ਸਰਕਾਰ ਇਹ ਜਾਂਚ ਰਹੀ ਹੈ ਕਿ ਇਸ ਵਾਧੇ ਨਾਲ ਗੱਡੀਆਂ ਦੀ ਮਾਈਲੇਜ, ਇੰਜਣ ਦੀ ਸਮਰੱਥਾ ਅਤੇ ਵਾਹਨਾਂ ਦੀ ਲੰਬੇ ਸਮੇਂ ਦੀ ਕਾਰਗੁਜ਼ਾਰੀ 'ਤੇ ਕੀ ਪ੍ਰਭਾਵ ਪਵੇਗਾ। ਭਾਰਤ ਸਿਰਫ਼ ਬਾਇਓਫਿਊਲ 'ਤੇ ਹੀ ਨਹੀਂ, ਬਲਕਿ ਆਪਣੀ ਘਰੇਲੂ ਰਿਫਾਇਨਿੰਗ ਸਮਰੱਥਾ ਨੂੰ ਵਧਾਉਣ 'ਤੇ ਵੀ ਕੰਮ ਕਰ ਰਿਹਾ ਹੈ। ਰਿਪੋਰਟਾਂ ਮੁਤਾਬਕ ਬਾੜਮੇਰ ਰਿਫਾਇਨਰੀ ਨੇ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਨੁਮਾਲੀਗੜ੍ਹ ਰਿਫਾਇਨਰੀ ਦੇ ਵਿਸਤਾਰ ਦਾ ਕੰਮ ਜਾਰੀ ਹੈ। ਇਸ ਤੋਂ ਇਲਾਵਾ ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਨਵੇਂ ਰਿਫਾਇਨਰੀ ਪ੍ਰੋਜੈਕਟਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਸਰਕਾਰ ਆਪਣੇ ਰਣਨੀਤਕ ਪੈਟਰੋਲੀਅਮ ਭੰਡਾਰਾਂ ਨੂੰ ਵੀ ਮਜ਼ਬੂਤ ਕਰ ਰਹੀ ਹੈ ਤਾਂ ਜੋ ਕਿਸੇ ਵੀ ਵਿਸ਼ਵ ਪੱਧਰੀ ਸਪਲਾਈ ਸੰਕਟ ਦੌਰਾਨ ਤੇਲ ਦਾ ਲੋੜੀਂਦਾ ਸਟਾਕ ਮੌਜੂਦ ਰਹੇ। ਊਰਜਾ ਮਾਹਿਰਾਂ ਅਤੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਰਿਨਿਊਏਬਲ ਐਨਰਜੀ, ਬਾਇਓਫਿਊਲ ਅਤੇ ਗ੍ਰੀਨ ਹਾਈਡ?ਰੋਜਨ ਹੁਣ ਸਿਰਫ਼ ਵਾਤਾਵਰਣ ਸਬੰਧੀ ਮੁੱਦੇ ਨਹੀਂ ਰਹੇ

# ਮਮਤਾ ਬੈਨਰਜੀ ਨੇ ਕਰ 'ਤਾ ਵੱਡਾ ਐਲਾਨ ! ਭਾਜਪਾ ਖਿਲਾਫ ਸਿਆਸੀ ਤੇ ਕਾਨੂੰਨੀ ਲੜਾਈ ਦਾ ਵਜਾਇਆ ਬਿਗੁਲ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 9 ਮਈ। ਤ੍ਰਿਣਮੂਲ ਕਾਂਗਰਸ ("$3) ਦੀ ਰਾਸ਼ਟਰੀ ਪ੍ਰਧਾਨ ਮਮਤਾ ਬੈਨਰਜੀ ਨੇ ਰਵਿੰਦਰਨਾਥ ਟੈਗੋਰ ਦੀ ਜਯੰਤੀ ਦੇ ਮੌਕੇ 'ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਖਿਲਾਫ ਇੱਕ ਵੱਡੀ ਸਿਆਸੀ ਜੰਗ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਬੰਗਾਲ ਵਿੱਚ 'ਦਹਿਸ਼ਤ ਦਾ ਰਾਜ' ਸ਼ੁਰੂ ਹੋ ਗਿਆ ਹੈ ਤੇ ਉਹ ਇਸ ਵਿਰੁੱਧ ਨੈਤਿਕ ਅਤੇ ਸਿਆਸੀ ਲੜਾਈ ਲੜਨ ਲਈ ਤਿਆਰ ਹਨ। ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਕਾਲੀਘਾਟ ਮੋੜ ਅਤੇ ਫਾਇਰ ਬ੍ਰਿਗੇਡ ਸਟੇਸ਼ਨ ਸਮੇਤ ਤਿੰਨ ਵੱਖ-ਵੱਖ ਥਾਵਾਂ 'ਤੇ ਰਵਿੰਦਰ ਜਯੰਤੀ ਮਨਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੇ ਇਸ ਨੂੰ 'ਤਾਨਾਸ਼ਾਹੀ' ਕਰਾਰ ਦਿੰਦਿਆਂ ਕਿਹਾ ਕਿ ਇਹ ਟੀਐਮਸੀ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਹੈ। ਇਜਾਜ਼ਤ ਨਾ ਮਿਲਣ ਕਾਰਨ ਉਨ੍ਹਾਂ ਨੇ ਆਪਣੇ ਘਰ ਤੇ ਪਾਰਟੀ ਦਫ਼ਤਰ ਦੇ ਬਾਹਰ ਹੀ ਜਯੰਤੀ ਮਨਾਉਣ ਦਾ ਫੈਸਲਾ ਕੀਤਾ। ਮਮਤਾ ਬੈਨਰਜੀ ਨੇ ਕਿਹਾ, ਮੈਂ ਖੁਦ ਇੱਕ ਵਕੀਲ ਹਾਂ ਅਤੇ ਉਹ ਭਾਜਪਾ ਵਿਰੁੱਧ ਅਦਾਲਤ ਅਤੇ ਸਿਆਸੀ ਮੈਦਾਨ ਵਿੱਚ ਖੁੱਲ੍ਹ ਕੇ ਲੜਨਗੇ। ਉਨ੍ਹਾਂ ਦਾਅਵਾ



ਕੀਤਾ ਕਿ ਦੇਸ਼ ਦੇ ਕਈ ਵੱਡੇ ਵਿਰੋਧੀ ਨੇਤਾਵਾਂ ਜਿਵੇਂ ਸੋਨੀਆ ਗਾਂਧੀ, ਰਾਹੁਲ ਗਾਂਧੀ, ਮੱਲਿਕਾਰਜੁਨ ਖੜਗੇ, ਉਧਵ ਠਾਕਰੇ, ਅਖਿਲੇਸ਼ ਯਾਦਵ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਹੈ ਤੇ ਉਹ ਮਿਲ ਕੇ ਇਹ ਲੜਾਈ ਲੜਨਗੇ। ਇਸ ਤੋਂ ਇਲਾਵਾ ਕਪਿਲ ਸਿੱਬਲ ਅਤੇ ਪ੍ਰਸ਼ਾਂਤ ਭੂਸ਼ਣ ਵਰਗੇ ਕਾਨੂੰਨੀ ਮਾਹਿਰ ਵੀ ਇਸ ਲੜਾਈ ਵਿੱਚ ਉਨ੍ਹਾਂ ਦੇ ਨਾਲ ਹਨ। ਮਮਤਾ ਨੇ ਭਾਜਪਾ 'ਤੇ ਟੀਐਮਸੀ ਵਰਕਰਾਂ ਨੂੰ ਪ੍ਰੇਸ਼ਾਨ ਕਰਨ ਦੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਨੇ ਕਿਹਾ ਕਿ ਇੱਕ 92 ਸਾਲਾ ਦਲਿਤ ਮਹਿਲਾ ਅਤੇ ਇੱਕ ਨਵੀਂ ਵਿਆਹੀ ਲਾੜੀ ਨੂੰ ਵੀ ਧਮਕਾ ਕੇ ਘਰੋਂ ਕੱਢ ਦਿੱਤਾ ਗਿਆ ਹੈ। ਉਨ੍ਹਾਂ ਨੇ ਪਾਰਟੀ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨਾਲ ਹਵਾਈ ਅੱਡੇ 'ਤੇ ਹੋਈ ਕਥਿਤ ਬਦਸਲੂਕੀ ਦਾ ਮੁੱਦਾ ਵੀ ਚੁੱਕਿਆ ਅਤੇ ਕਿਹਾ ਕਿ ਉਨ੍ਹਾਂ ਕੋਲ ਇਸ ਸਬੰਧੀ ਸਾਰੇ ਸਬੂਤ ਮੌਜੂਦ ਹਨ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਬੁੱਧਦੇਵ ਭੱਟਾਚਾਰਜੀ ਦੀ ਸੁਰੱਖਿਆ ਹਟਾਉਣ ਲਈ ਵੀ ਭਾਜਪਾ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਜਦੋਂ ਉਹ 2011 ਵਿੱਚ ਸੱਤਾ ਵਿੱਚ ਆਏ ਸਨ, ਤਾਂ ਉਨ੍ਹਾਂ ਨੇ ਵਿਰੋਧੀ ਨੇਤਾਵਾਂ ਦੀ ਸੁਰੱਖਿਆ ਦਾ ਪੂਰਾ ਖਿਆਲ ਰੱਖਿਆ ਸੀ।

# ਭਾਜਪਾ 'ਤੇ ਈਡੀ ਦੀ ਵਰਤੋਂ ਦੇ ਲਾਏ ਜਾ ਰਹੇ ਇਲਜ਼ਾਮ ਬੇਬੁਨਿਆਦ : ਆਰ.ਪੀ. ਸਿੰਘ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 9 ਮਈ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਮੋਦੀ ਸਰਕਾਰ ਅਤੇ ਈਡੀ 'ਤੇ ਲੱਗ ਰਹੇ ਦੋਸ਼ਾਂ ਦਾ ਕਰਾਰਾ ਜਵਾਬ ਦਿੰਦਿਆਂ ਪੰਜਾਬ ਦੀ ਮੌਜੂਦਾ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵੱਲੋਂ ਲਗਾਏ ਜਾ ਰਹੇ ਇਹ ਇਲਜ਼ਾਮ ਕਿ ਭਾਜਪਾ ਈਡੀ ਦੀ ਵਰਤੋਂ ਪਾਰਟੀਆਂ ਤੋੜਨ ਜਾਂ ਨੇਤਾਵਾਂ ਨੂੰ ਡਰਾਉਣ ਲਈ ਕਰ ਰਹੀ ਹੈ, ਪੂਰੀ ਤਰ੍ਹਾਂ ਬੇਬੁਨਿਆਦ ਹਨ। ਆਰ.ਪੀ. ਸਿੰਘ ਨੇ ਪੰਜਾਬ ਦੇ ਮੰਤਰੀ ਲਾਲਜੀਤ ਸਿੰਘ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਭ੍ਰਿਸ਼ਟਾਚਾਰ ਅਤੇ ਕਤਲ ਦੇ ਮਾਮਲਿਆਂ 'ਚ ਜੇਲ੍ਹ 'ਚ ਹਨ। ਉਨ੍ਹਾਂ ਦਾਅਵਾ ਕੀਤਾ ਕਿ ਮੰਤਰੀ ਨੇ ਇਕ ਸਰਕਾਰੀ ਅਧਿਕਾਰੀ 'ਤੇ ਕਿਸੇ ਖਾਸ ਵਿਅਕਤੀ ਨੂੰ ਠੇਕਾ ਦੇਣ ਲਈ ਨਾਜਾਇਜ਼ ਦਬਾਅ ਪਾਇਆ ਸੀ। ਜਦੋਂ ਅਧਿਕਾਰੀ ਨੇ ਮਨ੍ਹਾ ਕੀਤਾ, ਤਾਂ ਉਸ 'ਤੇ ਇੰਨਾ ਦਬਾਅ ਬਣਾਇਆ ਗਿਆ ਕਿ ਉਸ ਨੇ ਅੰਤ 'ਚ ਖੁਦਕੁਸ਼ੀ ਕਰ ਲਈ। ਮਰਨ ਤੋਂ ਪਹਿਲਾਂ ਉਹ ਅਧਿਕਾਰੀ ਆਪਣੇ ਪਿੱਛੇ ਭ੍ਰਿਸ਼ਟਾਚਾਰ ਦਾ ਪੂਰਾ ਹਿਸਾਬ-ਕਿਤਾਬ ਲਿਖ ਕੇ ਛੱਡ ਗਿਆ ਸੀ। ਉਨ੍ਹਾਂ ਸਵਾਲ ਕੀਤਾ ਕਿ ਅਜਿਹੇ ਗੰਭੀਰ ਮਾਮਲਿਆਂ 'ਚ



ਸ਼ਾਮਲ ਨੇਤਾਵਾਂ ਵਿਰੁੱਧ ਕਾਰਵਾਈ ਨੂੰ ਗਲਤ ਕਿਵੇਂ ਠਹਿਰਾਇਆ ਜਾ ਸਕਦਾ ਹੈ? ਬੁਲਾਰੇ ਨੇ 'ਆਪ' ਆਗੂ ਸੰਜੀਵ ਅਰੋੜਾ ਨੂੰ ਬਾਰੇ ਕਿਹਾ ਕਿ ਉਨ੍ਹਾਂ ਵਿਰੁੱਧ ਲੈਂਡ ਯੂਜ਼ ਚੇਂਜ (3*") ਦੇ ਮਾਮਲੇ ਚੱਲ ਰਹੇ ਹਨ, ਜਿੱਥੇ ਜ਼ਮੀਨਾਂ ਕਿਸੇ ਹੋਰ ਕੰਮ ਲਈ ਲਈਆਂ ਗਈਆਂ ਸਨ ਪਰ ਵਰਤੋਂ ਕਿਸੇ ਹੋਰ ਮਕਸਦ ਲਈ ਕੀਤੀ ਗਈ। ਇਸ ਤੋਂ ਇਲਾਵਾ ਉਨ੍ਹਾਂ 'ਤੇ ਵਿਦੇਸ਼ਾਂ 'ਚ ਪੈਸਾ ਗੈਰ-ਕਾਨੂੰਨੀ ਤਰੀਕੇ ਨਾਲ ਭੇਜਣ ਦੇ ਵੀ ਦੋਸ਼ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ। ਆਰ.ਪੀ. ਸਿੰਘ ਨੇ ਪੰਜਾਬ 'ਚ ਹੋਈ ਇਕ ਤਾਜ਼ਾ ਰੇਡ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਕ 'ਆਪ' ਨਾਲ ਜੁੜੇ ਇਕ ਵਿਅਕਤੀ ਦੇ ਘਰ ਜਦੋਂ ਛਾਪਾ ਮਾਰਿਆ ਗਿਆ, ਤਾਂ ਉਸ ਨੇ ਆਪਣੀ ਛੱਤ ਤੋਂ ਕਰੰਸੀ ਅਤੇ ਨੋਟਾਂ ਨਾਲ ਭਰੇ ਵੱਡੇ-ਵੱਡੇ ਅਟੈਚੀ ਹੇਠਾਂ ਸੁੱਟ ਦਿੱਤੇ ਸਨ। ਉਨ੍ਹਾਂ ਕਿਹਾ ਕਿ ਇਹ ਘਟਨਾ ਸਾਬਤ ਕਰਦੀ ਹੈ ਕਿ ਪੰਜਾਬ ਸਰਕਾਰ ਭ੍ਰਿਸ਼ਟਾਚਾਰ 'ਚ ਪੂਰੀ ਤਰ੍ਹਾਂ ਡੁੱਬੀ ਹੋਈ ਹੈ। ਭਾਜਪਾ ਬੁਲਾਰੇ ਨੇ ਅੰਤ 'ਚ ਕਿਹਾ ਕਿ ਜਦੋਂ ਵੀ ਭ੍ਰਿਸ਼ਟਾਚਾਰ ਵਿਰੁੱਧ ਕੋਈ ਕਾਰਵਾਈ ਹੁੰਦੀ ਹੈ, ਚਾਹੇ ਉਹ ਸਥਾਨਕ ਦਬਾਅ ਕਾਰਨ ਹੋਵੇ ਜਾਂ ਈਡੀ ਦੀ ਜਾਂਚ ਰਾਹੀਂ ਤਾਂ ਇਹ ਨੇਤਾ 'ਹਾਏ-ਤੌਬਾ' ਮਚਾਉਣਾ ਸ਼ੁਰੂ ਕਰ ਦਿੰਦੇ ਹਨ ਤਾਂ ਜੋ ਆਪਣੇ ਗੁਨਾਹਾਂ ਨੂੰ ਲੁਕਾ ਸਕਣ।

# ਯੋਗੀ ਕੈਬਨਿਟ ਦਾ ਭਲਕੇ ਹੋ ਸਕਦੈ ਵਿਸਥਾਰ ! ਮੁੱਖ ਮੰਤਰੀ ਨੇ ਰਾਜਪਾਲ ਨਾਲ ਕੀਤੀ ਮੁਲਾਕਾਤ

ਨੈਸ਼ਨਲ ਡੈਸਕ 9 ਮਈ। ਉੱਤਰ ਪ੍ਰਦੇਸ਼ ਵਿੱਚ ਯੋਗੀ ਕੈਬਨਿਟ ਦੇ ਵਿਸਥਾਰ ਦੀਆਂ ਤਿਆਰੀਆਂ ਤੇਜ਼ ਹੋ ਗਈਆਂ ਹਨ। ਸੂਤਰਾਂ ਅਨੁਸਾਰ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਰਾਜਪਾਲ ਆਨੰਦੀਬੇਨ ਪਟੇਲ ਨਾਲ ਮੁਲਾਕਾਤ ਕੀਤੀ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਭਲਕੇ (ਐਤਵਾਰ ਨੂੰ) ਨਵੇਂ ਮੰਤਰੀਆਂ ਦਾ ਸਹੁੰ ਚੁੱਕ ਸਮਾਗਮ ਹੋ ਸਕਦਾ ਹੈ,। ਮੌਜੂਦਾ ਮੰਤਰੀ ਮੰਡਲ ਵਿੱਚ 6 ਅਹੁਦੇ ਖਾਲੀ ਹਨ ਅਤੇ ਖ਼ਬਰਾਂ ਅਨੁਸਾਰ ਲਗਭਗ ਅੱਧਾ ਦਰਜਨ ਨਵੇਂ ਮੰਤਰੀਆਂ ਦੇ ਨਾਮ ਫਾਈਨਲ ਹੋ ਚੁੱਕੇ ਹਨ,। ਕੁਝ ਸੰਭਾਵਿਤ ਵਿਧਾਇਕਾਂ ਨੂੰ ਲਖਨਊ ਪਹੁੰਚਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਕ੍ਰਿਸ਼ਨਾ ਪਾਸਵਾਨ, ਮਨੋਜ ਪਾਂਡੇ ਅਤੇ ਰੋਮੀ ਸਾਹਨੀ ਪਹਿਲਾਂ ਹੀ ਲਖਨਊ ਪਹੁੰਚ ਚੁੱਕੇ ਹਨ। ਇਸ ਤੋਂ ਇਲਾਵਾ ਭੂਪੇਂਦਰ ਚੌਧਰੀ ਅਤੇ ਪੂਜਾ ਪਾਲ ਦੇ ਨਾਵਾਂ ਦੀ ਵੀ ਚਰਚਾ ਚੱਲ ਰਹੀ ਹੈ। ਇਹ ਕੈਬਨਿਟ ਵਿਸਥਾਰ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ,। ਇਸ ਫੇਰਬਦਲ ਰਾਹੀਂ ਸਰਕਾਰ ਦਾ ਮੁੱਖ ਮਕਸਦ ਖੇਤਰੀ ਅਤੇ ਸਮਾਜਿਕ ਸੰਤੁਲਨ ਬਣਾਉਣਾ ਹੈ। ਖਾਸ ਤੌਰ 'ਤੇ ਅਗੜੀ ਜਾਤੀ, ਗੈਰ-ਯਾਦਵ ਓ.ਬੀ.ਸੀ., ਅਤਿ-ਪਿਛੜੇ ਅਤੇ ਗੈਰ-ਜਾਟਵ ਵੋਟ ਬੈਂਕ ਨੂੰ ਸਾਧਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਨਵੇਂ ਮੰਤਰੀਆਂ



ਦੇ ਸ਼ਾਮਲ ਹੋਣ ਦੇ ਨਾਲ-ਨਾਲ, ਕੁਝ ਮੌਜੂਦਾ ਮੰਤਰੀਆਂ ਦੇ ਵਿਭਾਗਾਂ ਵਿੱਚ ਫੇਰਬਦਲ ਹੋ ਸਕਦਾ ਹੈ ਅਤੇ ਕੁਝ ਮੰਤਰੀਆਂ ਨੂੰ ਸੰਗਠਨ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ,। ਹਾਲਾਂਕਿ, ਇਹ ਵਿਸਥਾਰ ਸੰਖੇਪ ਪਰ ਪ੍ਰਭਾਵਸ਼ਾਲੀ ਹੋਣ ਦੀ ਉਮੀਦ ਹੈ।

### ਪੰਜਾਬ 'ਚ ਵਧਦੇ ਜਾ ਰਹੇ 'ਨਸ਼ੇ' 'ਤੇ ਸੁਪਰੀਮ ਕੋਰਟ ਸਖ਼ਤ

ਨਵੀਂ ਦਿੱਲੀ 9 ਮਈ। ਸੁਪਰੀਮ ਕੋਰਟ ਨੇ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੇ ਵਧਦੇ ਖ਼ਤਰੇ 'ਤੇ ਸ਼ੁੱਕਰਵਾਰ ਨੂੰ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ ਇਸ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ 'ਖ਼ਤਰਨਾਕ' ਹਨ। ਅਦਾਲਤ ਨੇ ਸੂਬੇ ਵਿਚ ਨਸ਼ੀਲੇ ਪਦਾਰਥਾਂ ਨਾਲ ਨਜਿੱਠਣ ਦੇ ਤਰੀਕੇ ਵਿਚ ਵੱਡੇ ਬਦਲਾਅ ਦੀ ਲੋੜ ਦੱਸੀ। ਚੀਫ਼ ਜਸਟਿਸ ਸੂਰਿਆਕਾਂਤ ਅਤੇ



ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਨੇ ਹਾਲ ਹੀ ਦੀ ਇਕ ਘਟਨਾ ਦਾ ਜ਼ਿਕਰ ਕੀਤਾ ਜਿਸ ਵਿਚ ਇਕ ਮਾਂ ਨੇ ਆਪਣੇ ਸਾਰੇ 5 ਪੁੱਤਰਾਂ ਨੂੰ ਨਸ਼ਿਆਂ ਕਾਰਨ ਗੁਆ ਦਿੱਤਾ ਸੀ। ਚੀਫ਼ ਜਸਟਿਸ ਨੇ ਕਿਹਾ ਕਿ ਦੇਖੋ ਅਸੀਂ ਕੀ ਪੜ੍ਹਿ ਆ। ਇਕ ਮਾਂ ਰੋ ਰਹੀ ਹੈ। ਉਸ ਨੇ ਆਪਣੇ ਸਾਰੇ ਬੱਚਿਆਂ ਨੂੰ ਨਸ਼ਿਆਂ ਕਾਰਨ ਗੁਆ ਦਿੱਤਾ, ਪੁਲਸ ਨੂੰ ਸੰਵੇਦਨਸ਼ੀਲ ਬਣਾਉਣ ਦੀ ਲੋੜ ਹੈ। ਬੈਂਚ ਨੇ ਕਿਹਾ ਕਿ ਨਸ਼ਿਆਂ ਦਾ ਖ਼ਤਰਾ ਉਸ ਪੱਧਰ 'ਤੇ ਪਹੁੰਚ ਗਿਆ ਹੈ ਜਿੱਥੇ ਕੇਂਦਰ ਸਰਕਾਰ ਦਾ ਦਖ਼ਲ ਜ਼ਰੂਰੀ ਹੋ ਸਕਦਾ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਸ਼ਾਇਦ ਕੇਂਦਰ ਸਰਕਾਰ ਦੇ ਦਖ਼ਲ ਦੀ ਲੋੜ ਪਵੇ। ਪਰ ਜਦੋਂ ਉਹ ਦਖ਼ਲ ਦੇਵੇ, ਤਾਂ ਇਹ ਨਾ ਸਮਝਿਆ ਜਾਵੇ ਕਿ ਕੇਂਦਰ ਦਖ਼ਲਅੰਦਾਜ਼ੀ ਕਰ ਰਿਹਾ ਹੈ। ਉਨ੍ਹਾਂ ਸੂਬੇ ਅਤੇ ਕੇਂਦਰ ਦੀਆਂ ਏਜੰਸੀਆਂ ਨੂੰ ਨਸ਼ਿਆਂ ਦੇ ਖ਼ਤਰੇ ਨੂੰ ਖ਼ਤਮ ਕਰਨ ਦੇ ਇਕੋ ਟੀਚੇ ਵੱਲ ਕੰਮ ਕਰਨ ਲਈ ਕਿਹਾ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ 50 ਰੁਪਏ ਵਿਚ ਐਮ ਆਰ ਆਈ ਦੀ ਸੇਵਾ ਮਗਰੋਂ ਬੰਗਲਾ ਸਾਹਿਬ ਵਿਖੇ ਸਸਤੀ ਐਂਡੋਸਕੋਪੀ ਤੇ ਮਿੰਨੀ ਓ ਟੀ ਸੇਵਾ ਸ਼ੁਰੂ: ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 9 ਮਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਡੀਕਲ ਖੇਤਰ ਵਿਚ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਵਿਚ ਉਦੋਂ ਇਕ ਵਿਸ਼ਾਲ ਵਿਸਥਾਰ ਹੋਇਆ ਜਦੋਂ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਚਲਾਏ ਜਾ ਰਹੇ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਵਿਚ ਐਂਡੋਸਕੋਪੀ ਮਸ਼ੀਨ ਦੇ ਟੈਸਟਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਅਤੇ ਇਸਦੇ ਨਾਲ ਹੀ ਮਿੰਨੀ ਆਪ੍ਰੇਸ਼ਨ ਥੀਏਟਰ ਵੀ ਸ਼ੁਰੂ ਕੀਤਾ ਗਿਆ ਜਿਸਦਾ ਅੱਜ ਅਰਦਾਸ ਤੋਂ ਬਾਅਦ ਉਦਘਾਟਨ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਹਨਾਂ ਟੈਸਟਾਂ ਦੀ ਸ਼ੁਰੂਆਤ ਵਾਸਤੇ ਸਾਡੇ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਦੇ ਚੇਅਰਮੈਨ ਸਰਦਾਰ ਭੁਪਿੰਦਰ ਸਿੰਘ ਭੁੱਲਰ ਤੇ ਉਹਨਾਂ ਦੀ ਟੀਮ ਨੇ ਬਹੁਤ ਮਿਹਨਤ ਕੀਤੀ ਹੈ। ਉਹਨਾਂ ਦੱਸਿਆ ਕਿ ਕਮੇਟੀ ਨੂੰ ਇਸ ਮਾਮਲੇ ਵਿਚ ਸਰਦਾਰ ਹਰਜੀਤ ਸਿੰਘ ਗੁਗਲਾਨੀ, ਉਹਨਾਂ ਦੇ ਧਰਮ ਪਤਨੀ ਸਰਦਾਰਨੀ ਭੁਪਿੰਦਰ ਕੌਰ ਗੁਗਲਾਨੀ ਤੇ ਰਮਨਜੀਤ ਕੌਰ ਸਮੇਤ ਸਮੁੱਚੇ ਗੁਗਲਾਨੀ ਪਰਿਵਾਰ ਦਾ ਬਹੁਤ ਵੱਡਮੁੱਲਾ ਸਹਿਯੋਗ ਮਿਲਿਆ ਹੈ ਜਿਸ ਸਦਕਾ ਇਹ ਸੇਵਾਵਾਂ ਸ਼ੁਰੂ ਹੋ ਸਕੀਆਂ ਹਨ। ਉਹਨਾਂ ਦੱਸਿਆ ਕਿ ਮਾਰਕੀਟ ਵਿਚ ਜਿਹੜਾ ਟੈਸਟ 10 ਹਜ਼ਾਰ ਰੁਪਏ ਤੇ ਹਸਪਤਾਲਾਂ ਵਿਚ 20 ਹਜ਼ਾਰ ਰੁਪਏ ਵਿਚ ਹੁੰਦਾ ਹੈ, ਉਹ ਇਥੇ ਸਿਰਫ ਇਕ ਹਜ਼ਾਰ ਰੁਪਏ ਵਿਚ ਕਰਵਾਇਆ ਜਾ ਸਕੇਗਾ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਅਸੀਂ ਸਿਰਫ 50 ਰੁਪਏ ਵਿਚ ਸੀਟੀ ਸਕੈਨ, ਐਮ ਆਰ ਆਈ ਆਦਿ ਟੈਸਟ ਕਰਦੇ ਹਾਂ ਤੇ ਹੁਣ ਟੈਸਟਾਂ ਦੇ ਅਗਲੇ ਪੜਾਅ ਵਿਚ ਇਹ ਨਵੀਂ ਸ਼ੁਰੂਆਤ ਹੋਈ ਹੈ। ਇਸ ਤੋਂ ਪਹਿਲਾਂ ਪੈਟ ਸਕੈਨ ਟੈਸਟ ਸ਼ੁਰੂ ਹੋਏ ਸਨ। ਉਹਨਾਂ ਕਿਹਾ ਕਿ ਇਹ ਐਂਡੋਸਕੋਪੀ ਮਸ਼ੀਨ ਲੱਗਣ ਨਾਲ ਗੈਸਟਰੋਸਕੋਪੀ ਤੇ ਕਲੋਸਕੋਪੀ ਆਦਿ ਟੈਸਟ ਵੀ ਹੋ ਸਕਣਗੇ। ਉਹਨਾਂ ਦੱਸਿਆ ਕਿ ਅਸੀਂ ਇਕ ਮਿੰਨੀ




ਅਪਰੇਸ਼ਨ ਥੀਏਟਰ ਚਾਲੂ ਕੀਤਾ ਹੈ ਜਿਸ ਵਿਚ 25 ਤੋਂ 26 ਕਿਸਮ ਦੇ ਅਪਰੇਸ਼ਨ ਹੋਣਗੇ। ਉਹਨਾਂ ਕਿਹਾ ਕਿ ਸੰਗਤ ਵਿਚ ਵਿਸ਼ਵਾਸ ਹੈ ਕਿ ਇਥੇ ਲਗਾਇਆ ਦਸਵੰਧ ਸਹੀ ਤਰੀਕੇ ਵਰਤੋਂ ਵਿਚ ਆ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਸਮੁੱਚੇ ਕਾਰਜਾਂ ਵਾਸਤੇ ਬਾਬਾ ਬਚਨ ਸਿੰਘ ਦੀ ਸੰਪਰਆ ਅਤੇ ਬਾਬਾ ਸਤਨਾਮ ਸਿੰਘ ਜੀ ਦੇ ਕੋਟਿ ਕੋਟਿ ਧੰਨਵਾਦੀ ਹਾਂ। ਇਸ ਮੌਕੇ ਪੋਲੀਕਲੀਨਿਕ ਦੇ ਚੇਅਰਮੈਨ ਭੁਪਿੰਦਰ ਸਿੰਘ ਭੁੱਲਰ, ਜਸਵਿੰਦਰ ਸਿੰਘ ਜੌਲੀ ਜਿਹੜੇ ਗੁਗਲਾਨੀ ਸਾਹਿਬ ਨਾਲ ਜੁੜੇ ਹਨ, ਨੇ ਦੱਸਿਆ ਕਿ ਬਰੋਨੋਸਕੋਪੀ ਦੇ ਟੈਸਟ ਵੀ ਇਥੇ ਹੋ ਸਕਣਗੇ। ਉਹਨਾਂ ਕਿਹਾ ਕਿ ਅਲਟਰਾ ਸਾਊਂਡ ਦੇ ਨਾਲ-ਨਾਲ ਕਲਰ ਡੋਪਲਰ ਟੈਸਟ ਤੇ ਈਕੋ ਟੈਸਟ ਵੀ ਸ਼ੁਰੂ ਕੀਤੇ ਗਏ ਹਨ। ਉਹਨਾਂ ਕਿਹਾ ਕਿ ਇਸਦੇ ਨਾਲ ਹੀ ਅੱਖਾਂ ਦੇ ਅਪਰੇਸ਼ਨ ਵੀ ਨਾਮ ਮਾਤਰ ਰੇਟ 'ਤੇ ਹੋਣਗੇ ਜਿਸਦਾ ਲਾਭ ਸੰਗਤਾਂ ਨੂੰ ਮਿਲੇਗਾ। ਉਹਨਾਂ ਕਿਹਾ ਕਿ ਅਸੀਂ ਸੰਗਤਾਂ ਨੂੰ ਮੈਡੀਕਲ ਖੇਤਰ ਵਿਚ ਵੱਧ ਤੋਂ ਵੱਧ ਸਹੂਲਤਾਂ ਦੇਣ ਵਾਸਤੇ ਵਚਨਬੱਧ ਹਾਂ ਤੇ ਇਸ ਮਾਮਲੇ ਵਿਚ ਹੋਰ ਮਿਹਨਤ ਕਰਦੇ ਰਹਾਂਗੇ। ਇਸ ਮੌਕੇ ਜਸਵਿੰਦਰ ਸਿੰਘ ਜੌਲੀ, ਡਾਕਟਰ ਸੱਗੂ ਅਤੇ ਡਾਕਟਰ ਲੰਬਾ ਵੀ ਮੌਜੂਦ ਰਹੇ।

# ਜਲੰਧਰ 'ਚ ਡੰਪ 'ਚ ਪਏ ਕੂੜੇ ਨੂੰ ਲੱਗੀ ਅੱਗ, ਰੇਲਵੇ ਲਾਈਨ ਕੋਲ ਹੋ ਸਕਦਾ ਸੀ ਵੱਡਾ ਹਾਦਸਾ

**ਕੌਮੀ ਪੱਤ੍ਰਿਕਾ**

ਜਲੰਧਰ 9 ਮਈ। ਜੋਤੀ ਨਗਰ ਸਥਿਤ ਕੂੜੇ ਦੇ ਡੰਪ 'ਤੇ ਸ਼ਨੀਵਾਰ ਬਾਅਦ ਦੁਪਹਿਰ ਅਚਾਨਕ ਅੱਗ ਲੱਗ ਗਈ। ਵੇਖਦੇ ਹੀ ਵੇਖਦੇ ਅੱਗ ਨੇ ਭਿਆਨਕ ਰੂਪ ਧਾਰ ਲਿਆ ਅਤੇ ਅੱਗ ਦੀਆਂ ਲਾਟਾਂ ਰੇਲਵੇ ਲਾਈਨਾਂ ਤਕ ਪਹੁੰਚ ਗਈਆਂ। ਮੌਕੇ ਤੋਂ ਲੰਘ ਰਹੀ ਇਕ ਰੇਲ ਗੱਡੀ ਕਾਰਨ ਲੋਕਾਂ ਵਿਚ ਦਹਿਸ਼ਤ ਫੈਲ ਗਈ। ਖ਼ਾਸ ਗੱਲ ਇਹ ਰਹੀ ਕਿ ਡੰਪ ਦੇ ਬਿਲਕੁਲ ਨੇੜੇ ਪੈਟਰੋਲ ਪੰਪ ਸਥਿਤ ਹੈ, ਜਿੱਥੇ ਹਜ਼ਾਰਾਂ ਲੀਟਰ ਜਲਣਸ਼ੀਲ ਤੇਲ ਰੱਖਿਆ ਰਹਿੰਦਾ ਹੈ। ਅਜਿਹੇ ਵਿਚ ਇਲਾਕਾ ਵਾਸੀਆਂ ਨੂੰ ਖ਼ਦਸ਼ਾ ਸੀ ਕਿ ਜੇਕਰ ਅੱਗ ਥੋੜ੍ਹੀ ਹੋਰ ਵਧ ਜਾਂਦੀ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਸੂਚਨਾ ਮਿਲਦੇ ਹੀ ਮੇਅਰ ਵਿਨੀਤ ਧੀਰ ਦੇ ਨਿਰਦੇਸ਼ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਇਆ। ਇਲਾਕਾ ਦੇ ਕੌਂਸਲਰ ਕੰਵਰ ਸਰਤਾਜ ਸਿੰਘ ਨੇ ਵੀ ਤੁਰੰਤ ਮੇਅਰ ਨਾਲ ਗੱਲ ਕਰਕੇ ਸਥਿਤੀ ਨੂੰ ਕੰਟਰੋਲ ਵਿਚ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ। ਜ਼ਿਕਰਯੋਗ ਹੈ ਕਿ ਜੋਤੀ ਨਗਰ ਡੰਪ ਸ਼ਹਿਰ ਦੇ ਸਭ ਤੋਂ ਵਿਵਾਦਿਤ ਡੰਪਾਂ ਵਿਚੋਂ ਇਕ ਹੈ। ਇਹ ਅਰਬਨ ਅਸਟੇਟ ਫੇਜ਼-2 ਦੀ ਪਾਸ਼ ਮਾਰਕਿਟ ਅਤੇ ਸੰਘਣੀ ਆਬਾਦੀ ਦੇ ਬਿਲਕੁਲ ਸਾਹਮਣੇ ਸਥਿਤ ਹੈ। ਨਗਰ ਨਿਗਮ ਨੇ ਭਾਵੇਂ ਇਸ ਦੀ ਚਾਰਦੀਵਾਰੀ ਕੀਤੀ ਹੋਈ ਹੈ ਪਰ ਅਕਸਰ ਸਫ਼ਾਈ ਕਰਮਚਾਰੀ ਅਤੇ ਰੈਗ ਪਿਕਰਸ ਕੂੜਾ ਰੇਲਵੇ ਲਾਈਨਾਂ ਕਿਨਾਰੇ ਸੁੱਟ ਦਿੰਦੇ ਹਨ। ਕਈ ਵਾਰ ਡੰਪ ਤੋਂ ਕੂੜੇ ਦੀ ਲਿਫ਼ਟਿੰਗ ਸਹੀ ਢੰਗ ਨਾਲ ਨਾ ਹੋਣ ਕਾਰਨ ਕੂੜੇ ਦੇ ਢੇਰ ਜਮ?ਹਾ ਰਹਿੰਦੇ ਹਨ। ਪਿਛਲੇ 2 ਦਿਨਾਂ ਤੋਂ ਮੇਅਰ ਲਗਾਤਾਰ ਡੰਪ ਦਾ ਦੌਰਾ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਇਥੋਂ ਕੂੜੇ ਦੀ ਸਮੇਂ 'ਤੇ ਲਿਫਟਿੰਗ ਨਹੀਂ ਹੋ ਰਹੀ। ਸ਼ਨੀਵਾਰ ਨੂੰ ਵੀ ਡੰਪ 'ਤੇ ਭਾਰੀ ਮਾਤਰਾ ਵਿਚ ਕੂੜਾ ਪਿਆ ਹੋਇਆ ਸੀ। ਅਚਾਨਕ ਅੱਗ ਲੱਗਣ ਨਾਲ ਹਾਲਾਤ ਚਿੰਤਾਜਨਕ ਬਣ ਗਏ। ਅੱਗ ਲੱਗਣ ਤੋਂ ਬਾਅਦ ਡੰਪ 'ਤੇ ਪਏ ਕੂੜੇ ਦੇ ਢੇਰ ਘੰਟਿਆਂਬੱਧੀ ਸੜਦੇ ਰਹੇ। ਇਸ ਤੋਂ ਉੱਠੇ ਜ਼ਹਿਰੀਲੇ ਧੂੰਏਂ ਨੇ ਅਰਬਨ ਅਸਟੇਟ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ



ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ। ਕਈ ਲੋਕਾਂ ਨੇ ਸਾਹ ਲੈਣ ਵਿਚ ਤਕਲੀਫ ਅਤੇ ਦਮ ਘੁਟਣ ਦੀ ਸ਼ਿਕਾਇਤ ਕੀਤੀ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਡੰਪ ਤੋਂ ਪਹਿਲਾਂ ਹੀ ਸਾਰਾ ਦਿਨ ਬਦਬੂ ਅਤੇ ਗੰਦਗੀ ਫੈਲੀ ਰਹਿੰਦੀ ਹੈ ਅਤੇ ਹੁਣ ਅੱਗ ਲੱਗਣ ਨਾਲ ਹਾਲਾਤ ਹੋਰ ਵੀ ਗੰਭੀਰ ਹੋ ਗਏ। ਨਿਵਾਸੀਆਂ ਨੇ ਨਗਰ ਨਿਗਮ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਡੰਪ ਨੂੰ ਤੁਰੰਤ ਇਥੋਂ ਸ਼ਿਫਟ ਕੀਤਾ ਜਾਵੇ ਕਿਉਂਕਿ ਇਹ ਇਲਾਕਾ ਕੂੜੇ ਦੇ ਡੰਪ ਲਈ ਬਿਲਕੁਲ ਵੀ ਢੁੱਕਵਾਂ ਨਹੀਂ ਹੈ ਅਤੇ ਇਥੇ ਹਰ ਸਮੇਂ ਵੱਡਾ ਹਾਦਸਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਅਰਬਨ ਅਸਟੇਟ-ਜੋਤੀ ਨਗਰ ਡੰਪ ਸਾਈਟ 'ਤੇ ਲੱਗੀ ਅੱਗ ਤੋਂ ਬਾਅਦ ਮੌਕੇ ਦਾ ਜਾਇਜ਼ਾ ਲੈਣ ਪਹੁੰਚੇ ਹਲਕਾ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਇਹ ਘਟਨਾ ਬੇਹੱਦ ਖ਼ਤਰਨਾਕ ਸਾਬਿਤ ਹੋ ਸਕਦੀ ਸੀ। ਜੇਕਰ ਫਾਇਰ ਬ੍ਰਿਗੇਡ ਸਮੇਂ 'ਤੇ ਨਾ ਪਹੁੰਚਦੀ ਤਾਂ ਹਾਲਾਤ ਭਿਆਨਕ ਹੋ ਜਾਂਦੇ। ਪਰਗਟ ਸਿੰਘ ਨੇ ਕਿਹਾ ਕਿ ਜੋਤੀ ਨਗਰ ਡੰਪ ਰੈਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ ਇਲਾਕੇ ਵਿਚਕਾਰ ਹੋਣਾ ਬੇਹੱਦ ਖ਼ਤਰਨਾਕ ਹੈ। ਆਲੇ-ਦੁਆਲੇ ਵੱਡੀਆਂ-ਵੱਡੀਆਂ ਕੋਠੀਆਂ, ਸ਼ੋਅਰੂਮ ਅਤੇ ਮਾਰਕੀਟ ਹੈ। ਲੋਕ ਕਰੋੜਾਂ ਰੁਪਏ ਲਾ ਕੇ ਕਾਰੋਬਾਰ ਕਰ ਰਹੇ ਹਨ ਪਰ ਕੂੜੇ ਦੀ ਬਦਬੂ ਅਤੇ ਪ੍ਰਦੂਸ਼ਣ ਨਾਲ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਇਥੋਂ ਤਕ ਕਿ ਕਈ ਵਾਰ ਲੋਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਦੇ ਕੰਮਕਾਜ 'ਤੇ ਵੀ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਲੰਮੇ ਸਮੇਂ ਤੋਂ ਇਸ ਡੰਪ ਨੂੰ ਬੰਦ ਕਰਨ ਦੀ ਮੰਗ ਕਰ ਰਹੇ ਹਨ। ਧਰਨੇ ਵੀ ਦੇ ਚੁੱਕੇ ਹਨ ਪਰ ਨਗਰ ਨਿਗਮ ਅਤੇ ਪ੍ਰਸ਼ਾਸਨ ਹੁਣ ਤਕ ਠੋਸ ਕਾਰਵਾਈ ਨਹੀਂ ਕਰ ਸਕੇ ਹਨ। ਪਰਗਟ ਸਿੰਘ ਨੇ ਸਪੱਸ਼ਟ ਕੀਤਾ ਕਿ ਇਸ ਡੰਪ ਨੂੰ ਬੰਦ ਕਰਵਾਉਣ ਲਈ ਉਹ ਇਲਾਕਾ ਵਾਸੀਆਂ ਦੇ ਨਾਲ ਖੜ੍ਹੇ ਹਨ ਅਤੇ ਸਾਰੇ ਮਿਲ ਕੇ ਰਣਨੀਤੀ ਬਣਾ ਕੇ ਇਕਜੁੱਟਤਾ ਨਾਲ ਅੱਗੇ ਵਧਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਅਤੇ ਸਿਹਤ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਇਸ ਮੁੱਦੇ ਨੂੰ ਉਹ ਹਰ ਪੱਧਰ 'ਤੇ ਚੁੱਕਣਗੇ।

# ਜਲੰਧਰ ਦਾ ਡਾਕਟਰ ਗ੍ਰਿਫ਼ਤਾਰ ! ਕਾਰਨਾਮਾ ਅਜਿਹਾ ਜਿਸ ਨੂੰ ਜਾਣ ਨਹੀਂ ਹੋਵੇਗਾ ਯਕੀਨ

**ਕੌਮੀ ਪੱਤ੍ਰਿਕਾ**

ਜਲੰਧਰ 9 ਮਈ। ਜਲੰਧਰ ਦੇ ਮਕਸੂਦਾਂ ਪੁਲਸ ਸਟੇਸ਼ਨ ਦੀ ਪੁਲਸ ਨੇ ਵੀਰਵਾਰ ਦੇਰ ਸ਼ਾਮ ਬੁਲੰਦਪੁਰ ਪਿੰਡ ਦੇ ਇਕ ਵੈਟਰਨਰੀ ਡਾਕਟਰ ਅਮਰਜੀਤ ਸਿੰਘ ਨੂੰ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਐਕਟ ਦੇ ਤਹਿਤ ਗ੍ਰਿਫ਼ਤਾਰ ਕੀਤਾ। ਇਹ ਗ੍ਰਿਫ਼ਤਾਰੀ 13 ਸਾਲਾ ਲੜਕੇ ਦੇ ਕਥਿਤ ਸਰੀਰਕ ਸ਼ੋਸ਼ਣ ਦੇ ਸਬੰਧ ਵਿੱਚ ਕੀਤੀ ਗਈ ਸੀ। ਐੱਫ਼. ਆਈ. ਆਰ. ਨੰਬਰ 152 ਵਿੱਚ ਦੋਸ਼ੀ ਡਾਕਟਰ 'ਤੇ ਪਹਿਲਾਂ ਨਾਬਾਲਗ ਨਿਆਂ ਐਕਟ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ ਲਗਾਇਆ ਗਿਆ ਸੀ। ਹਾਲਾਂਕਿ ਪੀੜਤ ਵੱਲੋਂ ਅਦਾਲਤ ਵਿੱਚ ਸਰੀਰਕ ਸ਼ੋਸ਼ਣ ਦਾ ਦੋਸ਼ ਲਗਾਏ ਜਾਣ ਤੋਂ ਬਾਅਦ ਪੁਲਸ ਨੇ ਪੋਕਸੋ ਐਕਟ ਦੀਆਂ ਧਾਰਾਵਾਂ ਜੋੜੀਆਂ। ਪੁਲਸ ਮੁਤਾਬਕ ਇਹ ਘਟਨਾ 19 ਜੂਨ ਨੂੰ ਵਾਪਰੀ ਸੀ। ਜਦੋਂ ਲੜਕਾ ਇਕ ਮੰਦਿਰ ਨੇੜੇ ਖੜ੍ਹਾ ਸੀ। ਡਾਕਟਰ ਅਮਰਜੀਤ ਉਸ ਨੂੰ ਆਪਣੀ ਸਾਈਕਲ 'ਤੇ ਆਪਣੇ ਫਾਰਮ ਹਾਊਸ ਲੈ ਗਿਆ, ਜਿੱਥੇ ਉਸ ਨੇ ਉਸ 'ਤੇ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਲੜਕਾ ਭੱਜਣ ਵਿੱਚ ਕਾਮਯਾਬ ਹੋ ਗਿਆ। ਬੱਚੇ ਦੇ ਪਿਤਾ ਜੋਕਿ ਮੂਲ ਰੂਪ ਵਿੱਚ ਝਾਰਖੰਡ ਦੇ ਰਹਿਣ ਵਾਲੇ ਹਨ, ਨੇ 18 ਜੁਲਾਈ ਨੂੰ ਮਕਸੂਦਾਂ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਮਾਮਲਾ ਦਰਜ ਕੀਤਾ ਗਿਆ। ਡਾ. ਅਮਰਜੀਤ ਨੇ ਆਪਣੇ ਖ਼?ਲਾਫ਼ ਲੱਗੇ ਦੋਸ਼ਾਂ ਨੂੰ ਸਪੱਸ਼ਟ ਤੌਰ 'ਤੇ ਨਕਾਰਿਆ ਹੈ, ਉਨ੍ਹਾਂ ਨੂੰ ਰਾਜਨੀਤਿਕ ਸਾਜ਼ਿਸ਼ ਦੱਸਿਆ ਹੈ। ਉਨ੍ਹਾਂ ਨੇ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ, ਪੁਲਸ ਸਟੇਸ਼ਨ ਦੇ ਸਟਾਫ਼ ਅਤੇ ਕੁਝ ਸਥਾਨਕ ਸਿਆਸਤਦਾਨਾਂ 'ਤੇ ਉਨ੍ਹਾਂ ਖ਼?ਲਾਫ਼ ਝੂਠਾ ਕੇਸ ਦਰਜ ਕਰਨ ਦਾ ਦੋਸ਼ ਲਗਾਇਆ। ਪੁਲਸ ਮੁਤਾਬਕ ਐੱਸ. ਐੱਚ. ਓ. ਵਿਕਰਮ ਸਿੰਘ ਦੀ ਅਗਵਾਈ ਵਾਲੀ ਇਕ ਵਿਸ਼ੇਸ਼ ਟੀਮ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨੂੰ ਸ਼ੁੱਕਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਸ ਜਲਦੀ ਹੀ ਚਾਰਜਸ਼ੀਟ ਵੀ ਦਾਇਰ ਕਰੇਗੀ।

## ਕਾਰ ਐਕਸੀਡੈਂਟ 'ਚ ਸਾਈਕਲ ਸਵਾਰ ਦੀ ਹੋਈ ਮੌਤ

ਨਾਭਾ, 9 ਮਈ। ਥਾਣਾ ਸਦਰ ਪੁਲਸ ਨੇ ਕਾਰ ਐਕਸੀਡੈਂਟ ਵਿੱਚ ਸਾਈਕਲ ਸਵਾਰ ਦੀ ਹੋਈ ਮੌਤ ਕਾਰਨ ਇੱਕ ਵਿਅਕਤੀ ਦੇ ਖਿਲਾਫ ਕੇਸ ਦਰਜ ਕੀਤਾ। ਮੁਲਜਮ ਦੀ ਪਛਾਣ ਕਾਰ ਡਰਾਈਵਰ ਭੁਪਿੰਦਰ ਸਿੰਘ ਵਾਸੀ ਪਿੰਡ ਮਾਝੀ ਜਿਲ੍ਹਾ ਸੰਗਰੂਰ ਵਜੋਂ ਹੋਈ। ਸ਼ਿਕਾਇਤ ਕਰਤਾ ਭਾਗ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਬੋੜਾ ਖੁਰਦ ਥਾਣਾ ਸਦਰ ਨਾਭਾ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕੀ ਮੇਰਾ ਪਿਤਾ 21 ਸਤੰਬਰ ਨੂੰ ਸਾਈਕਲ ਤੇ ਸਵਾਰ ਹੋ ਕੇ ਨਵਾਂ ਫੋਕਲ ਪੁਆਇੰਟ ਭਗਵਾਨੀਗੜ੍ਹ ਰੋਡ ਨਾਭਾ ਕੋਲ ਜਾ ਰਿਹਾ ਸੀ ਤਾਂ ਦੋਸ਼ੀ ਨੂੰ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫਤਾਰ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਪਿਤਾ ਵਿੱਚ ਮਾਰੀ। ਜਿਸ ਕਾਰਨ ਉਸ ਦੇ ਪਿਤਾ ਗੰਭੀਰ ਜ਼ਖਮੀਂ ਹੋ ਗਏ। ਉਨ੍ਹਾਂ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਨੇ ਸ਼ਿਕਾਇਤ ਕਰਤਾ ਦੇ ਬਿਆਨਾਂ 'ਤੇ ਮੁਲਜਮ ਦੇ ਖਿਲਾਫ ਵੱਖ-ਵੱਖ ਧਰਾਵਾਂ ਦੇ ਤਹਿਤ ਮੁਕਦਮਾ ਦਰਜ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ।।

# ਖਡੂਰ ਸਾਹਿਬ ਦੇ ਸਮਾਜਸੇਵੀ ਤੇ ਸਬਜ਼ੀ ਵਿਕਰੇਤਾ 'ਤੇ 50 ਲੱਖ ਦੀ ਫਿਰੌਤੀ ਮੰਗਣ ਦੇ ਦੋਸ਼ਾਂ ਹੇਠ ਮਾਮਲਾ ਦਰਜ

ਖਡੂਰ ਸਾਹਿਬ 9 ਮਈ। ਖਡੂਰ ਸਾਹਿਬ ਦੇ ਇੱਕ ਬੁੱਕ ਡਿਪੂ ਮਾਲਕ ਅਤੇ ਉਸਦੀ ਪਤਨੀ ਨੂੰ ਪਿਛਲੇ ਕਈ ਦਿਨਾਂ ਤੋਂ ਧਮਕੀ ਭਰੇ ਫ਼ੋਨ ਆ ਰਹੇ ਸਨ, ਜਿਸ ਕਾਰਨ ਪਰਿਵਾਰ ਸਹਿਮ 'ਚ ਜੀਵਨ ਬਿਤਾ ਰਿਹਾ ਸੀ। ਇਹ ਮਾਮਲਾ ਜਦੋਂ ਪੁਲਿਸ ਕੋਲ ਪਹੁੰਚਿਆ ਤਾਂ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਿਸ ਨੇ ਬੁੱਕ ਡਿਪੂ ਮਾਲਕ ਰਣਜੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਖਡੂਰ ਸਾਹਿਬ ਦੇ ਉਘੇ ਸਮਾਜਸੇਵੀ ਗੁਰਦੇਵ ਸਿੰਘ ਉਰਫ਼ ਗੋਲਡੀ ਅਤੇ ਇੱਕ ਸਬਜ਼ੀ ਵਿਕਰੇਤਾ ਸਤਨਾਮ ਸਿੰਘ ਉਰਫ਼ ਨਾਮੀ ਖ਼?ਲਾਫ਼ 50 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ਾਂ ਹੇਠ ਧਾਰਾ 173 ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਗੁਰਦੇਵ ਸਿੰਘ ਉਰਫ਼ ਗੋਲਡੀ ਖਡੂਰ ਸਾਹਿਬ ਵਿੱਚ ਸਮਾਜਸੇਵਾ ਦੇ ਕਾਰਜਾਂ ਲਈ ਜਾਣਿਆ ਜਾਂਦਾ ਸੀ। ਉਹ ਕੁੜੀਆਂ ਅਤੇ ਔਰਤਾਂ ਦੀ ਭਲਾਈ ਦੇ ਕੰਮਾਂ 'ਚ ਅੱਗੇ ਰਹਿੰਦਾ ਸੀ, ਕਈਆਂ ਦੇ ਘਰ ਬਣਵਾਉਣ ਤੇ ਵਿਆਹ ਸਮਾਰੋਹਾਂ ਵਿੱਚ ਵੀ ਯੋਗਦਾਨ ਪਾਉਂਦਾ ਸੀ। ਸਮਾਜ ਸੇਵੀ ਦੇ ਕਾਂਗਰਸ ਪਾਰਟੀ ਦੇ ਕਈ ਵੱਡੇ ਨੇਤਾਵਾਂ ਨਾਲ ਵੀ ਨੇੜਲੇ ਸਬੰਧ ਸਨ। ਇਸ ਦੌਰਾਨ ਪੁਲਸ ਵੱਲੋਂ ਹੋਰ ਵੀ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਖੌਫਨਾਕ ! ਪੋਤੇ ਨੇ ਦਾਦੀ ਦਾ ਚਾਕੂ ਮਾਰ ਕੇ ਕੀਤਾ ਕਤਲ, ਇਸ ਤਰ੍ਹਾਂ ਆਇਆ ਕਾਬੂ

ਨੈਸ਼ਨਲ ਡੈਸਕ 9 ਮਈ। ਝਾਰਖੰਡ ਦੇ ਦੁਮਕਾ 'ਚ ਆਪਣੀ ਦਾਦੀ ਦੇ ਕਤਲ 'ਚ ਸ਼ਾਮਲ ਹੋਣ ਦੇ ਦੋਸ਼ 'ਚ ਇੱਕ 23 ਸਾਲਾ ਮੁੰਡੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਸ਼ੁੱਕਰਵਾਰ ਸਵੇਰੇ ਸ਼ਿਕਾਰੀਪਾਰਾ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਮੰਝਲਾਡੀਹ ਪਿੰਡ ਦੇ ਕਰਮਾਟੋਲਾ 'ਚ ਵਾਪਰੀ। ਉਨ੍ਹਾਂ ਕਿਹਾ ਕਿ ਦੋਸ਼ੀ ਦੀ ਪਛਾਣ ਮ੍ਰਿਤਕ ਦੇ ਪੋਤੇ ਹੋਪੋਂਟਾ ਹੇਂਬ੍ਰਮ ਉਰਫ਼ ਜਲਪਾ ਹੇਂਬ੍ਰਮ ਵਜੋਂ ਹੋਈ ਹੈ। ਕਰਮਾਟੋਲਾ ਖੇਤਰ 'ਚ ਇੱਕ ਬਜ਼ੁਰਗ ਔਰਤ ਦੇ ਕਤਲ ਦੀ ਸੂਚਨਾ ਮਿਲਣ 'ਤੇ ਇੱਕ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਸੁਮੀਧਨ ਹੰਸਦਾ (63) ਦੀ ਲਾਸ਼ ਬਰਾਮਦ ਕੀਤੀ। ਪਹਿਲੀ ਨਜ਼ਰ ਵਿੱਚ, ਉਸਦੇ ਸਿਰ 'ਤੇ ਸੱਟਾਂ ਦੇ ਨਿਸ਼ਾਨ ਲੱਗ ਰਹੇ ਸਨ। ਪੁਲਸ ਨੇ ਜਾਂਚ ਸ਼ੁਰੂ ਕੀਤੀ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਦੌਰਾਨ ਵਿਅਕਤੀ ਨੇ ਆਪਣੀ ਦਾਦੀ ਦੀ ਹੱਤਿਆ ਕਰਨ ਦੀ ਗੱਲ ਕਬੂਲ ਕੀਤੀ। ਉਸ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।

## ਹਰਿਦੁਆਰ-ਅੰਮ੍ਰਿਤਸਰ ਜਨਸ਼ਤਾਬਦੀ ਐਕਸਪ੍ਰੈਸ 'ਚ ਨਾਬਾਲਗ ਕੁੜੀ ਮਿਲੀ, ਰੇਲਵੇ ਨੇ ਪਹੁੰਚਾਈ ਘਰ

ਜੈਤੋ 9 ਮਈ। ਫਿਰੋਜ਼ਪੁਰ ਰੇਲ ਮੰਡਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ 25 ਸਤੰਬਰ ਨੂੰ ਫਿਰੋਜ਼ਪੁਰ ਮੰਡਲ ਦੀ ਟ?ਰੇਨ ਨੰਬਰ 12053 (ਹਰਿਦੁਆਰ-ਅੰਮ੍ਰਿਤਸਰ ਜਨਸ਼ਤਾਬਦੀ ਐਕਸਪ੍ਰੈਸ) ਵਿਚ ਡਿਊਟੀ 'ਤੇ ਤਾਇਨਾਤ ਟੀ.ਟੀ.ਈ. ਸੰਜੀਵ ਸ਼ਰਮਾ, ਜਿਨ੍ਹਾਂ ਦਾ ਮੁੱਖ ਦਫ਼ਤਰ ਅੰਮ੍ਰਿਤਸਰ ਹੈ, ਨੇ ਬਿਨਾਂ ਰਿਜ਼ਰਵੇਸ਼ਨ ਵਾਲੇ ਡੱਬੇ ਵਿਚ ਟਿਕਟ ਚੈਕਿੰਗ ਦੌਰਾਨ ਲਗਭਗ 12-13 ਸਾਲ ਦੀ ਇਕ ਇਕੱਲੀ ਬੱਚੀ ਨੂੰ ਵੇਖਿਆ। ਸੰਜੀਵ ਸ਼ਰਮਾ ਨੇ ਬਹੁਤ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਿਖਾਉਂਦੇ ਹੋਏ ਤੁਰੰਤ ਵਪਾਰਕ ਕੰਟਰੋਲ ਕਮਰੇ ਅੰਬਾਲਾ ਨਾਲ ਸੰਪਰਕ ਕੀਤਾ ਅਤੇ ਬੱਚੀ ਨੂੰ ਅੰਬਾਲਾ ਸਟੇਸ਼ਨ 'ਤੇ ਆਰ.ਪੀ.ਐਫ. ਸਟਾਫ਼ ਦੇ ਹਵਾਲੇ ਕਰ ਦਿੱਤਾ। ਆਰ.ਪੀ.ਐਫ. ਵੱਲੋਂ ਲੋੜੀਂਦੀ ਕਾਰਵਾਈ ਕਰਦੇ ਹੋਏ ਉਸ ਬੱਚੀ ਨੂੰ ਉਸ ਦੇ ਪਰਿਵਾਰ ਤੱਕ ਸੁਰੱਖਿਅਤ ਪਹੁੰਚਾਇਆ ਗਿਆ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਪਰਮਦੀਪ ਸੈਣੀ ਨੇ ਕਿਹਾ ਕਿ ਟੀ.ਟੀ.ਈ. ਸੰਜੀਵ ਸ਼ਰਮਾ ਦੀ ਫ਼ੌਰੀ ਕਾਰਵਾਈ ਅਤੇ ਚੌਕਸੀ ਕਾਰਨ ਇਕ ਬੱਚੀ ਸੁਰੱਖਿਅਤ ਤੌਰ 'ਤੇ ਆਪਣੇ ਪਰਿਵਾਰ ਤੱਕ ਪਹੁੰਚ ਸਕੀ। ਆਪਣੇ ਜ਼ਿੰਮੇਵਾਰੀ ਨਿਭਾਉਂਦੇ ਹੋਏ ਉਨ੍ਹਾਂ ਨੇ ਬੇਹੱਦ ਗੰਭੀਰਤਾ ਅਤੇ ਜ਼ਿੰਮੇਵਾਰੀ ਦੀ ਪਛਾਣ ਦਿੱਤੀ।

## ਮੰਦਰ ਦੇ ਤਾਲੇ ਤੋੜ ਕੇ ਪਿੱਤਲ ਦੀਆਂ ਮੂਰਤੀਆਂ ਅਤੇ ਨਕਦੀ ਚੋਰੀ

ਤਰਨਤਾਰਨ, 9 ਮਈ। ਜ਼ਿਲਾ ਤਰਨਤਾਰਨ ਦੇ ਪਿੰਡ ਮੀਆਂਵਿੰਡ ਵਿਖੇ ਮੰਦਿਰ ਦੇ ਦਰਵਾਜ਼ੇ ਨੂੰ ਲੱਗੇ ਤਾਲੇ ਤੋੜ ਕੇ ਪਿੱਤਲ ਦੀਆਂ ਮੂਰਤੀਆਂ ਅਤੇ ਗੋਲਕ ਵਿਚੋਂ 7 ਹਜ਼ਾਰ ਰੁਪਏ ਦੀ ਨਕਦੀ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਵੈਰੋਵਾਲ ਦੀ ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ 'ਚ ਵਿਜੇ ਕੁਮਾਰ ਪੁੱਤਰ ਜਗਦੀਸ਼ ਚੰਦ ਵਾਸੀ ਮੀਆਂਵਿੰਡ ਨੇ ਦੱਸਿਆ ਕਿ ਸਾਡੇ ਪਰਿਵਾਰ ਦੀ ਜੱਦੀ ਜਾਇਦਾਦ ਦੀ ਜਗ?ਹਾ ਵਿਚ ਭਗਵਾਨ ਸ਼?ਰੀ ਕ੍ਰਿਸ਼ਨ ਜੀ ਦਾ ਪੁਰਾਤਨ ਮੰਦਿਰ ਬਣਿਆ ਹੋਇਆ ਹੈ, ਜਿੱਥੇ ਉਨ੍ਹਾਂ ਦਾ ਪਰਿਵਾਰ ਪੂਜਾ ਕਰਦਾ ਹੈ। ਬੀਤੀ 24 ਸਤੰਬਰ ਦੀ ਰਾਤ ਉਹ ਪੂਜਾ ਸਮਾਪਤ ਕਰਕੇ ਮੰਦਰ ਦੇ ਦਰਵਾਜ਼ੇ ਨੂੰ ਤਾਲਾ ਲਗਾ ਕੇ ਆਪਣੇ ਘਰ ਚਲੇ ਗਏ। ਅਗਲੇ ਦਿਨ ਵਕਤ ਕਰੀਬ 5 ਵਜੇ ਜਦ ਉਹ ਮੰਦਰ ਪਹੁੰਚਿਆ ਤਾਂ ਦਰਵਾਜ਼ੇ ਦਾ ਕੁੰਡਾ ਵੱਢਿਆ ਹੋਇਆ ਸੀ ਅਤੇ ਮੰਦਰ ਵਿਚ ਸੁਸ਼ੋਭਿਤ ਪਿੱਤਲ ਦੀਆਂ ਤਿੰਨ ਮੂਰਤੀਆਂ ਅਤੇ ਗੋਲਕ ਵਿਚੋਂ 7000 ਰੁਪਏ ਗਾਇਬ ਸੀ। ਜਿਸ ਨੂੰ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ। ਇਸ ਸਬੰਧੀ ਏ.ਐੱਸ.ਆਈ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁਦਈ ਦੇ ਬਿਆਨ 'ਤੇ ਅਣਪਛਾਤੇ ਚੋਰਾਂ ਵਿਰੁੱਧ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਹੜ੍ਹਾਂ ਮਗਰੋਂ ਮੁਫ਼ਤ ਰਾਸ਼ਨ ਵੰਡਣ ਨੂੰ ਲੈ ਕੇ ਹੋਈ ਲੜਾਈ 'ਚ 4 ਨਾਮਜ਼ਦ

ਫਿਰੋਜ਼ਪੁਰ 9 ਮਈ। ਥਾਣਾ ਆਰਿਫ ਕੇ ਦੇ ਅਧੀਨ ਆਉਂਦੇ ਪਿੰਡ ਨਿਹਾਲਾ ਲਵੇਰਾ ਵਿਖੇ ਫਲੱਡ ਆਉਣ ਕਰਕੇ ਪਿੰਡ ਵਿਚ ਮੁਫ਼ਤ ਰਾਸ਼ਨ ਵੰਡਣ ਲਈ ਟਰਾਲੀਆਂ ਆਉਣ 'ਤੇ ਰਾਸ਼ਨ ਲੈਣ ਨੂੰ ਲੈ ਕੇ ਹੋਈ ਲੜਾਈ 'ਚ ਪੁਲਸ ਨੇ 4 ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਣਧੀਰ ਸਿੰਘ ਪੁੱਤਰ ਬੋਹੜ ਸਿੰਘ ਵਾਸੀ ਨਿਹਾਲਾ ਲਵੇਰਾ ਨੇ ਦੱਸਿਆ ਕਿ ਫਲੱਡ ਆਉਣ ਕਰਕੇ ਪਿੰਡ ਵਿਚ ਮੁਫ਼ਤ ਰਾਸ਼ਨ ਵੰਡਣ ਲਈ ਟਰਾਲੀਆਂ ਆਉਣ ਅਤੇ ਰਾਸ਼ਨ ਲੈਣ ਨੂੰ ਲੈ ਕੇ 19 ਸਤੰਬਰ 2025 ਨੂੰ ਹਰਜਿੰਦਰ ਸਿੰਘ ਪੁੱਤਰ ਚੰਚਲ ਸਿੰਘ, ਅਕਾਸ਼ਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ, ਕੁਲਵਿੰਦਰ ਸਿੰਘ ਪੁੱਤਚ ਚੰਚਲ ਸਿੰਘ ਅਤੇ ਲਵਪ੍ਰੀਤ ਸਿੰਘ ਪੁੱਤਰ ਹੀਰਾ ਸਿੰਘ ਵਾਸੀਅਨ ਪਿੰਡ ਨਿਹਾਲਾ ਲਵੇਰਾ ਨਾਲ ਲੜਾਈ ਹੋਈ ਸੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਰਣਧੀਰ ਸਿੰਘ ਦਾ ਹੁਣ ਤੱਕ ਰਾਜ਼ੀਨਾਮਾ ਨਾ ਹੋਣ ਕਰਕੇ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

## ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵੱਲੋਂ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਸ਼੍ਰਮਦਾਨ 'ਚ ਸ਼ਮੂਲੀਅਤ

ਅੰਮ੍ਰਿਤਸਰ, 9 ਮਈ। ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ ਅੰਮ੍ਰਿਤਸਰ ਵੱਲੋਂ ਵੀਰਵਾਰ ਨੂੰ 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਸ਼੍ਰਮਦਾਨ ਦਾ ਆਯੋਜਨ ਕੀਤਾ ਗਿਆ। ਦੇਸ਼ ਭਰ ਵਿੱਚ ਚਲਾਈ ਜਾ ਰਹੀ ਇਸ ਮੁਹਿੰਮ ਦੀ ਲੜੀ ਵਿੱਚ ਅੰਮ੍ਰਿਤਸਰ ਦੇ ਵ?ਹਾਈਟ ਅਵੈਨਿਊ ਵਿੱਚ ਸਵੱਛਤਾ ਮੁਹਿੰਮ ਵਿੱਢੀ ਗਈ, ਜਿਸ ਵਿੱਚ ਵੱਡੇ ਪੱਧਰ ਤੇ ਆਮ ਲੋਕਾਂ ਸਣੇ ਸਫ਼ਾਈ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਆਮ ਲੋਕਾਂ ਦੇ ਕਲਿਆਣ ਲਈ ਸਵੱਛ ਭਾਰਤ ਸਣੇ ਵੱਖੋ ਵੱਖ ਯੋਜਨਾਵਾਂ ਚਲਾਈਆਂ ਗਈਆਂ ਹਨ, ਪਰ ਉਨ੍ਹਾਂ ਨੂੰ ਸਫਲ ਬਣਾਉਣ ਲਈ ਆਮ ਲੋਕਾਂ ਨੂੰ ਅੱਗੇ ਆਉਣਾ ਪਵੇਗਾ ਅਤੇ ਇਸੇ ਲੜੀ ਤਹਿਤ ਉਨ੍ਹਾਂ ਇਲਾਕਾਵਾਸੀਆਂ ਨੂੰ ਸਵੱਛਤਾ ਮੁਹਿੰਮ ਨੂੰ ਸਫਲ ਬਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਜਾਣਕਾਰੀ ਦਿੱਤੀ ਗਈ ਕਿ ਪੀਐਮ ਨਰੇਂਦਰ ਮੋਦੀ ਦੀ ਰਹਿਨੁਮਾਈ ਹੇਠ ਸਵੱਛ ਭਾਰਤ ਅਭਿਆਨ, ਫਿੱਟ ਇੰਡੀਆ ਸਣੇ ਵੱਖੋ ਵੱਖ ਯੋਜਨਾਵਾਂ ਨੂੰ ਹੇਠਲੇ ਪੱਧਰ ਤੱਕ ਸਫਲ ਬਣਾਉਣ ਲਈ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਅਹਿਮ ਭੂਮਿਕਾ ਅਦਾ ਕੀਤੀ ਹੈ। ਦੱਸ ਦਈਏ ਕਿ ਦੇਸ਼ ਭਰ ਵਿੱਚ ਸਵੱਛਤਾ ਹੀ ਸੇਵਾ ਅਭਿਆਨ ਤਹਿਤ 17 ਸਤੰਬਰ ਤੋਂ 2 ਅਕਤੂਬਰ ਤੱਕ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਵਿੱਚ ਵੱਡੇ ਪੱਧਰ 'ਤੇ ਆਮ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਇਸ ਅਹਿਦ ਦੀ ਸ਼ਲਾਘਾ ਕਰਦਿਆਂ ਇਲਾਕਾਵਾਸੀਆਂ ਨੇ ਕਿਹਾ ਕਿ ਅਜਿਹੀਆਂ ਮੁਹਿੰਮਾਂ ਦੇ ਜ਼ਰੀਏ ਆਮ ਲੋਕਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਣੂ ਕਰਵਾਉਣਾ ਇੱਕ ਚੰਗਾ ਉਪਰਾਲਾ ਹੈ। ਬਹਿਰਹਾਲ ਇਸ ਦੌਰਾਨ ਮੰਤਰਾਲੇ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਸਣੇ ਸਮਾਜ ਸੇਵੀਆਂ ਵੱਲੋਂ ਲੋਕਾਂ ਨੂੰ ਸੰਬੋਧਨ ਕੀਤਾ ਗਿਆ

# ਪੰਜਾਬ 'ਚ ਵੱਡੀ ਵਾਰਦਾਤ ! 'ਆਪ' ਆਗੂ ਦੇ ਘਰ 'ਤੇ ਹਮਲਾ, ਚੱਲੀਆਂ ਗੋਲੀਆਂ

**ਕੌਮੀ ਪੱਤ੍ਰਿਕਾ**

ਲੁਧਿਆਣਾ 9 ਮਈ। ਲੁਧਿਆਣਾ ਵਿਖੇ ਪਿੰਡ ਲਹਿਰਾ 'ਚ ਬੀਤੀ ਦੇਰ ਰਾਤ ਉਸ ਸਮੇਂ ਦਹਿਸ਼ਤ ਫੈਲ ਗਈ ਜਦੋਂ ਹਥਿਆਰਬੰਦ ਹਮਲਾਵਰਾਂ ਨੇ ਟਰੱਕ ਯੂਨੀਅਨ ਦੇ ਪ੍ਰਧਾਨ ਅਤੇ ਆਮ ਆਦਮੀ ਪਾਰਟੀ (ਆਪ) ਟਰਾਂਸਪੋਰਟ ਵਿੰਗ ਗਿੱਲ ਹਲਕੇ ਦੇ ਕੋ-ਆਰਡੀਨੇਟਰ ਸੁਖਵਿੰਦਰ ਸਿੰਘ ਉਰਫ਼ ਸ਼ਿੰਦਾ ਦੇ ਘਰ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਸ਼ਿੰਦਾ ਦੀ ਮਾਰੂਤੀ ਸੁਜ਼ੂਕੀ ਸਵਿੱਫਟ ਡਿਜ਼ਾਇਰ ਕਾਰ, ਜੋਕਿ ਵਰਾਂਡੇ ਵਿੱਚ ਖੜ੍ਹੀ ਸੀ, ਉਸ 'ਤੇ ਪੈਟਰੋਲ ਛਿੜਕਿਆ ਅਤੇ ਅੱਗ ਲਗਾ ਦਿੱਤੀ। ਜਿਵੇਂ ਹੀ ਸ਼ਿੰਦਾ ਰੌਲਾ ਸੁਣ ਕੇ ਘਰੋਂ ਬਾਹਰ ਆਇਆ ਤਾਂ ਮਲਾਵਰਾਂ ਨੇ ਉਸ 'ਤੇ ਲਗਭਗ 6 ਗੋਲ?ੀਆਂ ਚਲਾਈਆਂ। ਖ਼ੁਸ਼ਕਿਸਮਤੀ ਨਾਲ ਉਹ ਸੁਰੱਖਿਅਤ ਬਚ ਗਿਆ। ਘਰ ਵਿੱਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਤੋਂ ਪਤਾ ਲੱਗਾ



ਹੈ ਕਿ ਪੰਜ ਹਮਲਾਵਰਾਂ ਨੇ ਹਮਲਾ ਕੀਤਾ। ਹਮਲਾਵਰ ਇਕ ਵ?ਹਾਈਟ ਕਾਰ ਵਿੱਚ ਆਏ ਸਨ। ਤਿੰਨ ਗੇਟ ਟੱਪ ਕੇ ਘਰ ਵਿੱਚ ਦਾਖ਼ਲ ਹੋਏ ਜਦਕਿ ਦੋ ਬਾਹਰ ਕਾਰ ਵਿੱਚ ਬੈਠੇ ਰਹੇ। ਸ਼ਿੰਦਾ ਨੇ ਦੋਸ਼ ਲਗਾਇਆ ਕਿ ਇਹ ਹਮਲਾ ਡਰੱਗ ਮਾਫ਼ੀਆ ਦੀ ਰੰਜਿਸ਼ ਦਾ ਨਤੀਜਾ ਹੈ। ਉਨ੍ਹਾਂ ਦੇ ਅਨੁਸਾਰ ਹਥਿਆਰਬੰਦ ਮੁਲਜ਼ਮਾਂ ਵਿੱਚੋਂ ਇਕ ਦੀ ਪਛਾਣ ਕੁਲਦੀਪ ਸਿੰਘ ਉਰਫ਼ ਕੁਲਦੀਪ ਮਾਣਕ ਵਜੋਂ ਹੋਈ ਹੈ, ਜੋਕਿ ਇਕ ਬਦਨਾਮ ਡਰੱਗ ਤਸਕਰ ਹੈ। ਉਸ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਪੰਜਾਬ ਸਰਕਾਰ ਦੀ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਦੇ ਸਮਰਥਨ ਵਿੱਚ ਉਸ ਨੇ ਕੁਲਦੀਪ ਦੇ ਇਕ ਸਾਥੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਪੁਲਸ ਦੀ ਮਦਦ ਕੀਤੀ ਸੀ। ਇਸ ਕਾਰਨ ਕੁਲਦੀਪ ਨੇ ਇਹ ਹਮਲਾ ਕੀਤਾ। ਡੇਹਲੋਂ ਪੁਲਸ ਨੇ ਸੁਖਵਿੰਦਰ ਸਿੰਘ ਸ਼ਿੰਦਾ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਕਿਹਾ ਕਿ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ ਬਾਕੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਐਚ.ਡੀ.ਐਫ.ਸੀ. ਬੈਂਕ ਵੱਲੋਂ ਅੰਮ੍ਰਿਤਸਰ ਵਿੱਚ ਫਾਇਨੈਂਸ਼ਲ ਇਨਕਲੂਜ਼ਨ ਸੈਚੁਰੇਸ਼ਨ ਕੈਂਪ ਆਯੋਜਿਤ

ਅੰਮ੍ਰਿਤਸਰ, 9 ਮਈ। ਭਾਰਤ ਦੇ ਅਗੇਤੂ ਪ੍ਰਾਈਵੇਟ ਸੈਕਟਰ ਬੈਂਕ ਐਚ.ਡੀ.ਐਫ.ਸੀ. ਬੈਂਕ ਨੇ ਅੱਜ ਅੰਮ੍ਰਿਤਸਰ ਵਿੱਚ ਫਾਇਨੈਂਸ਼ਲ ਇਨਕਲੂਜ਼ਨ ਸੈਚੁਰੇਸ਼ਨ ਕੈਂਪ ਆਯੋਜਿਤ ਕੀਤਾ। ਇਸ ਕੈਂਪ ਦਾ ਮੁੱਖ ਉਦੇਸ਼ ਸਰਕਾਰ ਦੀਆਂ ਮੁੱਖ ਯੋਜਨਾਵਾਂ ਜਿਵੇਂ ਕਿ ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜ?ਯੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਸ਼ਾ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਨੂੰ ਯੋਗ ਵਿਅਕਤੀਆਂ ਤੱਕ ਪਹੁੰਚਾਉਣਾ ਸੀ।ਇਹ ਪਹਿਲ 1 ਜੁਲਾਈ 2025 ਨੂੰ ਵਿੱਤ ਸੇਵਾਵਾਂ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਤਿੰਨ ਮਹੀਨੇ ਦੀ ਰਾਸ਼ਟਰੀ ਫਾਇਨੈਂਸ਼ਲ ਇਨਕਲੂਜ਼ਨ (69) ਮੁਹਿੰਮ ਨਾਲ ਸੰਬੰਧਿਤ ਹੈ। ਇਸ ਖਾਸ ਕੈਂਪ ਵਿੱਚ ਸ਼?ਰੀ ਵਿਵੇਕ ਸ਼੍ਰੀਵਾਸਤਵ - ਰੀਜਨਲ ਡਾਇਰੈਕਟਰ, ਆਰ.ਬੀ.ਆਈ. (ਚੰਡੀਗੜ੍ਹ), ਸ਼?ਰੀ ਪੰਕਜ ਸੇਟੀਆ - ਜਨਰਲ ਮੈਨੇਜਰ, ਆਰ.ਬੀ.ਆਈ., ਸ਼?ਰੀ ਲਲਿਤ ਬਤਰਾ, ਏਗਜ਼ਿਕਿਊਟਿਵ ਵਾਈਸ ਪ੍ਰੈਜ਼ੀਡੈਂਟ, ਐਚ.ਡੀ.ਐਫ.ਸੀ. ਬੈਂਕ, ਸ੍ਰੀ ਅਮਿਤ ਗਗਨੇਜਾ ਜ਼ੋਨਲ ਹੈਡ ਐਚਡੀਐਫਸੀ ਬੈਂਕ ਅਤੇ ਆਰ.ਬੀ.ਆਈ. ਅਤੇ ਐਚ.ਡੀ.ਐਫ.ਸੀ. ਬੈਂਕ ਦੇ ਹੋਰ ਸੀਨੀਅਰ ਅਧਿਕਾਰੀਆਂ ਸ਼ਾਮਲ ਸਨ । ਇਸ ਕੈਂਪ ਵਿੱਚ 300 ਤੋਂ ਵੱਧ ਗ੍ਰਾਹਕਾਂ ਨੇ ਭਾਗ ਲਿਆ।

## ਨਵੀਂ ਨੀਤੀ ਨੂੰ ਬਣਾਇਆ ਗਿਆ ਹੈ ਹੋਰ ਵੱਧ ਲਚੀਲਾ ਤੇ ਗਤੀਸ਼ੀਲ

ਉਦਯੋਗ ਅਤੇ ਵਪਾਰ ਵਿਭਾਗ ਦੇ ਡਾਇਰੈਕਟਰ ਜਨਰਲ ਡਾ. ਯੱਸ਼ ਗਰਗ ਨੇ ਕਿਹਾ ਕਿ ਨਵੀਂ ਉਦਯੋਗਿਕ ਨੀਤੀ ਮੇਕ ਇਨ ਹਰਿਆਣਾ 2025 ਸਿਰਫ ਇੱਕ ਰਸਮੀ ਕਦਮ ਨਹੀਂ ਸਗੋ ਇੱਕ ਮਹਤੱਵਪੂਰਣ ਸੰਵਾਦ ਹੈ। ਵਿਸ਼ਸ਼ ਨਕਸ਼ੇ ਵਿੱਚ ਆਤਮਨਿਰਭਰਤਾ ਬੇਹੱਦ ਜਰੂਰੀ ਹੈ, ਇਸ ਦੇ ਲਈ ਨਵੀਂ ਇਡਸਟਰੀ ਦੀ ਸਥਾਪਨਾ, ਇਨੋਵੇਸ਼ਨ, ਵਿਸ਼ਵ ਮੁਕਾਬਲੇ ਅਤੇ ਵੈਲਯੂ ਵੈਨ ਇੰਟੀਗ੍ਰੇਸ਼ਨ ਨੂੰ ਪ੍ਰੋਤਸਾਹਨ ਦਿੱਤਾ ਜਾਵੇਗਾ। ਡਾ. ਗਰਗ ਨੇ ਕਿਹਾ ਕਿ ਹਰਿਆਣਾ ਵਿੱਚ ਪੋਲਿਸੀ 2020 ਰਾਹੀ ਰਾਜ ਵਿੱਚ ਕਾਫੀ ਨਿਵੇਸ਼ ਆਇਆ ਅਤੇ ਉਦਯੋਗਾਂ ਦਾ ਵਰਨਣਯੋਗ ਵਿਸਤਾਰ ਹੋਇਆ। ਪਰ ਬਦਲਦੇ ਸਮੇਂ ਅਤੇ ਵਿਸ਼ਵ ਪਰਿਸਥਿਤੀਆਂ ਨੂੰ ਦੇਖਦੇ ਹੋਏ ਉਦਯੋਗਿਕ ਅਦਾਰਿਆਂ ਦੇ ਨਾਲ ਵਿਸਤਾਰ ਚਰਚਾ ਬਾਅਦ ਨਵੀਂ ਨੀਤੀ ਨੂੰ ਹੋਰ ਵੱਧ ਲਚੀਲਾ, ਗਤੀਸ਼ੀਲ ਅਤੇ ਟਿਕਾਊ ਬਣਾਇਆ ਗਿਆ ਹੈ। ਡਾ. ਗਰਗ ਨੇ ਸਪਸ਼ਟ ਕੀਤਾ ਕਿ ਹਰਿਆਣਾ ਸਰਕਾਰ ਸਿਰਫ ਇੱਕ ਰੈਗੂਲੇਟਰ ਦੀ ਭੁਕਿਮਾ ਨਹੀਂ ਨਿਭਾਉਣਾ ਚਾਹੁੰਦੀ, ਸਗੋ ਉਦਯੋਗਾਂ ਦੀਸਹਿਯੋਗੀ ਅਤੇ ਫੈਸਿਲਿਟੇਟਰ ਵਜੋ ਕੰਮ ਕਰਨਾ ਚਾਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਅਤੇ ਉਦਯੋਗਾਂ ਦੇ ਸੰਯੁਕਤ ਯਤਨਾਂ ਨਾਲ ਹੀ ਹਰਿਆਣਾ ਨੂੰ ਉਦਯੋਗਿਕ ਰੂਪ ਨਾਲ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾ ਸਕੇਗਾ ਅਤੇ ਵਿਸ਼ਵ ਪੱਧਰ 'ਤੇ ਇੱਥੇ ਦੇ ਉਤਪਾਦ ਆਪਣੀ ਪਹਿਚਾਣ ਸਥਾਪਿਤ ਕਰ ਸਕਣਗੇ।

# ਅੱਧੀ ਰਾਤ ਸੜਕ ਕੰਢੇ ਸੁੱਤੇ ਲੋਕਾਂ 'ਤੇ ਚਾੜ੍ਹ 'ਤੀ ਗੱਡੀ, 4 ਲੋਕਾਂ ਦੀ ਮੌਤ

**ਕੌਮੀ ਪੱਤ੍ਰਿਕਾ**

ਪ੍ਰਯਾਗਰਾਜ 9 ਮਈ। ਜ਼ਿਲ੍ਹੇ ਦੇ ਗੰਗਾ ਨਗਰ ਦੇ ਸੋਰਾਓਂ ਥਾਣਾ ਖੇਤਰ ਵਿੱਚ ਕਾਨਪੁਰ-ਵਾਰਾਣਸੀ ਹਾਈਵੇਅ 'ਤੇ ਸੋਮਵਾਰ ਸਵੇਰੇ ਇੱਕ ਅਣਪਛਾਤੇ ਵਾਹਨ ਦੀ ਲਪੇਟ ਵਿਚ ਆਉਣ ਕਾਰਨ ਚਾਰ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਤਿੰਨ ਔਰਤਾਂ ਜ਼ਖਮੀ ਹੋ ਗਈਆਂ। ਇਸ ਘਟਨਾ ਦੀ ਜਾਣਕਾਰੀ ਇੱਕ ਪੁਲਸ ਅਧਿਕਾਰੀ ਵਲੋਂ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਆਫ਼ ਪੁਲਸ (ਡੀਸੀਪੀ) (ਗੰਗਾ ਨਗਰ) ਕੁਲਦੀਪ ਗੁਣਾਵਤ ਨੇ ਦੱਸਿਆ ਕਿ ਸੋਰਾਓਂ ਪੁਲਿਸ ਨੂੰ ਸੋਮਵਾਰ ਸਵੇਰੇ 4 ਵਜੇ ਸੋਰਾਓਂ ਪੁਲਿਸ ਸਟੇਸ਼ਨ ਖੇਤਰ ਵਿੱਚ ਵਾਪਰੇ ਹਾਦਸੇ ਬਾਰੇ ਸੂਚਨਾ ਮਿਲੀ ਅਤੇ ਉਹ ਮੌਕੇ 'ਤੇ ਪਹੁੰਚੇ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਡੀਸੀਪੀ ਨੇ ਦੱਸਿਆ ਕਿ ਇਹ ਹਾਦਸਾ ਕਾਨਪੁਰ-ਵਾਰਾਣਸੀ ਹਾਈਵੇਅ 'ਤੇ ਬਿਘੀਆ ਪਿੰਡ ਦੇ ਸਾਹਮਣੇ ਵਾਪਰਿਆ ਹੈ। ਵਾਹਨ ਖ਼ਰਾਬ ਹੋਣ ਕਾਰਨ ਇੱਕ ਬੋਲੈਰੋ ਗੱਡੀ ਦੇ ਡਰਾਈਵਰ ਨੇ ਆਪਣੀ ਗੱਡੀ ਨੂੰ ਸੜਕ ਦੇ ਕਿਨਾਰੇ ਖੜ੍ਹਾ ਕਰ ਦਿੱਤਾ ਸੀ। ਠੀਕ ਨਾ ਹੋਣ ਕਾਰਨ ਉਕਤ ਗੱਡੀ ਵਿਚ ਸਵਾਰ ਲੋਕਾਂ ਵਿਚੋਂ



4 ਲੋਕ ਸੜਕ ਦੇ ਕਿਨਾਰੇ ਸੁੱਤੇ ਪਏ ਸਨ, ਜਦਕਿ ਤਿੰਨ ਔਰਤਾਂ ਅੰਦਰ ਸੁੱਤੀਆਂ ਹੋਈਆਂ ਸਨ। ਇਸ ਦੌਰਾਨ ਇਕ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਇਸ ਘਟਨਾ ਨਾਲ ਗੱਡੀ ਦੇ ਸਾਹਮਣੇ ਸੁੱਤੇ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਔਰਤਾਂ ਜ਼ਖ਼ਮੀ ਹੋ ਗਈਆਂ। ਡੀਸੀਪੀ ਗੁਣਵਤ ਨੇ ਦੱਸਿਆ ਕਿ ਹਾਦਸੇ ਵਿੱਚ ਬਚੇ 60 ਸਾਲਾ ਪ੍ਰੇਮ ਨਾਰਾਇਣ ਨੇ ਮ੍ਰਿਤਕਾਂ ਦੀ ਪਛਾਣ ਸੁਰੇਸ਼ ਸੈਣੀ, ਸੁਰੇਸ਼ ਬਾਜਪਾਈ, ਉਨ੍ਹਾਂ ਦੀ ਪਤਨੀ ਅਤੇ ਰਾਮਸਾਗਰ ਅਵਸਥੀ ਵਜੋਂ ਕੀਤੀ ਹੈ। ਇਹ ਸਾਰੇ ਕਾਨਪੁਰ ਦੇ ਵਸਨੀਕ ਸਨ। ਉਨ੍ਹਾਂ ਦੇ ਪਰਿਵਾਰਾਂ ਨੂੰ ਘਟਨਾ ਦੀ ਸੂਚਨਾ ਦੇ ਦਿੱਤੀ ਗਈ ਹੈ। ਪੁਲਸ ਉਸ ਅਣਪਛਾਤੇ ਵਾਹਨ ਦੀ ਜਾਂਚ ਕਰ ਰਹੀ ਹੈ, ਜਿਸਨੇ ਕਾਰ ਨੂੰ ਟੱਕਰ ਮਾਰੀ ਸੀ। ਇਸ ਦੌਰਾਨ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੜਕ ਹਾਦਸੇ ਦਾ ਨੋਟਿਸ ਲਿਆ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਤੁਰੰਤ ਘਟਨਾ ਸਥਾਨ 'ਤੇ ਪਹੁੰਚਣ ਅਤੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।

## ਅਮਰੀਕਾ ਨਾਲ ਸੰਚਾਲਿਤ ਸਮੱਗਲਰ ਤੋਂ 5 ਕਿਲੋ ਹੈਰੋਇਨ ਬਰਾਮਦ

ਅੰਮ੍ਰਿਤਸਰ 9 ਮਈ। ਕਾਊਂਟਰ-ਇੰਟੈਲੀਜੈਂਸ ਟੀਮ ਨੇ ਅਮਰੀਕਾ ਤੋਂ ਸੰਚਾਲਿਕ ਇੱਕ ਵੱਡੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਮੁਲਜ਼ਮ



ਪਵਨਦੀਪ ਸਿੰਘ ਨੂੰ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਮੁਲਜਮ ਬਹਿੜਵਾਲ ਦਾ ਰਹਿਣ ਵਾਲਾ ਹੈ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਹਰਪਾਲ ਸਿੰਘ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਅਮਰੀਕਾ ਸਥਿਤ ਪਿੰਡ ਕੋਹਾਲਾ ਦੇ ਰਹਿਣ ਵਾਲੇ ਹਰਪਾਲ ਸਿੰਘ ਦੇ ਪਾਕਿਸਤਾਨ ਵਿੱਚ ਰਹਿਣ ਵਾਲੇ ਨਸ਼ੀਲੇ ਪਦਾਰਥਾਂ ਦੇ ਸਮੱਗਲਰਾਂ ਨਾਲ ਸਿੱਧੇ ਸਬੰਧ ਹਨ। ਪੁਲਸ ਜਾਂਚ ਤੋਂ ਪਤਾ ਲੱਗਾ ਹੈ ਕਿ ਨਸ਼ੀਲੇ ਪਦਾਰਥਾਂ ਦੇ ਸਮੱਗਲਰ ਦਾ ਕੋਈ ਪਹਿਲਾਂ ਅਪਰਾਧਿਕ ਰਿਕਾਰਡ ਨਹੀਂ ਹੈ ਅਤੇ ਉਹ ਵਿਦੇਸ਼ ਜਾਣ ਤੋਂ ਬਾਅਦ ਹੀ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਕਾਰੋਬਾਰ ਵਿੱਚ ਦਾਖਲ ਹੋਇਆ ਸੀ। ਉਹ ਡਰੋਨ ਰਾਹੀਂ ਖੇਪ ਪਹੁੰਚਾਉਂਦਾ ਸੀ। ਪੁਲਸ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਹੈਰੋਇਨ ਦੀ ਇੱਕ ਖੇਪ ਸਰਹੱਦ ਦੇ ਨੇੜੇ ਇੱਕ ਪਿੰਡ ਧਨੋਏ ਕਲਾਂ ਦੇ ਨੇੜੇ ਪਹੁੰਚਣ ਵਾਲੀ ਹੈ। ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਸ ਨੇ ਮੁਲਜ਼ਮ ਪਵਨਦੀਪ ਸਿੰਘ ਵਾਸੀ ਬੋਹੜਵਾਲ ਨੂੰ ਗ੍ਰਿਫ਼ਤਾਰ ਕਰ ਲਿਆ

# ਜਲੰਧਰ ਪੁਲਸ ਦਾ ਹੈਰਾਨੀਜਨਕ ਕਾਰਨਾਮਾ ! 40 ਕਿਲੋਮੀਟਰ ਦੂਰ ਘਰ ਖੜ੍ਹੀ ਸਕੂਟਰੀ ਦਾ ਕੱਟ 'ਤਾ ਚਲਾਨ

**ਕੌਮੀ ਪੱਤ੍ਰਿਕਾ**

ਮਹਿਤਪੁਰ 9 ਮਈ। ਸੂਬੇ ਦੀ ਪੁਲਸ ਹਮੇਸ਼ਾ ਹੀ ਸੁਰਖੀਆਂ ਵਿਚ ਰਹਿੰਦੀ ਹੈ। ਲੋਕਾਂ ਨੂੰ ਟ?ਰੈਫਿਕ ਨਿਯਮਾਂ ਦਾ ਗਿਆਨ ਦੇਣ ਵਾਲੀ ਜਲੰਧਰ ਪੁਲਸ ਵੱਲੋਂ ਜਿੱਥੇ ਟ?ਰੈਫਿਕ ਨਿਯਮਾਂ ਦੀ ਉਲਾਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਜਾਂਦੇ ਹਨ, ਉਥੇ ਹੀ ਪਿਛਲੇ ਦਿਨੀਂ ਕਰੀਬ 40 ਕਿਲੋਮੀਟਰ ਦੂਰ ਮਹਿਤਪੁਰ ਘਰ ਖੜ੍ਹੀ ਸਕੂਟਰੀ ਦਾ ਚਲਾਨ ਕੱਟ ਕੇ ਨਵਾਂ ਇਤਿਹਾਸ ਰਚਿਆ ਗਿਆ ਹੈ। ਪਿਛਲੇ ਦਿਨੀਂ ਜਲੰਧਰ ਪੁਲਸ ਵੱਲੋਂ ਇਕ ਹੈਰਾਨ ਕਰਨ ਵਾਲਾ ਕਾਰਨਾਮਾ ਕੀਤਾ ਗਿਆ, ਜੋ ਇਲਾਕੇ ਵਿਚ ਬਹੁਤ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਲੰਧਰ ਪੁਲਸ ਵੱਲੋਂ ਸਹਿਰ ਵਿਚ ਇਕ ਦੋ ਪਹੀਆ ਵਾਹਨ ਦਾ ਚਲਾਨ ਕੱਟ ਕੇ ਅਸਲੀ ਵਿਅਕਤੀ ਨੂੰ ਭੇਜਣ ਦੀ ਥਾਂ ਮਹਿਤਪੁਰ ਕਸਬੇ ਦੀ ਇਕ ਔਰਤ ਦੇ ਨਾਂ 'ਤੇ ਭੇਜ ਦਿੱਤਾ ਅਤੇ ਉਸ ਨੂੰ ਸੂਚਿਤ ਕੀਤਾ ਗਿਆ ਕਿ ਉਸ ਦੀ ਸਕੂਟਰੀ ਦਾ ਟ?ਰੈਫਿਕ ਨਿਯਮਾਂ ਦੀ ਉਲਾਘਣਾ ਕਰਨ ਦੇ ਦੋਸ਼ ਵਿਚ ਜਲੰਧਰ ਸ਼ਹਿਰ ਵਿਚ ਚਲਾਨ ਕੱਟ ਦਿੱਤਾ ਗਿਆ ਹੈ ਅਤੇ ਆਰ. ਟੀ. ਓ. ਦਫ਼ਤਰ ਵਿਖੇ 500 ਰੁਪਏ ਜੁਰਮਾਨਾ ਭੁਗਤਿਆ ਜਾਵੇ। 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਪੂਜਾ ਨਾਰੰਗ ਪਤਨੀ ਸੰਨੀ ਸੇਤੀਆ ਵਾਸੀ ਮਾਡਲ ਟਾਊਨ ਕਾਲੋਨੀ ਥਾਣਾ ਮਹਿਤਪੁਰ ਨੇ ਦੱਸਿਆ ਕਿ ਉਨ੍ਹਾਂ ਨੂੰ 25 ਸਤੰਬਰ ਸ਼ਾਮ ਨੂੰ ਉਸ ਵੇਲੇ ਬਹੁਤ ਹੈਰਾਨੀ ਹੋਈ ਜਦੋਂ ਉਨ੍ਹਾਂ ਨੂੰ ਮੈਸੇਜ ਆਇਆ ਕਿ ਉਨ੍ਹਾਂ ਦੀ ਸਕੂਟਰੀ ਨੰਬਰ ਪੀ ਬੀ 08 ਐੱਫ ਐੱਨ 7558 ਦਾ ਜਲੰਧਰ ਟ?ਰੈਫਿਕ ਨਿਯਮਾਂ ਦੀ ਉਲਾਘਣਾ ਕਰਨ 'ਤੇ 500 ਰੁਪਏ ਦਾ ਚਲਾਨ ਕਰ ਦਿੱਤਾ ਗਿਆ ਹੈ। ਉਹ ਸੋਚ ਵਿਚ ਪੈ ਗਈ ਕਿ ਮੈਂ ਜ਼ਿੰਦਗੀ ਵਿਚ ਕਦੇ ਸਕੂਟਰੀ 'ਤੇ ਮਹਿਤਪੁਰ ਤੋਂ ਬਾਹਰ ਨਹੀਂ ਗਈ, ਫਿਰ ਘਰ ਖੜ੍ਹੀ ਸਕੂਟਰੀ ਦਾ ਚਲਾਨ ਕਿਵੇਂ ਹੋ ਸਕਦਾ ਹੈ। ਮੈਂ ਆਪਣੇ ਪਰਿਵਾਰ ਨਾਲ ਗੱਲ ਕੀਤੀ, ਉਹ ਵੀ ਹੈਰਾਨ ਹੋ ਗਏ ਕਿ ਘਰ ਖੜ੍ਹੀ ਸਕੂਟਰੀ ਦਾ ਜਲੰਧਰ ਪੁਲਸ ਚਲਾਨ ਕਿਵੇਂ ਕਰ ਸਕਦੀ ਹੈ। ਉਨ੍ਹਾਂ ਨੇ ਤੁਰੰਤ ਮਹਿਤਪੁਰ ਪੁਲਸ ਨਾਲ ਸੰਪਰਕ ਕੀਤਾ, ਮਹਿਤਪੁਰ ਪੁਲਸ ਨੇ 112 ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਵੀ ਕਿਹਾ ਕਿ ਅਸੀਂ ਚਲਾਨ ਨਹੀਂ ਕੀਤਾ। ਜਦੋਂ ਦੇਰ ਰਾਤ ਅਸੀਂ ਆਨਲਾਈਨ ਚਲਾਨ ਚੈੱਕ ਕੀਤਾ ਤਾਂ ਪਤਾ ਲੱਗਾ ਕਿ ਜਲੰਧਰ ਪੁਲਸ ਦੇ ਏ. ਐੱਸ. ਆਈ. ਬਲਜਿੰਦਰ ਸਿੰਘ ਵੱਲੋਂ ਇਹ ਚਲਾਨ ਕੱਟਿਆ ਗਿਆ ਹੈ । ਆਨਲਾਈਨ ਜਿਹੜੀ ਸਕੂਟਰੀ ਦੇ ਨੰਬਰ ਪਲੇਟ ਦੀ ਫੋਟੋ ਖਿੱਚ ਕੇ ਚਲਾਨ ਕੀਤਾ ਹੈ, ਉਸ ਦਾ ਨੰਬਰ ਪੀ ਬੀ 08 ਐੱਫ਼. ਐੱਨ. 7658 ਦਿਖਾਈ ਦੇ ਰਿਹਾ ਹੈ। ਚਲਾਨਾਂ ਦਾ ਟਾਰਗੇਟ ਪੂਰਾ ਕਰਨ ਦੇ ਜੋਸ਼ ਵਿਚ 7658 ਸਕੂਟਰੀ ਦੀ ਫੋਟੋ ਖਿੱਚ ਕੇ ਚਲਾਨ 7558 ਦਾ ਕਰਕੇ ਮਹਿਤਪੁਰ ਮੈਸੇਜ ਭੇਜ ਦਿੱਤਾ। ਪੂਜਾ ਨਾਰੰਗ ਨੇ ਕਿਹਾ ਕਿ ਇਹ ਜਲੰਧਰ ਪੁਲਸ ਦੀ ਬਹੁਤ ਵੱਡੀ ਗਲਤੀ ਹੈ ਇਸ ਨਾਲ ਮੈਨੂੰ ਤੇ ਮੇਰੇ ਪਰਿਵਾਰ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਜਲੰਧਰ ਪੁਲਸ ਕਮਿਸ਼ਨਰ ਤੋਂ ਮੰਗ ਕੀਤੀ ਕਿ ਡਿਊਟੀ ਦੌਰਾਨ ਲਾਪਰਵਾਹੀ ਕਾਰਨ ਵਾਲੇ ਡਿਊਟੀ ਅਫ਼ਸਰ 'ਤੇ ਬਣਦੀ ਕਾਰਵਾਈ ਕਰ ਇਸ ਚਲਾਨ ਨੂੰ ਤੁਰੰਤ ਦਰੁੱਸਤ ਕੀਤਾ ਜਾਵੇ। ਇਸ ਸਬੰਧੀ ਐੱਸ. ਪੀ. ਟ?ਰੈਫਿਕ ਗੁਰਬਾਜ਼ ਸਿੰਘ ਨੇ ਕਿਹਾ ਕਿ ਹੋ ਸਕਦਾ ਹੈ ਕਿ ਕੋਈ ਤਕਨੀਕੀ ਗਲਤੀ ਹੋ ਗਈ ਹੋਵੇ, ਜੇ ਕੋਈ ਪ੍ਰੇਸ਼ਾਨੀ ਆਈ ਹੈ ਤਾਂ ਉਹ ਮੇਰੇ ਨਾਲ ਸੰਪਰਕ ਕਰ ਸਕਦੇ ਹਨ। ਜਾਂਚ ਕਰ ਕੇ ਮੌਕੇ 'ਤੇ ਹੀ ਚਲਾਨ ਨੂੰ ਦਰੁਸਤ ਕਰਵਾ ਦਿੱਤਾ ਜਾਵੇਗਾ।

### ਚੋਰੀ ਦੇ ਮੋਟਰਸਾਈਕਲ ਸਣੇ 3 ਕਾਬੂ

ਜਲਾਲਾਬਾਦ 29 ਸਤੰਬਰ। ਥਾਣਾ ਸਿਟੀ ਪੁਲਸ ਨੇ ਚੋਰੀ ਦੇ ਮੋਟਰਸਾਈਕਲ ਸਮੇਤ 3 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਮਲਕੀਤ ਸਿੰਘ ਨੇ ਦੱਸਿਆ ਕਿ ਜਦ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਮੌਜੂਦ ਸੀ ਤਾਂ ਮੁਖਬਰ ਖ਼ਾਸ ਨੇ ਇਤਲਾਹ ਦਿੱਤੀ ਕਿ ਮਨਦੀਪ ਸਿੰਘ ਉਰਫ਼ ਅਮਨ ਪੁੱਤਰ ਸਤਨਾਮ ਸਿੰਘ ਵਾਸੀ ਦਸਮੇਸ਼ ਨਗਰ, ਸੁਮਿਤ ਕੁਮਾਰ ਪੁੱਤਰ ਕਾਲ ਰਾਮ ਵਾਸੀ ਕੋਟਕਪੂਰਾ ਹਾਲ ਵਾਸੀ ਗੋਬਿੰਦ ਨਗਰੀ ਜਲਾਲਾਬਾਦ ਅਤੇ ਬਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਸਵਾਈ ਰਾਏ ਉਤਾੜ ਗੁਰੂਹਰਸਹਾਏ ਮੋਟਰਸਾਈਕਲ ਚੋਰੀ ਕਰਕੇ ਅੱਗੇ ਵੇਚਣ ਦੇ ਆਦਿ ਹਨ, ਜੋ ਹੁਣ ਵੀ ਦਾਣਾ ਮੰਡੀ ਜਲਾਲਾਬਾਦ 'ਚ ਗਾਹਕਾਂ ਦੀ ਉਡੀਕ ਕਰ ਰਹੇ ਹਨ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਗੈਂਗਸਟਰਾਂ ਦਾ ਗੜ੍ਹ ਬਣਿਆ ਜਲੰਧਰ ! 6 ਮਹੀਨਿਆਂ ’ਚ 15 ਵਾਰ ਚੱਲੀਆਂ ਗੋਲੀਆਂ, 93 ਗੈਂਗਸਟਰ ਸਰਗਰਮ

ਕੌਮੀ ਪਤ੍ਰਿਕਾ

ਜਲੰਧਰ 9 ਮਈ। ਜਲੰਧਰ ਵਿਚ ਕ੍ਰਾਈਮ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਲੰਧਰ ਜ਼ਿਲ੍ਹੇ ’ਚ ਸਤੰਬਰ ਤੋਂ ਫਰਵਰੀ ਦੇ ਅੰਤ ਤੱਕ ਯਾਨੀ ਕਿ 6 ਮਹੀਨਿਆਂ ਦੇ ਅੰਦਰ 15 ਵਾਰ ਗੋਲੀਆਂ ਚੱਲਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਹ ਮਾਮਲੇ ਜ਼ਿਆਦਾਤਰ ਜਬਰੀ ਵਸੂਲੀ ਅਤੇ ਰੰਜਿਸ਼ਨ ਨਾਲ ਸਬੰਧਤ ਸਨ। ਆਮ ਆਦਮੀ ਪਾਰਟੀ ਦੇ ਆਗੂ ਲੱਕੀ ਓਬਰਾਏ ਦਾ ਹਾਲ ਹੀ ਵਿੱਚ ਹੋਇਆ ਕਤਲ ਵੀ ਇਸ ਲੜੀ ਵਿੱਚ ਸ਼ਾਮਲ ਹੈ। ਹੁਣ ਤੱਕ ਪੁਲਸ ਨੇ ਇਨ੍ਹਾਂ ਮਾਮਲਿਆਂ ਵਿੱਚ ਸਿਰਫ਼ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪਿਛਲੇ ਛੇ ਮਹੀਨਿਆਂ ਵਿੱਚ ਗੋਲ਼ੀਆਂ ਚੱਲਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਰੰਜਿਸ਼ ਦੇ 7 ਮਾਮਲੇ ਹਨ ਜਦਕਿ ਫਿਰੌਤੀ ਦੇ 4 ਮਾਮਲੇ ਹਨ। ਬਾਕੀ ਮਾਮਲਿਆਂ ਵਿੱਚ ਪੁਲਸ ਇਹ ਕਹਿਣ ਲਈ ਤਿਆਰ ਨਹੀਂ ਹੈ ਕਿ ਗੋਲ਼ੀਆਂ ਦੁਸ਼ਮਣੀ ਕਾਰਨ ਚੱਲੀਆਂ ਸਨ ਜਾਂ ਫਿਰ ਰੰਜਿਸ਼ ਦੇ ਕਾਰਨ। ਇਸ ਦੇ ਨਾਲ ਪੁਲਸ ਇਹ ਵੀ ਪਤਾ ਨਹੀਂ ਲਗਾ ਸਕੀ ਹੈ ਕਿ ਗੋਲ਼ੀਆਂ ਕਿਸ ਨੇ ਚਲਾਈਆਂ ਸਨ। ਪੁਲਸ ਅਜੇ ਤੱਕ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਰਿਕਾਰਡ ਮੁਤਾਬਕ ਜਲੰਧਰ ਜ਼ਿਲ੍ਹੇ ਵਿੱਚ ਕੁੱਲ੍ਹ 93 ਗੈਂਗਸਟਰ ਸੂਚੀਬੱਧ ਹਨ, ਜਿਨ੍ਹਾਂ ਵਿੱਚੋਂ 64 ਪੁਲਸ ਦੀ ਹਿਰਾਸਤ ਤੋਂ ਬਾਹਰ ਹਨ। ਜ਼ਿਲ੍ਹੇ ਵਿੱਚ 7 ਵੱਡੇ ਗੈਂਗ ਸਰਗਰਮ ਹਨ। ਸਭ ਤੋਂ ਵੱਡਾ ਨੈੱਟਵਰਕ ਲਾਰੈਂਸ ਬਿਸ਼ਨੋਈ ਗੈਂਗ ਦਾ ਹੈ, ਜਿਸ ਦੇ 40 ਮੈਂਬਰ ਹਨ,




ਜਿਨ੍ਹਾਂ ਵਿਚ 28 ਸ਼ਹਿਰ ਦੇ ਅਤੇ 12 ਪੇਂਡੂ ਖੇਤਰਾਂ ਤੋਂ ਸ਼ਾਮਲ ਹਨ। ਗੋਲਡੀ ਬਰਾੜ ਗੈਂਗ ਦੂਜੇ ਸਥਾਨ ’ਤੇ ਹੈ, ਜਿਸ ਦੇ 17 ਸਰਗਰਮ ਮੈਂਬਰ ਹਨ। ਬੰਬੀਹਾ ਗੈਂਗ ਅਤੇ ਰਿੰਦਾ-ਲੰਡਾ ਗੈਂਗ ਹਰੇਕ ਦੇ 12 ਮੈਂਬਰ ਸੂਚੀ ਵਿੱਚ ਹਨ। ਜੈਪਾਲ ਭੁੱਲਰ ਗੈਂਗ ਦੇ ਛੇ, ਰਵੀ ਬਲਾਚੌਰੀਆ ਗੈਂਗ ਦੇ ਪੰਜ ਅਤੇ ਜੱਗੂ ਭਗਵਾਨਪੁਰੀਆ ਗੈਂਗ ਦੇ ਦੋ ਮੈਂਬਰ ਸੂਚੀਬੱਧ ਹਨ। ਅੰਕੜੇ ਦਰਸਾਉਂਦੇ ਹਨ ਕਿ ਲਗਭਗ 68 ਫ਼ੀਸਦੀ ਗੈਂਗਸਟਰ ਜੇਲ੍ਹ ਤੋਂ ਬਾਹਰ ਹਨ। ਇਸ ਸੂਚੀ ਵਿੱਚ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਅਪਰਾਧੀਆਂ ਦੇ ਨਾਮ ਵੀ ਸ਼ਾਮਲ ਹਨ। ਦਿਹਾਤੀ ਖੇਤਰ ਦੀ ਸੂਚੀ ਵਿੱਚ ਸੋਨੀਪਤ (ਹਰਿਆਣਾ) ਤੋਂ ਮੋਨੂੰ ਡਾਗਰ ਸ਼ਾਮਲ ਹੈ, ਜੋ ਇਸ ਸਮੇਂ ਜੇਲ੍ਹ ਵਿੱਚ ਹੈ। ਇਸੇ ਤਰ੍ਹਾਂ ਅਮਰੀਕ ਸਿੰਘ ਉਰਫ਼ ਵਿੱਕੀ ਮਰਾਡੋ, ਜੋਕਿ ਅਸਲ ਵਿੱਚ ਜਲੰਧਰ ਦਾ ਨਹੀਂ ਹੈ, ਇਥੇ ਸਰਗਰਮ ਮੰਨਿਆ ਜਾਂਦਾ ਹੈ। ਕਮਿਸ਼ਨਰੇਟ ਸੂਚੀ ਵਿੱਚ ਪੀਲੀਭੀਤ, ਉੱਤਰ ਪ੍ਰਦੇਸ਼ ਤੋਂ ਅਭਿਨਵ ਮਿਸ਼ਰਾ (ਬੰਬੀਹਾ ਗੈਂਗ) ਵੀ ਸ਼ਾਮਲ ਹੈ। ਇਹ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ ਕਿ ਜਲੰਧਰ ਅੰਤਰਰਾਜੀ ਗੈਂਗਸਟਰਾਂ ਲਈ ਇਕ ਸਰਗਰਮ ਕੇਂਦਰ ਬਣਦਾ ਜਾ ਰਿਹਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਸੀ. ਸੀ. ਟੀ. ਵੀ. ਫੁਟੇਜ ਉਪਲੱਬਧ ਹੈ, ਫਿਰ ਵੀ ਪੁਲਸ ਗੋਲ਼ੀਬਾਰੀ ਕਰਨ ਵਾਲਿਆਂ ਅਤੇ ਮਾਸਟਰਮਾਈਂਡ ਦੀ ਪਛਾਣ ਕਰਨ ਵਿੱਚ ਸਫ਼ਲ ਨਹੀਂ ਹੋਈ ਹੈ। ਤਕਨੀਕੀ ਸਬੂਤਾਂ ਦੇ ਆਧਾਰ ’ਤੇ ਤਾਜ਼ਾ ਫਾਇਰਿੰਗ ਮਾਮਲਿਆਂ ਵਿਚ ਵੀ ਜਾਂਚ ਤਕਨੀਕੀ ਸਬੂਤਾਂ ਦੇ ਆਧਾਰ ’ਤੇ ਜਾਰੀ ਹੈ ਪਰ ਹੁਣ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

## ਜਲੰਧਰ ’ਚ ਤੇਜ਼ ਰ.ਫਤਾਰ ਸ.ਫਾਰੀ ਕਾਰ ਨੇ ਮੋਟਰਸਾਈਕਲ ਸਵਾਰਾਂ ਨੂੰ ਮਾਰੀ ਟੱਕਰ

ਜਲੰਧਰ 9 ਮਈ। ਕਾਲਾ ਸਘੀਆਂ ਇਲਾਕੇ ’ਚ ਇਕ ਤੇਜ਼ ਰਫ਼ਤਾਰ ਸਫਾਰੀ ਕਾਰ ਨੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਨੌਜਵਾਨ 7 ਤੋਂ 10 ਫੁੱਟ ਹੇਠਾਂ ਡਿੱਗ ਗਏ ਅਤੇ ਜ਼ੋਰਦਾਰ ਟੱਕਰ ਨਾਲ ਜ਼ਮੀਨ ’ਤੇ ਡਿੱਗ ਗਏ। ਹਾਦਸੇ ਦੌਰਾਨ ਉਥੋਂ ਪੈਦਲ ਜਾ ਰਹੀਆਂ ਔਰਤਾਂ ਅਤੇ ਇਕ ਬੱਚੀ ਵਾਲ-ਵਾਲ ਬਚ ਗਏ। ਇਹ ਸਾਰੀ ਘਟਨਾ ਨੇੜੇ ਦੇ ਸੀ. ਸੀ. ਟੀ. ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ। ਹਾਦਸੇ ਤੋਂ ਬਾਅਦ ਮੌਕੇ ਉਤੇ ਨੇੜਲੇ ਲੋਕ ਇਕੱਠੇ ਹੋ ਗਏ ਅਤੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਲੋਕਾਂ ਨੇ ਐਂਬੂਲੈਂਸ ਨੂੰ ਫੋਨ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਇਕ ਨੌਜਵਾਨ ਘਟਨਾ ਸਥਾਨ ’ਤੇ ਪੂਰੀ ਤਰ੍ਹਾਂ ਬੇਹੋਸ਼ ਸੀ ਅਤੇ ਦੂਜੇ ਦੀਆਂ ਦੋਵੇਂ ਲੱਤਾਂ ਵਿੱਚ ਫਰੈਕਚਰ ਸਨ। ਮੌਕੇ ’ਤੇ ਮੌਜੂਦ ਅਮਰੀਕ ਸਿੰਘ ਨੇ ਦੱਸਿਆ ਕਿ ਸਫ਼ਾਰੀ ਕਾਰ ’ਚ ਦੋ ਲੋਕ ਸਵਾਰ ਸਨ ਅਤੇ ਕਾਰ ਘਾਹ ਮੰਡੀ ਤੋਂ ਕਾਲਾ ਸਘੀਆਂ ਰੋਡ ਵੱਲ ਜਾ ਰਹੀ ਸੀ। ਇਸੇ ਦੌਰਾਨ ਕਾਰ ਚਾਲਕ ਨੇ ਸਾਹਮਣੇ ਤੋਂ ਆ ਰਹੇ ਇਕ ਬਾਈਕ ਸਵਾਰ ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਦੌਰਾਨ ਬਾਈਕ ਸਵਾਰ ਉਛਲ ਕੇ ਜ਼ਮੀਨ ’ਤੇ ਡਿੱਗ ਪਏ ਅਤੇ ਹਾਦਸੇ ਦੌਰਾਨ ਦੋਵੇਂ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਏ। ਲੋਕਾਂ ਨੇ ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਅਤੇ ਪੁਲਸ ਨੂੰ ਸੂਚਿਤ ਕੀਤਾ। ਉਸ ਨੇ ਦੱਸਿਆ ਕਿ ਰਾਤ ਨੂੰ ਅਕਸਰ ਵਾਹਨ ਤੇਜ਼ ਰਫ਼ਤਾਰ ਨਾਲ ਚੱਲਦੇ ਹਨ, ਉਸ ਨੇ ਕਈ ਵਾਰ ਇਲਾਕੇ ’ਚ ਸਪੀਡ ਬ੍ਰੇਕਰ ਬਣਾਉਣ ਦੀ ਮੰਗ ਕੀਤੀ ਹੈ ਪਰ ਕੋਈ ਨਹੀਂ ਸੁਣਦਾ। ਭਾਰਗੋ ਕੈਂਪ ਥਾਣੇ ਦੀ ਪੁਲਸ ਨੇ ਕਾਰ ਸਵਾਰ ਨੌਜਵਾਨਾਂ ਨੂੰ ਹਿਰਾਸਤ ’ਚ ਲੈ ਕੇ ਥਾਣੇ ਲੈ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ।

## ਮੋਟਰ ਗੈਰੇਜ ’ਚ ਮਕੈਨਿਕ ਵੱਲੋਂ ਖ਼ੁਦਕੁਸ਼ੀ, ਲਟਕਦੀ ਮਿਲੀ ਲਾਸ਼

ਮੁਕਤਸਰ ਸਾਹਿਬ 9 ਮਈ। ਸ਼ਹਿਰ ਦੇ ਜਲਾਲਾਬਾਦ ਰੋਡ ਬਾਈਪਾਸ ’ਤੇ ਵਿਸ਼ਵਕਰਮਾ ਮੋਟਰ ਗੈਰੇਜ ’ਚ ਮਕੈਨਿਕ ਵੱਲੋਂ ਖ਼ੁਦਕੁਸ਼ੀ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾਂਦਾ ਹੈ ਕਿ ਇਸ ਘਟਨਾ ਦਾ ਪਤਾ ਸ਼ਨੀਵਾਰ ਤੜਕੇ ਉਸ ਵੇਲੇ ਲੱਗਿਆ ਜਦੋਂ ਗੈਰੇਜ ’ਚ ਕੰਮ ਕਰਦੇ ਹੋਰ ਮਕੈਨਿਕ ਗੈਰੇਜ ਖੋਲਣ ਆਏ ਤਾਂ ਅੰਦਰੋਂ ਕੁੰਡੀ ਲੱਗੀ ਹੋਈ ਸੀ ਤੇ 15 ਤੋਂ 17 ਫੁੱਟ ਉੱਚੇ ਗਾਰਡਰ ਨਾਲ ਫਾਹਾ ਲਾ ਕੇ ਮਕੈਨਿਕ ਦੀ ਲਾਸ਼ ਲਟਕਦੀ ਨਜ਼ਰ ਆ ਰਹੀ ਸੀ। ਮ੍ਰਿਤਕ ਮਕੈਨਿਕ ਦੀ ਪਛਾਣ ਸੋਨੂੰ ਵਾਸੀ ਪਿੰਡ ਥਾਂਦੇਵਾਲਾ ਵਜੋਂ ਹੋਈ ਹੈ। ਦੱਸਦੇ ਨੇ ਕਿ ਇਹ ਸ਼ੁੱਕਰਵਾਰ ਨੂੰ ਘਰ ਹੀ ਨਹੀਂ ਗਿਆ ਸੀ ਤੇ ਸ਼ਨੀਵਾਰ ਨੂੰ ਗੈਰੇਜ ਚ ਇਸਦੀ ਲਾਸ਼ ਲਟਕਦੀ ਮਿਲੀ। ਘਟਨਾ ਦਾ ਪਤਾ ਲਗੱਦਿਆਂ ਮ੍ਰਿਤਕ ਦੇ ਪਰਿਵਾਰਕ ਮੈਂਬਰ ਤੇ ਹੋਰ ਲੋਕ ਘਟਨਾਸਥਲ ’ਤੇ ਇੱਕਠਾ ਹੋਣੇ ਸ਼ੁਰੂ ਹੋ ਗਏ ਤੇ ਪੁਲਸ ਨੂੰ ਸੂਚਤ ਕੀਤਾ ਗਿਆ। ਇਸ ਮਗਰੋਂ ਪੁਲਸ ਨੇ ਪਹੁੰਚ ਕੇ ਲਾਸ਼ ਨੂੰ ਪੋਸਟਮਾਰਟਮ ਲਈ ਭਿਜਵਾ ਦਿੱਤਾ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਮ੍ਰਿਤਕ ਵਿਆਹੁਤਾ ਸੀ ਤੇ ਉਸਦਾ ਦੋ ਮਹੀਨੇ ਦਾ ਇਕ ਬੱਚਾ ਵੀ ਹੈ। ਉਸ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਹੈ। ਮ੍ਰਿਤਕ ਕੋਲੋਂ ਕੋਈ ਸੁਸਾਈਡ ਨੋਟ ਵੀ ਨਹੀਂ ਮਿਲਿਆ ਹੈ। ਜਾਂਚਕਰਤਾ ਏਐਸਆਈ ਲਖਵਿੰਦਰ ਸਿੰਘ, ਏਐਸਆਈ ਗੁਰਾਦਿੱਤਾ ਸਿੰਘ ਤੇ ਹੌਲਦਾਰ ਜਸਵਿੰਦਰ ਸਿੰਘ ਨੇ ਮੌਕੇ ’ਤੇ ਪਹੁੰਚ ਕੇ ਕਾਰਵਾਈ ਕਰਦਿਆਂ ਲਾਸ਼ ਨੂੰ ਕਬਜ਼ੇ ’ਚ ਲੈ ਕੇ ਪੋਸਟਮਾਰਟਮ ਲਈ ਭਿਜਵਾ ਦਿੱਤਾ ਹੈ ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਏਐੱਸਆਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਕੁੱਝ ਤਨਾਅ ’ਚ ਚੱਲ ਰਿਹਾ ਸੀ ਅਤੇ ਉਸਨੇ ਸ਼ਰਾਬ ਪੀਤੀ ਸੀ ਤੇ ਇਸੇ ਤਨਾਅ ’ਚ ਉਸਨੇ ਇਹ ਕਦਮ ਚੁੱਕ ਲਿਆ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਤੇ ਸਹੁਰੇ ਪੱਖ ਦੇ ਮੈਂਬਰਾਂ ਦੇ ਬਿਆਨਾਂ ਦੇ ਅਧਾਰ ਤੇ 174 ਦੀ ਕਾਰਵਾਈ ਕੀਤੀ ਜਾ ਰਹੀ ਹੈ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਅਸਹਿ ਤੇ ਅਕਹਿ ਪੀੜ



ਪਰਮਜੀਤ ਕੌਰ ਸਰਹਿੰਦ
98728-98599

ਪੀੜ ਤਨ ਦੀ ਸਹਿਣੀ ਬੜੀ ਔਖੀ ਹੁੰਦੀ ਹੈ ਤੇ ਮਨ ਦੀ ਵੀ। ਤਨ ਦੀ ਪੀੜ ਨੂੰ ਦਰਦ ਨਿਵਾਰਕ ਦਵਾਈਆਂ ਨਾਲ ਦੂਰ ਕੀਤਾ ਜਾ ਸਕਦਾ ਹੈ ਜਾਂ ਥੋੜ੍ਹੀ-ਬਹੁਤੀ ਦੇਰ ਲਈ ਸੁਆਇਆ ਜਾ ਸਕਦਾ ਹੈ ਪਰ ਮਨ ਦੀ ਪੀੜ ਅਸਹਿ ਹੋਣ ਦੇ ਨਾਲ ਅਕਹਿ ਵੀ ਹੁੰਦੀ ਹੈ। ਇਸ ਪੀੜ ਦਾ ਦਾਰੂ ਵੱਡੇ-ਵੱਡੇ ਵੈਦ-ਹਕੀਮਾਂ ਕੋਲ ਵੀ ਨਹੀਂ ਹੁੰਦਾ। ਕਈ ਵਾਰ ਇਹ ਮਰਜ਼ ਉਨ੍ਹਾਂ ਨੂੰ ਲੱਭਦੀ ਹੀ ਨਹੀਂ। ਮਨ ਦੀ ਪੀੜ ਬਾਰੇ ਗੁਰਬਾਣੀ ਵੀ ਇਹ ਕਹਿੰਦੀ ਹੈ :

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹ॥
ਭੋਲਾ ਵੈਦੁ ਨ ਜਾਣਇ ਕਰਕ ਕਲੇਜੇ ਮਾਹਿ॥

## ਸੰਵੇਦਨਸ਼ੀਲ ਮਨੁੱਖ

ਕਿਸੇ ਸੰਵੇਦਨਸ਼ੀਲ ਮਨੁੱਖ ’ਤੇ ਮਨ ਦੀ ਪੀੜ ਬਹੁਤ ਮਾਰੂ ਅਸਰ ਕਰਦੀ ਹੈ। ਇਸ ਪੀੜ ਨਾਲ ਮਨੁੱਖ ਕਈ ਵਾਰ ਨੀਮ ਪਾਗ਼ਲ ਵੀ ਹੋ ਜਾਂਦੈ। ਇਹ ਕਿਸੇ ਨੂੰ ਕਿਸੇ ਅਸਧਾਰਨ ਰੋਗ ਦਾ ਰੋਗੀ ਵੀ ਬਣਾ ਦਿੰਦੀ ਹੈ। ਇਹੋ ਮਨ ਦੀ ਪੀੜ ਦਿਮਾਗ਼ ਦੀ ਨਾੜੀ ਫੱਟਣ (ਬਰੇਨ ਹੈਮਰੇਜ ) ਜਾਂ ਦਿਲ ਦਾ ਦੌਰਾ ਪੈਣ (ਹਾਰਟ ਅਟੈਕ) ਦਾ ਕਾਰਨ ਵੀ ਹੋ ਨਿਬੜਦੀ ਹੈ। ਇਸ ਪੀੜ ਹੱਥੋਂ ਹਾਰਿਆ ਮਨੁੱਖ ਕਈ ਵਾਰ ਖ਼ੁਦਕਸ਼ੀ ਵੀ ਕਰ ਲੈਂਦਾ ਹੈ। ਬੇਸ਼ੱਕ ਮਨ ਦੀ ਪੀੜ ਮਰਦ ਜਾਂ ਔਰਤ ਕਿਸੇ ਨੂੰ ਵੀ ਸਹਿਣੀ ਪੈ ਸਕਦੀ ਹੈ ਪਰ ਇਹ ਗਲ ਬਹੁਤ ਮਹੱਤਵਪੂਰਨ ਹੈ ਕਿ ਮਨ ਦੀਆਂ ਬਹੁਤੀਆਂ ਪੀੜਾ ਔਰਤ ਦੇ ਹਿੱਸੇ ਹੀ ਆਈਆਂ ਨੇ। ਖ਼ਾਸ ਕਰ ਵਿਧਵਾ, ਬਾਂਝ ਤੇ ਮਤਰੇਈ ਮਾਂ ਅਖਵਾਉਣ ਦੀ ਪੀੜ ਅਤੇ ਇਹ ਸਭ ਸਹਿਣ ਦੀ ਪੀੜ! ਕਿਸੇ ਔਰਤ ਲਈ ਬਾਂਝ ਅਖਵਾਉਣਾ ਤੇ ਬਾਂਝਪਣ ਦੇ ਦੁੱਖ ਤੋਂ ਵੀ ਜ਼ਿਆਦਾ ਪੀੜ ਭਰਿਆ ਹੁੰਦੈ ਜਦ ਇਸ ਦੇ ਲਈ ਮਰਦ ਜ਼ਿੰਮੇਵਾਰ ਹੁੰਦਾ ਹੈ।

## ਯਾਦ ਦੀ ਪੀੜ

ਕਈ ਵਾਰ ਮਾਪੇ ਸਹੁਰੇ ਦੁਬਾਰਾ ਉਸ ਨੂੰ ਨਵੀਂ ਜ਼ਿੰਦਗੀ ਦੇ ਰਾਹ ’ਤੇ ਤੋਰ ਵੀ ਦਿੰਦੇ ਹਨ ਪਰ ਅਤੀਤ ਦੀ ਪੀੜ ਉਸ ਦੇ ਧੁਰ ਅੰਦਰ ਸਮਾਈ ਰਹਿੰਦੀ ਹੈ। ਵਿਛੜੇ ਸੱਜਣ ਦੀ ਯਾਦ ਦੀ ਪੀੜ, ਜਿਸ ਨਾਲ ਉਸ ਨੇ ਜ਼ਿੰਦਗੀ ਦੇ ਕੁਝ ਰੰਗਲੇ ਪਲ ਗੁਜ਼ਾਰੇ ਹੁੰਦੇ ਨੇ, ਉਸ ਨੂੰ ਤੜਪਾ-ਤੜਪਾ ਜਾਂਦੀ ਹੈ। ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ ‘ਇਹੋ ਹਮਾਰਾ ਜੀਵਣਾ ’ ਦੀ ਨਾਇਕਾ ‘ਭਾਨੋ’ ਇਹ ਪੀੜ ਸਹਿੰਦੀ ਹੰਢਾਉਂਦੀ ਮੈਨੂੰ ਕਦੇ ਨਹੀ ਭੁੱਲਦੀ।

ਕਈ ਵਾਰ ਕਿਸੇ ਅਭਾਗੀ ਨੇ ਦੋ-ਚਾਰ ਵਰ੍ਹੇ ਹੀ ਆਪਣੇ ਰੰਗਲੇ ਸੱਜਣ ਨਾਲ ਗੁਜ਼ਾਰੇ ਹੁੰਦੇ ਨੇ, ਫੁੱਲਾਂ ਵਰਗੇ ਬੱਚੇ ਵੀ ਰੱਬ ਨੇ ਝੋਲੀ ਪਾਏ ਹੁੰਦੇ ਨੇ ਪਰ ਸਭ ਖ਼ੁਸ਼ੀਆਂ ਲੁੱਟ ਜਾਂਦੀਆਂ ਨੇ, ਜਦੋਂ ਪਤੀ ਕਿਸੇ ਬਿਮਾਰੀ ਜਾਂ ਹਾਦਸੇ ਕਾਰਨ ਸਦਾ ਲਈ ਤੁਰ ਜਾਂਦਾ ਹੈ। ਹੋਰ ਵੀ ਕਹਿਰ ਤਾਰ-ਤਾਰ ਹੋਏ ਰੰਗਲੇ ਸਾਲੂ ਵਾਲੀ ਤੇ ਉਦੋਂ ਵਰਤਦਾ ਹੈ, ਜਦੋਂ ਉਹ ਵਿਛੜ ਸੱਜਣੇ ਦੇ ਬੱਚੇ ਨੂੰ ਜਨਮ ਬਾਅਦ ’ਚ ਦਿੰਦੀ ਹੈ। ਜ਼ਿੰਦਗੀ ਦੇ ਉਹ ਪਲ ਉਹ ਅਭਾਗੀ ਕਿਵੇਂ ਗੁਜ਼ਾਰਦੀ ਹੈ?

## ਕੁਰਬਾਨੀ

ਸਭ ਤੋਂ ਵੱਡੀ ਸੱਟ ਕਈ ਵਾਰ ਹੋਣੀ ਹੋਰ ਮਾਰਦੀ ਹੈ, ਜਦੋਂ ਉਹ ਔਲਾਦ ਜਵਾਨ ਹੋ ਕੇ ਮਾਂ ਦੀ ਕੀਤੀ ਕੁਰਬਾਨੀ ਜਾਂ ਰੋਲ਼ੀ ਜਵਾਨੀ ਨੂੰ ਭੁੱਲ ਜਾਂਦੀ ਹੈ, ਉਸ ਤੋਂ ਬੇਮੁੱਖ ਜਾਂ ਬਾਹਰੀ ਹੋ ਜਾਂਦੀ ਹੈ। ਇਹ ਪੀੜ ਉਹ ਕਿਵੇਂ ਜ਼ਰਦੀ ਹੈ, ਉਹ ਔਰਤ ਹੀ ਜਾਣਦੀ ਹੈ। ਅਜਿਹੀ ਦਸ਼ਾ ਬੇਸ਼ਕ ਮਰਦ ਦੀ ਵੀ ਹੁੰਦੀ ਹੈ, ਜਦੋਂ ਭਰੀ ਜਵਾਨੀ ’ਚ ਕਿਸੇ ਦੀ ਪਤਨੀ ਜਗ ਤੋਂ ਤੁਰ ਜਾਂਦੀ ਹੈ। ਉਹ ਵੀ ਇਹ ਪੀੜ ਹੰਢਾਉਂਦਾ ਹੈ ਪਰ ਕਿਸੇ ਔਰਤ ਨਾਲੋਂ ਬਹੁਤ ਘੱਟ ਕਿਉਂਕਿ ਉਸ ਨੂੰ ਉਹ ਸਮੱਸਿਆਵਾਂ ਦਰਪੇਸ਼ ਨਹੀਂ ਆਉਂਦੀਆਂ, ਜੋ ਇਕ ਔਰਤ ਨੂੰ ਆਉਂਦੀਆਂ ਨੇ। ਉਸ ’ਤੇ ਸਮਾਜ ਵੱਲੋਂ ਬੰਧਨ ਨਹੀਂ ਹੁੰਦੇ, ਕੋਈ ਨੁਕਤਾਚੀਨੀਆਂ ਨਹੀਂ ਹੁੰਦੀਆਂ। ਆਮ ਤੌਰ ’ਤੇ ਮਰਦ ਦੂਜਾ ਵਿਆਹ ਕਰਵਾ ਲੈਂਦਾ ਹੈ, ਬੱਚੇ ਹੋਣ ਤਾਂ ਵੀ, ਨਾ ਹੋਣ ਤਾਂ ਵੀ। ਇਸ ਤਰ੍ਹਾਂ ਉਹ ਆਪਣੀ ਨਵੀਂ ਦੁਨੀਆ ’ਚ ਪਰਚ ਜਾਂਦਾ ਹੈ। ਇਸ ਹਾਲਤ ’ਚ ਵੀ ਪੀੜ ਔਰਤ ਦੇ ਹਿੱਸੇ ਹੀ ਆਉਂਦੀ ਹੈ।

## ਨਕਾਰਾਤਮਿਕ ਸੋਚ

ਦੁੱਖ ਭੋਗ ਰਹੀਆਂ ਅਜਿਹੀਆਂ ਨੂੰਹਾਂ ਧੀਆਂ ਦੇ ਜੰਮਣ ਸਹੇੜਨ ਵਾਲੀਆਂ ਜਿੰਦਾ ਵੀ ਸੌਖੀਆਂ ਨਹੀਂ ਹੁੰਦੀਆਂ। ਕਿਸੇ ਅਜਿਹੇ ਸੱਜਣ ਨਾਲ ਮੇਰੀ ਫੋਨ ’ਤੇ ਗੱਲ ਹੋਈ, ਜੋ ਹਮੇਸ਼ਾ ਚੜ੍ਹਦੀ ਕਲਾ ’ਚ ਰਹਿਣ ਵਾਲਾ ਤੇ ਦਲੇਰ ਜਾਪਦਾ ਸੀ ਪਰ ਇਸ ਵਿਸ਼ੇ ’ਤੇ ਗੱਲ ਤਾਂ ਪਤਾ ਲੱਗਾ ਕਿ ਉਸ ਦੀ ਜਵਾਨ ਧੀ ਦਾ ਪਤੀ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਅਤੇ ਉਹ ਦਲੇਰ ਬੰਦਾ, ਇਕ ਦੁਖੀਆ ਪਿਓ ਗੱਲ ਕਰਦਿਆ ਰੋ ਪਿਆ ਸੀ। ਮੈਂ ਮਰਦ ਬਹੁਤ ਘੱਟ ਰੋਂਦਾ ਦੇਖਿਆ ਸੁਣਿਆ ਹੈ। ਸੋ ਇਹ ਪੀੜ ਮਰਦ ਨੂੰ ਵੀ ਰੁਆ ਦੇਣ ਵਾਲੀ ਹੈ। ਅਜਿਹੀ ਧੀ ਭੈਣ ਨੂੰ ਵਹਿਮਾਂ- ਭਰਮਾਂ ਦੇ ਮਾਰੇ ਲੋਕ ਟੇਢੀ ਅੱਖ ਨਾਲ ਤੱਕ ਦੇ ਹਨ। ਉਸ ਦੇ ਕਿਸੇ ਸ਼ਗਨ ਮਹੂਰਤ ’ਚ ਸ਼ਾਮਲ ਹੋਣ ਜਾਂ ਸਾਹਮਣੇ ਹੋਣ ਨੂੰ ਅਸ਼ੁੱਭ ਮੰਨਦੇ ਨੇ। ਬੇਸ਼ੱਕ ਇਹ ਨਿਰਾਰਥ ਤੇ ਬਹੁਤ ਨਕਾਰਾਤਮਿਤ ਸੋਚ ਹੈ ਅਜਿਹੀ ਸਥਿਤੀ ’ਚ ਉਸ ਔਰਤ, ਮੁਟਿਆਰ ਜਾਂ ਉਸ ਦੇ ਮਾਪੇ ਸਹੁਰਿਆ ਦੇ ਮਨਾਂ ’ਤੇ ਕੀ ਬੀਤਦੀ ਹੈ, ਇਹ ਉਹੀ ਜਾਣਦੇ ਨੇ।

## ਵਿਧਵਾ ਲਫ਼ਜ਼

ਕਿਸੇ ਕਰਮਾਂ ਮਾਰੀ ਲਈ ਜਦੋਂ ਕੋਈ ਕਮ ਅਕਲ, ਰੰਡੀ ਜਾਂ ਵਿਧਵਾ ਲਫ਼ਜ਼ ਵਰਤਦਾ ਹੈ ਤਾਂ ਉਹ ਲਫਜ਼ ਉਸ ਦੇ ਆਪਣੇ ਮਨ ’ਚ ਅਤੇ ਉਸ ਦੇ ਮਾਪੇ ਸਹੁਰਿਆਂ ਦੇ ਮਨ ’ਚ ਲੱਖਾਂ ਸੂਈਆਂ ਬਣ ਕੇ ਪੁੜ ਜਾਂਦੇ ਨੇ। ਇਹ ਪੀੜ ਹਰ ਵੇਲੇ ਸੂਲੀ ’ਤੇ ਚੜ੍ਹਨ ਵਰਗੀ ਜਾਂ ਹਰ ਵੇਲੇ ਨੰਗੇ ਪੈਰੀ ਸੂਲਾਂ ’ਤੇ ਤੁਰਨ ਵਰਗੀ ਹੁੰਦੀ ਹੈ। ਜਦੋਂ ਕਿਸੇ ਮੁਟਿਆਰ ਦੀ ਖਾਣ-ਪਹਿਨਣ ਦੀ ਉਮਰ ’ਚ ਪਰਮਾਤਮਾ ਉਸ ਨੂੰ ਚਿੱਟੀ ਚੁੰਨੀ ਦੀ ਜੂਨ ’ਚ ਪਾ ਦਿੰਦਾ ਹੈ, ਇਹ ਕਹਿਰ ਝੱਲਣਾ ਸੌਖਾ ਨਹੀਂ। ਅਜੇ ਉਸ ਨੇ ਚਾਵਾਂ ਨਾਲ ਬਣਾਏ ਕੱਪੜੇ ਗਹਿਣੇ ਹੰਢਾਏ ਵੀ ਨਹੀਂ ਹੁੰਦੇ, ਤਨ ਨੂੰ ਛੁਹਾਏ ਵੀ ਨਹੀਂ ਕਿ ਉਹ ਉਸ ਲਈ ਵਰਜਿਤ ਜਿਹੇ ਹੋ ਜਾਂਦੇ ਨੇ। ਉਸ ਦੇ ਕਿਧਰੇ ਆਉਣ ਜਾਣ ’ਤੇ ਵੀ ਜਿਵੇਂ ਸਮਾਜ ਵੱਲੋਂ ਪਾਬੰਦੀਆਂ ਲੱਗ ਜਾਂਦੀਆ ਹਨ। ਦਕੀਆਨੂਸੀ ਰਿਵਾਜ ਕੰਡਿਆਲੀ ਥੋਹ੍ਰ ਵਾਂਗ ਉਸ ਦੇ ਦੁਆਲੇ ਉੱਗ ਖਲੋਂਦੇ ਨੇ। ਅਜਿਹੀ ਪੀੜ ਹੰਢਾਉਂਦੀ, ਜਦੋਂ ਉਹ ਆਪਣੇ ਰੰਗਲੇ ਸੱਜਣ ਨਾਲ ਰੰਗਲੀ ਰੁੱਤੇ ਆਪਣੇ ਸਿਰ ’ਤੇ ਸੂਹਾ ਰੰਗਲਾ ਸਾਲੂ ਲੈ ਕੇ ਖਿਚਾਈ ਤਸਵੀਰ ਦੇਖਦੀ ਅੱਥਰੂ ਵਹਾਉਂਦੀ ਹੈ, ਉਨ੍ਹਾਂ ਅੱਥਰੂਆਂ ਨੂੰ ਹੀ ਸ਼ਾਇਦ ਖ਼ੂਨ ਦੇ ਅੱਥਰੂ ਕਹੀ ਦੈ! ਅਜਿਹੇ ਮੌਕੇ ਉਸ ਦੀ ਦੁਖੀ ਰੂਹ ਪੀੜ ਨਾਲ ਵਿਲਕਦੀ ਕਹਿੰਦੀ ਹੈ :

ਦਿਨ ਲੁੱਟ ਗਏ ਬਹਾਰਾਂ ਦੇ
ਚੰਨਾ ਮੇਰਾ ਦੁੱਖ ਸੁਣ ਕੇ
ਰੋਂਦੇ ਪੱਥਰ ਪਹਾੜਾਂ ਦੇ।
ਪਾਣੀ ਸੁੱਕ ਗਿਆ ਨਹਿਰ ਵਿੱਚੋਂ,
ਚੰਨਾ ਵੇ ਮੈਂ ਉੱਜੜ ਗਈ
ਤੇਰੇ ਵਸਦੇ ਸ਼ਹਿਰ ਵਿੱਚੋਂ।

ਇਹ ਪੀੜ ਸੱਚ-ਮੁੱਚ ਪੱਥਰਾਂ ਨੂੰ ਰੁਆ ਦੇਣ ਦੇ ਸਮਰੱਥ ਹੈ।

## ਨਕਾਬਪੋਸ਼

ਹੋਣੀ ਦਾ ਸ਼ਿਕਾਰ, ਖ਼ਾਸ ਕਰ ਜਵਾਨ ਔਰਤ ਨੂੰ ਕਈ ਵਾਰੀ ਰੂਪ ਦੇ ਸ਼ਿਕਾਰੀ ਹਮਦਰਦੀ ਦਾ ਨਾਕਾਬ ਪਹਿਨ ਕੇ ਵਰਗਲਾਉਣ ਦੀ ਕੋਸ਼ਿਸ਼ ਵੀ ਕਰਦੇ ਨੇ। ਅਜਿਹੀ ਔਰਤ ਨੂੰ ਜਿਹੜੀ ਇਕੱਲੀ ਰਹਿੰਦੀ ਹੋਵੇ, ਉਸ ਨੂੰ ਤਾਂ ਨੀਵੀਂ ਸੋਚ ਵਾਲੇ ‘ਸ਼ਾਮਲਾਟ’ ਦੀ ਜ਼ਮੀਨ ਵਰਗੀ ਸਮਝਦੇ, ਉਸ ਦੇ ਬੇਸਹਾਰਾ ਹੋਣ ਕਾਰਨ ਮੱਲੋ-ਮੱਲੀ ਉਸ ’ਤੇ ਆਪਣਾ ਹੱਕ ਜਤਾਉਂਦੇ ਨੇ। ਕਈ ਵਾਰ ਅਜਿਹੇ ਬਰਬਾਦ ਹੋਏ ਘਰਾਂ ਵਿਚ ਕੋਈ ‘ਘੜੰਮ ਚੋਧਰੀ’ ਵੀ ਹਮਦਰਦੀ ਦਾ ਨਕਾਬ ਪਹਿਨ ਕੇ ਦੁਖਿਆਰਿਆਂ ਲਈ ਹੋਰ ਦੁੱਖ ਲੈ ਕੇ ਆਉਂਦਾ ਹੈ।

## ਜ਼ਮੀਨ-ਜਾਇਦਾਦ


ਕਮਾਊ ਔਰਤਾਂ ਇਸ ਸੱਟ ਨੂੰ ਕੁਝ ਸੌਖਿਆਂ ਜ਼ਰ ਜਾਂਦੀਆਂ ਨੇ। ਚੰਗੀ ਚੋਖੀ ਜ਼ਮੀਨ-ਜਾਇਦਾਦ ਵਾਲੇ ਘਰ ਦੀ ਨੂੰਹ ਵੀ ਗੁਜ਼ਰ-ਬਸਰ ਕਰ ਲੈਂਦੀ ਹੈ। ਇਸ ਦੇ ਉਲਟ ਅਨਪੜ੍ਹ ਜਾਂ ਗ਼ਰੀਬ ਘਰ ਦੀ ਨੂੰਹ -ਧੀ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਹੋ ਸਕੇ ਮਾਪਿਆਂ ਸਹੁਰਿਆਂ ਦੀ ਰਜ਼ਾਮੰਦੀ ਨਾਲ ਅਤੇ ਆਪਣੇ ਜਾਂ ਬੱਚਿਆਂ ਬਾਰੇ ਸੋਚ ਵਿਚਾਰ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ।

ਸਿਆਣੀਆਂ ਨੂੰਹਾਂ-ਧੀਆਂ ਜੋ ਨਵਾਂ ਜੀਵਨ ਸ਼ੁਰੂ ਨਹੀਂ ਕਰਨਾ ਚਾਹੁੰਦੀਆਂ, ਆਪਣੇ ਘਰ ’ਚ ਵੱਡਿਆਂ ਦੀ ਛਾਂ ਥੱਲੇ ਆਪਣਾ ਸਿਖਰ ਦੁਪਹਿਰ ਵਰਗਾ ਜੀਵਨ ਕੁਝ ਸੌਖਾ ਕੱਟ ਲੈਂਦੀਆਂ ਨੇ। ਇਹ ਆਪਣੇ ਨਾਲ-ਨਾਲ ਬੱਚਿਆਂ ਦਾ ਭਵਿੱਖ ਵੀ ਰੌਸ਼ਨ ਕਰ ਲੈਦੀਆਂ ਨੇ ਪਰ ਕੁਝ ਘਰਦਿਆਂ ਤੋਂ ਬਾਹਰੀਆਂ ਹੋਈਆਂ ਆਪ ਵੀ ਰੁਲਦੀਆਂ ਨੇ ਤੇ ਬੱਚਿਆਂ ਨੂੰ ਵੀ ਰੋਲਦੀਆਂ ਨੇ। ਸਾਡੇ ਸਮਾਜ ਵੱਲੋਂ ਤਾਂ ਚੰਗੀ ਭਲੀ ਔਰਤ ’ਤੇ ਨਿੱਕੀ ਜਿਹੀ ਗੱਲੋਂ ਤੁਹਮਤਾਂ ਲੱਗਾ ਦਿੱਤੀਆਂ ਜਾਂਦੀਆਂ ਨੇ ਅਜਿਹੀ ਹਾਲਤ ‘ਚ ਤਾਂ ਔਰਤਾਂ ਦੀ ਹਰ ਕਦਮ ’ਤੇ ਜਿਵੇਂ ਅਗਨੀ ਪ੍ਰੀਖਿਆਂ ਹੁੰਦੀ ਹੈ ਅਤੇ ਉਹ ਹਰ ਕਦਮ ’ਤੇ ਅਸਹਿ ਪੀੜ ਸਹਿਦੀ, ਜਿਵੇਂ ਆਪਣੇ ਪੀੜ ਪਰੁੰਨੇ ਦਿਲ ਨੂੰ ਕਹਿੰਦੀ ਹੈ,

ਕੌਣ ਸਹੇ ਤੇਰੀ ਪੀੜ। •

### ਹੱਥੀ ਛਾਵਾਂ ਕਰਨਾ

ਅਜਿਹੀਆ ਮੁਟਿਆਰਾਂ ਨੂੰ ਆਪਣੇ ਅਰਮਾਨਾਂ ਦਾ ਖ਼ੂਨ ਤਾਂ ਕਰਨਾ ਹੀ ਪੈਂਦਾ ਹੈ ਪਰ ਕਈ ਵਾਰ ਮਾਸੂਮ ਦੇ ਚਾਅ ਵੀ ਰੁਲ਼ ਜਾਂਦੇ ਹਨ। ਆਪਣੇ ਬੱਚਿਆਂ ਨੂੰ ਮਾਂ ਤੇ ਪਿਓ ਦੋਵਾਂ ਦਾ ਪਿਆਰ ਦਿੰਦੀਆਂ ਉਹ ਆਪਾ ਕੁਰਬਾਨ ਕਰਦੀਆਂ ਨੇ। ਇਨ੍ਹਾਂ ਦੇ ਜੰਮਣ ਸਹੇੜਨ ਵਾਲੇ ਵੀ ਅਸਹਿ ਪੀੜ ਹੰਢਾਉਂਦੇ, ਉਨ੍ਹਾਂ ਤੋਂ ਛੁਪ-ਛੁਪ ਰੋਂਦੇ ਨੇ। ਜਦੋਂ ਭੋਲ਼ੇ-ਭਾਲ਼ੇ ਬੱਚੇ ਹੱਸਦੇ ਖੇਡਦੇ ਨੇ ਤਾਂ ਵੀ ਆਪਣੀ ਨੂੰਹ-ਧੀ ਅਤੇ ਬੱਚਿਆਂ ਨੂੰ ਦੇਖ-ਦੇਖ ਤੜਪਦੇ ਨੇ ਕਿ ਪਿਓ ਨੇ ਕਦੇ ਇਹ ਖੇਡਦੇ ਨਹੀਂ ਦੇਖਣੇ, ਜੇ ਉਹ ਕਦੇ ਰੋਂਦੇ ਨੇ ਤਾਂ ਵੀ ਬੱਚਿਆਂ ਦੀ ਮਾਂ ਤੋਂ ਅਤੇ ਵੱਡਿਆਂ ਤੋਂ ਉਹ ਝੱਲੇ ਨਹੀਂ ਜਾਂਦੇ। ਹਾਲਾਤ ਉਦੋਂ ਹੋਰ ਵੀ ਬਦਤਰ ਹੋ ਜਾਂਦੇ ਨੇ, ਜਦੋਂ ਸਹੁਰੇ ਘਰੋਂ ਵੀ ਅਜਿਹੀ ਧੀ-ਭੈਣ ਨੂੰ ਕਈ ਵਾਰ ਧੱਕ ਦਿੱਤੇ ਜਾਂਦੀ ਹਨ। ਕਈ ਮਾਪੇ ਬਣੇ ਸਹੁਰੇ ਅਜਿਹੀ ਨੂੰਹ ਨੂੰ ਤੱਤੀ ਹਵਾ ਨਹੀਂ ਲੱਗਣ ਦਿੰਦੇ। ਬੱਚਿਆਂ ਦੇ ਸਾਹੀ ਜਿਊਣ ਵਾਲੇ ਵੀ ਹੁੰਦੇ ਨੇ, ਹਰ ਪਲ ਪੁੱਤਰ ਦੀ ਅਮਾਨਤ ਨੂੰ ਹੱਥੀ ਛਾਵਾਂ ਕਰਦੇ ਨੇ। ਅਜਿਹੀ ਹਾਲਤ ’ਚ ਉਸ ਦੁਖਿਆਰੀ ਦੀ ਜ਼ਿੰਦਗੀ ਕੁਝ ਸੌਖੀ ਗੁਜ਼ਰ ਜਾਂਦੀ ਹੈ ਪਰ ਇਹ ਦੋਵਾਂ ਧਿਰਾਂ ਦੇ ਆਪਸੀ ਪ੍ਰੇਮ ਤੇ ਸਹਿਯੋਗ ਜਾਂ ਤਿਆਗ ਦੀ ਭਾਵਨਾ ਨਾਲ ਹੀ ਸੰਭਵ ਹੁੰਦਾ ਹੈ ਕਈ ਵਾਰ ਕਿਸੇ ਬਾਹਰੀ ਬੰਦੇ ਜਾਂ ਰਿਸ਼ਤੇਦਾਰ ਦੀ ਬੇਲੋੜੀ ਦਖ਼ਲ-ਅੰਦਾਜ਼ੀ ਵੀ ਇਨ੍ਹਾਂ ਰਿਸ਼ਤਿਆਂ ’ਚ ਤ੍ਰੇੜਾਂ ਪਾ ਦਿੰਦੀ ਹੈ। ਅਜਿਹੇ ਹਾਲਾਤ ’ਚ ਬਹੁਤ ਸੰਭਲ਼ ਕੇ ਚੱਲਣ ਦੀ ਲੋੜ ਹੁੰਦੀ ਹੈ।




### ਮਾਨਸਿਕ ਪੀੜਾਂ

*ਔਰਤ ਦੀ ਮਾਨਸਿਕ ਪੀੜਾਂ ’ਚ ਵਾਧਾ ਸਾਡੇ ਸਮਾਜ ਵੱਲੋਂ ਜਾਂ ਕਈ ਵਾਰ ਪਰਿਵਾਰ ਵੱਲੋਂ ਵੀ ਕੀਤਾ ਜਾਂਦਾ ਹੈ। ਜਦੋਂ ਇਸ ਹੋਣੀ ਦਾ ਸ਼ਿਕਾਰ ਹੋਈ ਕੋਈ ਮੁਟਿਆਰ ਨੌਕਰੀ ਪੇਸ਼ਾ ਹੋਵੇ, ਉਦੋਂ ਉਸ ਨੂੰ ਬਹੁਤ ਸਾਰੇ ਸਮਾਜਿਕ ਵਿਰੋਧਾਂ ਅਤੇ ਸਾਡੇ ਨੁਕਤਾਚੀਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਮਾਹੌਲ ਅਨੁਸਾਰ ਸਾਫ਼-ਸੁਥਰੇ ਕੱਪੜੇ ਪਾ ਕੇ ਕੰਮ ’ਤੇ ਜਾਂਦੀ ਹੈ ਤਾਂ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਜੇ ਉਹ ਬੇਰੰਗ ਘਸੇ-ਪਿਟੇ ਕੱਪੜੇ ਪਹਿਨ ਕੇ ਜਾਂਦੀ ਹੈ ਤਾਂ ਵੀ ਲੋਕ ਨਹੀਂ ਬਖ਼ਸ਼ਦੇ। ਬਾਕੀ ਸਾਥੀਆਂ ’ਚ ਖੜ੍ਹੀ ਬੈਠੀ ਹੀਣਭਾਵਨਾ ਦਾ ਸ਼ਿਕਾਰ ਹੁੰਦੀ ਹੈ। ਉਹ ਜ਼ਮਾਨਾ ਭਾਵੇਂ ਲੱਦ ਗਿਆ ਹੈ ਜਦੋਂ ਅਜਿਹੀ ’ਚ ਔਰਤ ਨੂੰ ਸਫ਼ੈਦ ਦੁਪੱਟਾ ਹੀ ਲੈਣਾ ਪੈਂਦਾ ਸੀ। ਹੁਣ ਅਜਿਹੇ ਕਰੜੇ ਨਿਯਮ ਜਾਂ ਰਿਵਾਜ ਪਰਿਵਾਰ ਜਾਂ ਸਮਾਜ ’ਚ ਨਹੀਂ ਹਨ ਪਰ ਫਿਰ ਵੀ ਅਜਿਹੀਆਂ ਦੁਖਿਆਰੀਆਂ ਜਵਾਨ ਔਰਤਾਂ ਦੇ ਪਹਿਰਾਵੇ ’ਤੇ ਲੋਕਾਂ ਵੱਲੋਂ ਬੜੀ ਭੱਦੀ ਤੇ ਬੇਲੋੜੀ ਟੀਕਾ-ਟਿੱਪਣੀ ਕੀਤੀ ਜਾਂਦੀ ਹੈ। ਖ਼ਾਸ ਕਰ ਪੇਂਡੂ ਸਮਾਜ ’ਚ ਜਾਂ ਕਸਬਿਆਂ ਵਰਗੇ ਸ਼ਹਿਰਾਂ ’ਚ ਇਹ ਪੀੜ ਉਹ ਰੋਜ਼ ਹੰਢਾਉਂਦੀਆਂ ਹਨ।*

---

ਬਲਜਿੰਦਰ ਕੌਰ ਸ਼ੇਰਗਿੱਲ



# ਇਨਸਾਨ ਦੀਆਂ ਆਦਤਾਂ ਵਿਗਾੜ ਰਿਹੈ ਮੋਬਾਈਲ ਫੋਨ

ਅੱਜ ਯੁੱਗ ਭਾਵੇਂ ਕੰਪਿਊਟਰ ਦਾ ਚੱਲ ਰਿਹਾ ਹੈ। ਇਸ ਦੀ ਵਰਤੋਂ ਘਰਾਂ ਵਿਚ ਆਮ ਹੀ ਹੋਣ ਲੱਗ ਪਈ ਹੈ। ਅੱਜ ਹਰੇਕ ਕੋਲ ਕੰਪਿਊਟਰ, ਲੈਪਟਾਪ, ਸੈੱਲ ਫੋਨ ਆਮ ਹੋ ਗਏ ਹਨ। ਨਵੀਂ ਤਕਨੀਕ ਆਉਣ ਕਾਰਨ ਸਾਨੂੰ ਇਸ ਦੀ ਆਦਤ ਜਿਹੀ ਲੱਗ ਗਈ ਹੈ। ਇਸ ਦੇ ਆਉਣ ਨਾਲ ਕੁਝ ਕੰਮ ਆਸਾਨ ਜ਼ਰੂਰ ਹੋਏ ਹਨ ਪ੍ਰੰਤੂ ਇਸ ਦੀ ਲੱਤ ਲੱਗ ਜਾਣ ਕਾਰਨ ਸਾਡੇ ਜਨਜੀਵਨ ਅਤੇ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ। ਸਾਡਾ ਧਿਆਨ ਇਨ੍ਹਾਂ ਚੀਜਾਂ ਨਾਲ ਅਜਿਹਾ ਜੁੜ ਗਿਆ ਹੈ ਕੇ ਇਨ੍ਹਾਂ ਤੋਂ ਬਿਨਾਂ ਸਾਡਾ ਗੁਜ਼ਾਰਾ ਮੁਸ਼ਕਿਲ ਲੱਗ ਰਿਹਾ ਹੈ। ਯੁਵਾ ਪੀੜ੍ਹੀ ਸੈੱਲ ਫੋਨਾਂ ਵਿਚ ਇਸ ਕਦਰ ਮਸਤ ਹੋ ਗਈ ਹੈ ਕਿ ਉਨ੍ਹਾਂ ਨੂੰ ਆਪਣੇ ਆਸੇ-ਪਾਸੇ ਕੀ ਕੁਝ ਹੋ ਰਿਹਾ ਹੈ ਇਸ ਬਾਰੇ ਕੋਈ ਸ਼ੁੱਧ ਬੁੱਧ ਹੀ ਨਹੀਂ ਹੈ। ਅਕਸਰ ਬੱਸਾਂ, ਰੇਲਾਂ ਦਾ ਹੋਰ ਥਾਂਨਾ ’ਤੇ ਅਜਿਹਾ ਦੇਖਣ ਨੂੰ ਮਿਲ ਹੀ ਜਾਂਦਾ ਹੈ।

ਅੱਜ ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ ਤਕ ਸਵੇਰੇ ਦੀ ਸ਼ੁਰੂਆਤ ਇਨ੍ਹਾਂ ਫੋਨਾਂ ਨੇ ਲੈ ਲਈ ਹੈ। ਸੈੱਲ ਫੋਨ ਦੀ ਇੰਨੀ ਵਰਤੋਂ ਕਾਰਨ ਸਮੇਂ ਦੀ ਬਰਬਾਦੀ ਵੀ ਹੋ ਰਹੀ ਹੈ। ਹਰੇਕ ਵਿਅਕਤੀ ਕੋਲ ਖ਼ੁਦ ਦਾ ਫੋਨ ਹੋਣ ਕਾਰਨ ਉੱਠਦੇ ਸਾਰ ਹੀ ਉਹ ਫੋਨ ਉੱਤੇ ਆਏ ਸੁਨੇਹੇ ਦੇਖਣ ਲੱਗ ਜਾਂਦੇ ਹਨ। ਕਈ ਤਾਂ ਸਾਰਾ-ਸਾਰਾ ਦਿਨ ਆਪਣੇ ਕੰਪਿਊਟਰ ਜਾਂ ਲੈਪਟਾਪ ਉੱਤੇ ਹੀ ਲੱਗੇ ਰਹਿੰਦੇ ਹਨ। ਭਾਵੇਂ ਅੱਜ ਦਾ ਦੌਰ ਫੇਸਬੁੱਕ, ਟਵਿੱਟਰ, ਇੰਨਸਟ੍ਰਾਗ੍ਰਾਮ, ਮਸੈਂਜਰ ਆਦਿ ਦਾ ਆ ਗਿਆ ਹੈ। ਹੋਰ ਤਾਂ ਹੋਰ ਅੱਜ ਕੱਲ੍ਹ ਖ਼ਰੀਦਦਾਰੀ ਵੀ ਆਨਲਾਈਨ ਹੋ ਗਈ ਹੈ। ਜੇਕਰ ਕਿਸੇ ਨੂੰ ਆਸ-ਪਾਸ ਵੀ ਕਿਤੇ ਜਾਣਾ ਪਏ ਤਾਂ ਉਹ ਝੱਟ ਗੱਡੀ ਦੀ ਆਨਲਾਈਨ ਬੁਕਿੰਗ ਕਰਵਾ ਲੈਂਦਾ ਹੈ। ਅੱਜ ਹਰ ਕੰਮ ਹੀ ਆਨਲਾਈਨ ਹੁੰਦੇ ਹਨ। ਇਹ ਸਾਡੀਆਂ ਸਹੂਲਤਾਂ ਜ਼ਰੂਰ ਬਣ ਚੁੱਕੇ ਹਨ ਪ੍ਰੰਤੂ ਸੋਚਣ ਦਾ ਵਿਸ਼ਾ ਇਹ ਹੈ ਕੇ ਇਨ੍ਹਾਂ ਦੀ ਵਰਤੋਂ ਵੱਧ ਗਈ ਹੈ।

**ਅੱਜ ਕੰਪਿਊਟਰ, ਸੈੱਲ ਫੋਨ ਆਮ ਹੋ ਗਏ ਹਨ। ਇਸ ਤਕਨੀਕ ਦੀ ਸਾਨੂੰ ਲਤ ਜਿਹੀ ਲੱਗ ਗਈ ਹੈ। ਬੇਸ਼ੱਕ ਇਸ ਨਾਲ ਕੁਝ ਕੰਮ ਆਸਾਨ ਵੀ ਜ਼ਰੂਰ ਹੋਏ ਹਨ ਪਰੰਤੂ ਇਸ ਦੀ ਜ਼ਰੂਰਤ ਤੋਂ ਵੱਧ ਵਰਤੋਂ ਕਰ ਕੇ ਸਾਡੀ ਸਿਹਤ ’ਤੇ ਮਾੜਾ ਅਸਰ ਪੈ ਰਿਹਾ ਹੈ...**

ਅਜੋਕੇ ਦੌਰ ਵਿਚ ਹਰ ਵਿਅਕਤੀ ਆਪਣੇ ਆਪ ਨੂੰ ਕੋਈ ਨਾ ਕੋਈ ਬਿਮਾਰੀ ਹੋਣ ਬਾਰੇ ਜਦੋਂ ਦੱਸਦਾ ਹੈ, ਉਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕੇ ਅਸੀਂ ਬਿਮਾਰੀਆਂ ਦੀ ਜਕੜ ਵਿਚ ਆ ਰਹੇ ਹਾਂ। ਜ਼ਿਆਦਾ ਦੇਰ ਤਕ ਕੰਪਿਊਟਰ ਜਾਂ ਸੈੱਲ ਫੋਨ ਦੀ ਵਰਤੋਂ ਨਾਲ ਜਿਵੇਂ ਸਿਰ ਦਰਦ, ਅੱਖਾਂ ਦੀ ਤਕਲੀਫ਼ਾਂ, ਸਰਵਾਈਕਲ ਆਦਿ ਪਰੇਸ਼ਾਨੀਆਂ ਆ ਰਹੀਆਂ ਹਨ। ਸਮਾਂ ਬਦਲਣ ਦੇ ਨਾਲ- ਨਾਲ ਖਾਣ-ਪੀਣ ਦੇ ਢੰਗ, ਪਹਿਰਾਵੇ, ਦੇਰ ਰਾਤ ਜਾਗਣਾ, ਸਵੇਰ ਦੀ ਸੈਰ ਦਾ ਖ਼ਾਤਮਾ, ਬੋਤਲ ਦਾ ਪਾਣੀ ਪੀਣਾ ਆਦਿ ਵਿਚ ਤਬਦੀਲੀ ਕਾਰਨ ਇੱਥੇ ਕਹਿਣਾ ਠੀਕ ਹੀ ਹੋਵੇਗਾ ਕਿ ਅਸੀਂ ‘ਆਪਣੇ ਪੈਰੀਂ ਆਪ ਕੁਹਾੜਾ ਮਾਰ’ ਰਹੇ ਹਾਂ।

ਇਕ ਖੋਜ ਅਨੁਸਾਰ ਮਾਹਰਾਂ ਮੁਤਾਬਕ ਸਾਡੇ ਫੋਨਾਂ ਉੱਤੇ ਕੀਟਾਣੂਆਂ ਦੀ ਭਰਮਾਰ ਹੁੰਦੀ ਹੈ। ਇਹ ਕੀਟਾਣੂ ਆਮ ਨਹੀਂ ਬਲਕਿ ਬਹੁਤ ਹੀ ਖ਼ਤਰਨਾਕ ਬੈਕਟੀਰੀਆ ਹੈ। ਜੋ ਅੱਖਾਂ ਲਈ ਬਹੁਤ ਹਾਨੀਕਾਰਕ ਹੈ ਜਿੰਨਾ ਵੱਡਾ ਫੋਨ ਹੋਵੇਗਾ ਉਨੇ ਹੀ ਜ਼ਿਆਦਾ ਇਸ ਉੱਤੇ ਖ਼ਤਰਨਾਕ ਬੈਕਟੀਰੀਆ ਹੋਣਗੇ। ਜਿੰਨੀ ਵਾਰ ਅਸੀਂ ਫੋਨ ਦਾ ਇਸਤੇਮਾਲ ਕਰਦੇ ਹਾਂ ਉਨੀ ਵਾਰ ਅਸੀਂ ਇਸ ਦੇ ਸੰਪਰਕ ਵਿਚ ਆ ਰਹੇ ਹਾਂ। ਮਾਹਰਾਂ ਅਨੁਸਾਰ ਇੰਨੇ ਖ਼ਤਰਨਾਕ ਬੈਕਟੀਰੀਆਂ ਤਾਂ ਸਾਡੀ ਟਾਇਲਟ ਵਿਚ ਵੀ ਨਹੀਂ ਹੁੰਦੇ। ਜਿੰਨੇ ਮੋਬਾਈਲ ਫੋਨ ’ਤੇ ਹੁੰਦੇ ਹਨ। ਮਾਹਰਾਂ ਨੇ ਸੋਧ ਵਿਚ ਪਾਇਆ ਹੈ ਕਿ ਸਭ ਤੋਂ ਵੱਧ ਬਿਮਾਰੀਆਂ ਫੋਨ ਦੇ ਕਾਰਨ ਪੈਦਾ ਹੋ ਰਹੀਆਂ ਹਨ।

ਸੈੱਲ ਦਾ ਮਤਲਬ ਹੀ ਕੀਟਾਣੂ ਹੁੰਦਾ ਹੈ। ਜਿਵੇਂ ਸਾਡੇ ਸਰੀਰ ਵਿਚ ਸੈੱਲ ਹੁੰਦੇ ਹਨ ਉਸੇ ਹੀ ਤਰ੍ਹਾਂ ਇਨ੍ਹਾਂ ਸੈੱਲ ਫੋਨਾਂ ਵਿਚ ਵੀ ਖ਼ਤਰਨਾਕ ਕੀਟਾਣੂ ਹੁੰਦੇ ਹਨ। ਕਈ ਕਈ ਦੇਸ਼ਾਂ ਵਿਚ ਵੇਖਣ ਨੂੰ ਆਇਆ ਹੈ ਸੈੱਲ ਫੋਨ ਦੀ ਵਰਤੋਂ ਤਾਂ ਹਰ ਕੋਈ ਕਰਦਾ ਹੀ ਹੈ ਪਰੰਤੂ ਉਹ ਇਸ ਤੋਂ ਕੁਝ ਦੂਰੀ ਬਣਾ ਕੇ ਰੱਖਦੇ ਹਨ। ਜੇਕਰ ਅਸੀਂ ਛੋਟੇ ਬੱਚਿਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿਚਾਰਿਆ ਦੇ ਛੋਟੀ ਉਮਰ ਵਿਚ ਹੀ ਅੱਖਾਂ ਉੱਤੇ ਚਸ਼ਮੇ ਲੱਗ ਜਾਂਦੇ ਹਨ। ਜ਼ਿਆਦਾਤਰ ਬੱਚਿਆਂ ਦੇ ਚਸ਼ਮੇ ਲੱਗੇ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ। ਇਹ ਸਭ ਦਾ ਕਾਰਨ ਕੀ ਹੈ? ਸਾਡੇ ਸੈੱਲ ਫੋਨ? ਬੱਚਿਆਂ ਦੇ ਹੱਥਾਂ ਵਿਚ ਨਵੇਂ-ਨਵੇਂ ਗੈਜਟ, ਫੋਨਾਂ ਉੱਤੇ ਗੇਮ ਖੇਡਣਾ, ਵੀਡਿਓ ਦੇਖਣਾ, ਹਰ ਕੰਮ ਗੂਗਲ ਦੀ ਮਦਦ ਨਾਲ ਕਰਨਾ, ਯੂ-ਟਿਊਬ ਉੱਤੇ ਆਪਣੇ ਚੈਨਲ ਬਣਾ ਕੇ ਚਾਲੂ ਕਰਨ ਨਾਲ ਬੱਚਿਆਂ ਦਾ ਰੁਝਾਨ ਇੰਨਾ ਵਧ ਗਿਆ ਹੈ ਕਿ ਉਹ ਹਰ ਵਕਤ ਆਪਣੇ ਯੂ-ਟਿਊਬ ਚੈਨਲ ਬਾਰੇ ਕੁਝ ਨਾ ਕੁਝ ਪਾਉਣ ਦੀ ਸੋਚਦੇ ਰਹਿੰਦੇ ਹਨ। ਮੰਨਦੇ ਹਾਂ ਕੰਪਿਊਟਰੀਕਰਨ ਯੁੱਗ ਵਿਚ ਸਾਨੂੰ ਇਨ੍ਹਾਂ ਵਸਤਾਂ ਦੀ ਮਦਦ ਦੀ ਲੋੜ ਹੈ ਪਰੰਤੂ ਆ ਰਹੀਆਂ ਸੱਮਸਿਆਵਾਂ ਤੋਂ ਨਿਜ਼ਾਤ ਪਾਉਣਾ ਬਹੁਤ ਜ਼ਰੂਰੀ ਹੈ।

ਕੁਝ ਕੁ ਦਹਾਕੇ ਪਿੱਛੇ ਨਜ਼ਰ ਮਾਰੀਏ ਤਾਂ ਬੱਚਿਆਂ ਦੇ ਐਨਕਾਂ ਲੱਗੀਆਂ ਬਹੁਤ ਘੱਟ ਨਜ਼ਰ ਆਉਂਦੀਆਂ ਸਨ। ਬੁਢਾਪੇ ਵਿਚ ਜਾ ਕੇ ਤਾਂ ਹਰ ਕਿਸੇ ਦੀਆਂ ਅੱਖਾਂ ਦੀ ਰੋਸ਼ਨੀ ਕਮਜ਼ੋਰ ਹੋ ਹੀ ਜਾਂਦੀ ਹੈ। ਬਚਪਨ ਵਿਚ ਰੋਸ਼ਨੀ ਕਮਜ਼ੋਰ ਹੋਣਾ ਚਿੰਤਾ ਦਾ ਵਿਸ਼ਾ ਹੈ। ਸੋਚਣ ਵਾਲੀ ਗੱਲ ਹੈ ਕਿ ਇਨਸਾਨ ਇੰਨਾ ਬੁੱਧੀਮਾਨ ਹੈ ਕਿ ਉਹ ਜੇਕਰ ਫੋਨ ਦੀ ਖੋਜ ਅਤੇ ਨਵੇਂ-ਨਵੇਂ ਗੈਜਟ ਤਿਆਰ ਕਰ ਸਕਦਾ ਹੈ, ਇਨ੍ਹਾਂ ਚੀਜ਼ਾਂ ਦੀ ਵਰਤੋਂ ਘੱਟ ਕਰ ਕੇ ਸਰੀਰਕ ਨੁਕਸਾਨ ਤੋਂ ਬਚਣ ਲਈ ਗੁਰੇਜ ਵੀ ਕਰ ਸਕਦਾ।

ਕੋਈ ਚੀਜ਼ ਜੇਕਰ ਨੁਕਸਾਨਦਾਇਕ ਹੈ ਤਾਂ ਉਸ ਤੋਂ ਕੁਝ ਦੂਰੀ ਬਣਾਏ ਰੱਖਣਾ ਹੀ ਬਿਹਤਰ ਹੁੰਦਾ ਹੈ। ਇਹੋ ਜਿਹੀ ਬਿਰਤੀ ਹਰ ਇਨਸਾਨ ਨੂੰ ਇਸ ਸਮੱਸਿਆ ਤੋਂ ਨਿਜ਼ਾਤ ਪਾਉਣੀ ਹੀ ਹੋਵੇਗੀ। ਤਦ ਹੀ ਅਸੀਂ ਇਹ ਕਹਿ ਸਕਦੇ ਹਾਂ ਕਿ ‘ਸਿਹਤਮੰਦ ਸਰੀਰ ਆਉਣ ਵਾਲੇ ਭੱਵਿਖ ਦੀ ਉਮੀਦ’। ਇਨ੍ਹਾਂ ਸੈੱਲ ਫੋਨਾਂ ਦੀ ਘੱਟ ਵਰਤੋਂ ਕਰ, ਅਸੀਂ ਕੀਟਾਣੂਆਂ ਦੀ ਚਪੇਟ ਵਿਚ ਆਉਣ ਤੋਂ ਬਚ ਸਕਦੇ ਹਾਂ। •

98785-19278

---

# ਹਮੇਸ਼ਾ ਬਣੋ ਸਕਾਰਾਤਮਕ ਸੋਚ ਦੇ ਧਾਰਨੀ

ਇਨਸਾਨੀ ਜ਼ਿੰਦਗੀ ਵਿਚ ਉਤਰਾ ਚੜ੍ਹਾ ਆਉਂਦੇ ਹੀ ਰਹਿੰਦੇ ਹਨ। ਕਦੀ ਰੁੱਤ ਬਹਾਰਾਂ ਦੀ ਤੇ ਕਦੀ ਪੱਤਝੜ ਦੀ । ਜੇ ਅਸੀ ਬਹਾਰਾਂ ਦੀ ਰੁੱਤ ਨੂੰ ਸਿਰ ਮੱਥੇ ਪਰਵਾਨ ਕਰਦੇ ਹਾਂ ਤਾਂ ਸਾਨੂੰ ਪੱਤਝੜ ਦੀ ਰੁੱਤ ’ਚ ਵੀ ਜਿਉਣਾ ਆਉਣਾ ਚਾਹੀਦਾ ਹੈ। ਉਦਾਸੀ ਮਨੁੱਖ ਨੂੰ ਤਰਾਸ਼ਦੀ ਹੈ। ਜੇਕਰ ਅਸੀਂ ਛੋਟੇ-ਛੋਟੇ ਦੁੱਖ ਆਉਣ ’ਤੇ ਹੀ ਆਪਣਾ ਮਨੋਬਲ ਸੁੱਟ ਮੂੰਹ ਉਤਾਰ ਕੇ ਬੈਠੇ ਰਹਾਂਗੇ । ਫਿਰ ਵੱਡੀਆ ਮੁਸ਼ਕਿਲਾ ਦਾ ਸਾਹਮਣਾ ਕਰਨਾ ਅਸੰਭਵ ਹੋ ਜਾਵੇਗਾ। ਅੱਜ ਜਿਸ ਦੌਰ ਵਿਚ ਅਸੀਂ ਵਿਚਰ ਰਹੇ ਹਾਂ। ਸਾਨੂੰ ਸਕਾਰਾਤਮਕ ਸੋਚ ਦਾ ਪੱਲਾ ਨਹੀਂ ਛੱਡਣਾ ਚਾਹੀਦਾ।

ਬੱਚਿਆਂ ਤੋਂ ਲੈ ਕੇ ਬੁਢਾਪੇ ਦੇ ਰਾਹ ’ਤੇ ਤੁਰੀ ਜਾਂਦੀ ਬੁੱਢੀ ਪੀੜ੍ਹੀ ਵੀ ਕਈ ਵਾਰੀ ਅਜੀਬ ਕਿਸਮ ਦੀ ਉਦਾਸੀ ਦੀ ਸ਼ਿਕਾਰ ਹੈ। ਇਹ ਗੱਲ ਠੀਕ ਹੈ ਕਿ ਸੁੱਖ ਸਾਡੀ ਜ਼ਿੰਦਗੀ ਨੂੰ ਰੰਗੀਨ ਬਣਾਉਂਦੇ ਹਨ ਪਰ ਦੁੱਖ ਵੀ ਕਈ ਤਰ੍ਹਾ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਦੇ ਗੁਰ ਦੱਸਦੇ ਹਨ। ਬੱਚੇ ਆਪਣੀ ਪੜ੍ਹਾਈ ਨੂੰ ਲੈ ਕੇ ਕਈ ਵਾਰ ਬਹੁਤ ਪਰੇਸ਼ਾਨ ਹੋ ਜਾਂਦੇ ਹਨ। ਜਿਸ ਕਰਕੇ ਉਹ ਮਾਨਸਿਕ ਰੋਗਾਂ ਦੀ ਮਾਰ ਹੇਠ ਆ ਜਾਦੇ ਹਨ। ਇਸ ਸਥਿਤੀ ਵਿਚ ਮਾਪਿਆ ਨੂੰ ਚਾਹੀਦਾ ਹੈ ਕਿ ਬੱਚਿਆਂ ਦੀ ਸਾਂਝ ਮਿਆਰੀ ਕਿਤਾਬਾਂ ਨਾਲ ਪੁਆਉਣ ਜਿਸ ਨਾਲ ਬੱਚੇ ਅੰਦਰ ਉਦਾਸੀ ਨਾਲ ਨਜਿੱਠਣ ਦੀ ਜਿਗਿਆਸਾ ਪੈਦਾ ਹੋਵੇ। ਬਹੁਤੀ ਵਾਰ ਦਫ਼ਤਰਾਂ ’ਚ ਵੀ ਦੇਖਣ ਵਿਚ ਆਉਂਦਾ ਹੈ। ਬੋਸ ਦੇ ਮਾੜਾ ਜਿਹਾ ਵੀ ਝਿੜਕਣ ’ਤੇ ਕਈ ਲੋਕ ਉਦਾਸੀ ਦੀ ਪੌੜੀ ਚੜ੍ਹ ਜਾਂਦੇ ਹਨ। ਕਿਸੇ ਨਾਲ ਗੱਲ ਕਰਨਾ ਵੀ ਪਸੰਦ ਨਹੀ ਕਰਦੇ। ਅੰਦਰੋਂ-ਅੰਦਰੀ ਰਿਝਦੇ ਰਹਿੰਦੇ ਹਨ। ਜਿਸ ਨਾਲ ਦਿਮਾਗ਼ ਵਿਚ ਗ਼ਲਤ ਵਿਚਾਰ ਪੈਦਾ ਹੁੰਦੇ ਰਹਿੰਦੇ ਹਨ ਜੋ ਬਾਅਦ ਵਿਚ ਖ਼ੁਦ ਖ਼ੁਸ਼ੀਆਂ ਦਾ ਵੀ ਕਾਰਨ ਬਣਦੇ ਹਨ। ਲੋੜ ਹੈ ਚੰਗਾ ਪੜ੍ਹਨ ਸੁਣਨ ਦੀ ਅਤੇ ਚੰਗੀ ਸੁਸਾਇਟੀ ਵਿਚ ਵਿਚਰਨ ਦੀ। ਜਿਸ ਨਾਲ ਚੰਗੀ ਸੋਚ ਦੀ ਕਰੂੰਬਲਾ ਫੁੱਟਣ ਅਤੇ ਜ਼ਿੰਦਗੀ ਤਰੋਤਾਜ਼ਾ ਰਹੇ।

• ਗੁਰਪ੍ਰੀਤ, 97792-50653



---

ਡਾ. ਕੁਲਦੀਪ ਕੌਰ

# ਐ ਬਾਗ਼ ਜਲ੍ਹਿਆਂਵਾਲਿਆ !



‘ਮੇਰਾ ਪਿੰਡ’ ਵਾਲੇ ਗਿਆਨੀ ਗੁਰਦਿੱਤ ਸਿੰਘ ਦਾ ਇਕ ਲੇਖ ਹੈ ‘ਤਿੱਥ ਤਿਉਹਾਰ’, ਜਿਸ ਵਿਚ ਵਿਸਾਖੀ ਦੇ ਮੇਲੇ ਬਾਰੇ ਉਹ ਲਿਖਦੇ ਹਨ ‘ਵੈਸਾਖੀ ਬਸੰਤ ਰੁੱਤ ਦੀ ਸਿਖਰ ਹੁੰਦੀ ਹੈ, ਜਦੋਂ ਹਰ ਸ਼ਾਖ ਨਵਾਂ ਵੇਸ ਕਰਦੀ ਹੈ। ਸੁੱਕੀਆਂ ਝਾੜੀਆਂ ਮੁੜ ਲਗਰਾਂ ਛੱਡਦੀਆਂ ਹਨ। ਨਵੇਂ-ਨਵੇਂ ਕੂਲੇ ਪੱਤੇ ਸ਼ੇਸ਼ਨਾਗ ਦੀਆਂ ਜੀਭਾਂ ਵਾਂਗ ਕਾਦਰ ਦੀ ਕੁਦਰਤ ਦੇ ਗੁਣ ਗਾਉਣ ਲਈ ਰੁੰਡ-ਮੁੰਡ ਮੁੱਢਾਂ ਉੱਤੇ ਵੀ ਨਿੱਤ ਨਵੇਂ ਰੂਪ ਪ੍ਰਗਟ ਕਰਦੇ ਹਨ। ਕੁਦਰਤੀ ਖੇੜੇ ਤੇ ਮਨਮੋਹਣੇ ਦ੍ਰਿਸ਼ ਇਨ੍ਹਾਂ ਦਿਨਾਂ ਵਿਚ ਹੀ ਦੇਖੇ ਤੇ ਮਾਣੇ ਜਾ ਸਕਦੇ ਹਨ।’

ਵਿਸਾਖੀ ਦਾ ਤਿਉਹਾਰ ਪੂਰੇ ਭਾਰਤ ਵਿਚ ਬੜੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਪੰਜਾਬ ਤੇ ਹਰਿਆਣਾ ਦੇ ਕਿਸਾਨ ਸਰਦੀਆਂ ਦੀ ਫ਼ਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖ਼ੁਸ਼ੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ।

ਧਨੀ ਰਾਮ ਚਾਤ੍ਰਿਕ ਦੀ ਹੇਠ ਲਿਖੀ ਕਵਿਤਾ ਭਾਵੇਂ ਸਿੱਧੇ ਤੌਰ ਤੇ ਵਿਸਾਖੀ ਦੇ ਨਾਲ ਸਬੰਧਤ ਨਹੀਂ ਹੈ ਪਰ ਫਿਰ ਵੀ ਇਸ ਨੂੰ ਵਿਸਾਖੀ ਦੇ ਤਿਉਹਾਰ ਸਮੇਂ ਜ਼ਰੂਰ ਗਾਇਆ/ਉਚਾਰਿਆ ਜਾਂਦਾ ਹੈ। ‘ਬਾਲ ਵਿਸ਼ਵਕੋਸ਼’, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪਿਆ ਹੈ, ਦੇ ਅੰਤਰਗਤ ਕਿਰਪਾਲ ਸਿੰਘ ਕਜ਼ਾਕ ਲਿਖਦਾ ਹੈ, ‘ਵਿਸਾਖੀ ਦਾ ਪੁਰਬ ਜਿੱਥੇ ਅਨੰਦਪੁਰ ਸਾਹਿਬ ਦੇ ਖ਼ਾਲਸਾ ਸਾਜਨਾ ਦਿਵਸ ਨਾਲ ਸਬੰਧਿਤ ਹੈ ਉੱਥੇ ਦਮਦਮਾ ਸਾਹਿਬ ਤਲਵੰਡੀ ਸਾਬੋ ਨਾਲ ਵੀ ਸਬੰਧਤ ਹੈ। ਦਮਦਮਾ ਸਾਹਿਬ ਨੂੰ ਗੁਰੂ ਕੀ ਕਾਸ਼ੀ ਕਿਹਾ ਜਾਂਦਾ ਹੈ ਕਿਉਂਕਿ ਇਸ ਸਥਾਨ ਤੇ ਗੁਰੂ ਗੋਬਿੰਦ ਸਿੰਘ ਨੇ ਆਪਣੀ ਦਿਬ ਦ੍ਰਿਸ਼ਟੀ ਅਤੇ ਅਦਭੁਤ ਸ਼ਕਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਲਿਖਾਇਆ ਸੀ।’ ਇਸ ਅਸਥਾਨ ਤੇ ਗੁਰੂ ਜੀ ਨੇ ਅਨੰਦਪੁਰ ਤੋਂ ਪਿੱਛੋਂ ਦੂਜੀ ਵਾਰ ਆਪਣੇ ਹੱਥੀਂ ਕਰੀਬ ਸਵਾ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਸੀ। ਕਜ਼ਾਕ ਨੇ ਅੱਗੇ ਚੱਲ ਕੇ ਲਿਖਿਆ ਹੈ, ‘ਵਿਸਾਖੀ ਇਕ ਪ੍ਰਸਿੱਧ ਪੁਰਬ ਹੈ, ਜਿਸ ਦਾ ਮੁੱਢ ਪ੍ਰਕਿਰਤੀ ਪੂਜਾ ਨਾਲ ਬੱਝਾ। ਹਿੰਦੂ ਧਰਮ ਗ੍ਰੰਥਾਂ ਵਿਚ ਇਸ ਦਿਨ ਦਾ ਵਿਸ਼ੇਸ਼ ਮਹਾਤਮ ਹੈ। ਇਕ ਧਾਰਨਾ ਮੁਤਾਬਕ ਜਦੋਂ ਪੰਜਾਬ ਦੇ ਲੋਕਾਂ ਨੂੰ ਪਹਿਲੀ ਵਾਰ ਧਰਤੀ ਤੋਂ ਅੰਨ ਪ੍ਰਾਪਤ ਹੋਇਆ, ਉਦੋਂ ਤੋਂ ਅਨਾਜ ਦੀ ਮੁੱਖ ਫ਼ਸਲ ਕਣਕ ਦੀ ਆਮਦ ਤੇ ਇਸ ਦਿਨ ਨੂੰ ਖ਼ੁਸ਼ੀ ਦੇ ਰੂਪ ਵਿਚ ਮਨਾਉਣ ਦਾ ਰਿਵਾਜ ਸ਼ੁਰੂ ਹੋਇਆ। ਸਮਾਂ ਪੈਣ ਤੇ ਇਸ ਨਾਲ ਕੁਝ ਹੋਰ ਖ਼ਾਸ ਘਟਨਾਵਾਂ ਵੀ ਜੁੜ ਗਈਆਂ ਤੇ ਇਹ ਇਤਿਹਾਸਕ ਮਹੱਤਤਾ ਵਾਲਾ ਦਿਨ ਬਣ ਗਿਆ।’ ਡਾ. ਰਤਨ ਸਿੰਘ ਜੱਗੀ ਨੇ ‘ਸਿੱਖ ਪੰਥ ਵਿਸ਼ਵ ਕੋਸ਼’ ਦੇ ਅੰਤਰਗਤ ਇਸ ਤਿਉਹਾਰ ਦੀ ਮਹਾਨਤਾ ਸਬੰਧੀ ਅੰਕਿਤ ਕੀਤਾ ਹੈ, ‘ਇਹ ਤਿਉਹਾਰ ਵਿਸਾਖ ਮਹੀਨੇ ਦੀ ਪਹਿਲੀ ਤਰੀਕ ਨੂੰ ਮਨਾਇਆ ਜਾਣ ਵਾਲਾ ਇਕ ਮੌਸਮੀ ਤਿਉਹਾਰ ਹੈ। ਮੰਨਿਆ ਜਾਂਦਾ ਹੈ ਕਿ ਇਸ ਦਿਨ ਵਿਆਸ ਰਿਸ਼ੀ ਨੇ ਬ੍ਰਹਮਾ ਵੱਲੋਂ ਅਤੇ ਚਾਰ ਵੇਦਾਂ ਦਾ ਪਹਿਲੀ ਵਾਰ ਪਾਠ ਕਰ ਕੇ ਭੋਗ ਪਾਇਆ ਸੀ। ਇਸੇ ਦਿਨ ਹੀ ਰਾਜਾ ਜਨਕ ਨੇ ਇਕ ਮਹਾਨ ਯੱਗ ਕੀਤਾ ਸੀ। ਸ਼ਰਧਾਲੂ ਲੋਕ ਇਸ ਦਿਨ ’ਤੇ ਸਰੋਵਰਾਂ ਅਤੇ ਨਦੀਆਂ ਵਿਚ ਇਸ਼ਨਾਨ ਕਰਦੇ ਹਨ। ਪੰਜਾਬ ਵਿਚ ਵਿਸਾਖੀ ਅੰਮ੍ਰਿਤਸਰ, ਦਮਦਮਾ ਸਾਹਿਬ, ਕਰਤਾਰਪੁਰ ਤੇ ਅਨੰਦਪੁਰ ਸਾਹਿਬ ਵਿਖੇ ਮਨਾਈ ਜਾਂਦੀ ਹੈ। ਇਨ੍ਹਾਂ ਵਿਚ ਹਰ ਉਮਰ ਦੇ ਮਰਦ ਔਰਤਾਂ ਸ਼ਾਮਲ ਹੋ ਕੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

ਚੜ੍ਹੇ ਵਿਸਾਖ ਵਿਸਾਖੀ ਆਈ
ਮੇਲਾ ਵੇਖਣ ਤੁਰੀ ਲੋਕਾਈ
ਪਿੰਡ-ਪਿੰਡ ਤੇ ਸ਼ਹਿਰ ਵਿਚ
ਹੁੰਮ ਹੁੰਮਾ ਕੇ ਦੇਣ ਵਧਾਈ।

ਦੇਸ਼ ਦੀ ਆਜ਼ਾਦੀ ਦੀ ਜੰਗ ਨਾਲ ਵੀ ਇਸ ਦਾ ਸਬੰਧ ਹੈ ਕਿਉਂਕਿ ਇਸੇ ਦਿਨ ਉੱਨੀ ਸੌ ਉੱਨੀ ਵਿਚ ਜਲ੍ਹਿਆਂ ਵਾਲਾ ਬਾਗ਼ ਦਾ ਭਿਆਨਕ ਸਾਕਾ ਵਾਪਰਿਆ ਸੀ ਜਿਸ ਨਾਲ ਸਾਰੇ ਦੇਸ਼ ਵਿਚ ਰਾਸ਼ਟਰਵਾਦ ਦੀ ਭਾਵਨਾ ਇਕ ਦਮ ਪੱਕੇ ਪੈਰੀਂ ਹੋ ਗਈ ਸੀ। ਇਉਂ ਪੰਜਾਬੀਆਂ ਲਈ ਵਿਸਾਖੀ ਧਾਰਮਿਕ ਸਮਾਜਿਕ ਸੱਭਿਆਚਾਰਕ ਤੇ ਰਾਜਨੀਤਕ ਮਹੱਤਤਾ ਦੀ ਧਾਰਨੀ ਹੈ।

ਪੰਜ ਵਜੇ ਅਪ੍ਰੈਲ ਦੀ ਤੇਰ੍ਹਵੀਂ ਨੂੰ
ਲੋਕੀਂ ਬਾਗ਼ ਵੱਲ ਹੋਏ ਰਵਾਨ ਚੱਲੇ।
ਦਿਲਾਂ ਵਿਚ ਇਨਸਾਫ਼ ਦੀ ਆਸ ਰੱਖ ਕੇ
ਸਾਰੇ ਸਿੱਖ, ਹਿੰਦੂ, ਮੁਸਲਮਾਨ ਚੱਲੇ।
ਵਿਰਲੇ ਆਦਮੀ ਸ਼ਹਿਰ ਵਿਚ ਰਹੇ ਬਾਕੀ,
ਸਭ ਬਾਲ ਤੇ ਬਿਰਧ, ਜਵਾਨ ਚੱਲੇ।
ਅੱਜ ਦਿਲਾਂ ਦੇ ਦੁੱਖ ਸੁਣਾਨ ਚੱਲੇ,
ਸਗੋਂ ਆਪਣੇ ਗਲ਼ੇ ਕਟਾਨ ਚੱਲੇ।

ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਨੇ ‘ਖ਼ੂਨੀ ਵਿਸਾਖੀ’ ਸਿਰਲੇਖ ਹੇਠ ਉਕਤ ਕਵਿਤਾ 1920 ਵਿਚ ਲਿਖੀ ਸੀ ਜਿਸ ਨੂੰ ਅੰਗਰੇਜ਼ ਸਰਕਾਰ ਨੇ ਉਦੋਂ ਜ਼ਬਤ ਕਰ ਲਿਆ ਸੀ। ਇਹ ਕਵਿਤਾ ਇਸ ਸਾਲ (2019 ਵਿਚ) ਜੱਲ੍ਹਿਆਂ ਵਾਲਾ ਬਾਗ਼ ਦੇ ਸ਼ਤਾਬਦੀ ਸਮਾਗਮਾਂ ਦਾ ਹਿੱਸਾ ਬਣੇਗੀ। ਜਿਸ ਨੂੰ ਨਾਨਕ ਸਿੰਘ ਦੇ ਪੋਤਰੇ ਨਵਦੀਪ ਸਿੰਘ ਸੂਰੀ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ। ਨਵਦੀਪ ਸਿੰਘ ਸੂਰੀ ਕੁਲਵੰਤ ਸਿੰਘ ਸੂਰੀ ਦਾ ਬੇਟਾ ਹੈ, ਜੋ ਅੱਜ ਕੱਲ੍ਹ ਯੂਏਈ ਵਿਚ ਭਾਰਤੀ ਰਾਜਦੂਤ ਵਜੋਂ ਸੇਵਾਵਾਂ ਨਿਭਾ ਰਿਹਾ ਹੈ।

ਧਨੀ ਰਾਮ ਚਾਤ੍ਰਿਕ ਦੀ ਇਕ ਹੋਰ ਕਵਿਤਾ ਹੈ ‘ਵਿਸਾਖੀ ਦਾ ਮੇਲਾ।’ ਇਸ ਕਵਿਤਾ ਦੀਆਂ ਮੁੱਢਲੀਆਂ ਪੰਕਤੀਆਂ ਹਨ।

ਪੱਕ ਪਈਆਂ ਕਣਕਾਂ, ਲੁਕਾਠ ਰਸਿਆ
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫ਼ਾਈਆਂ,
ਟਹਿਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜਗ ’ਤੇ ਸਵੱਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

ਗਿਆਨੀ ਹੀਰਾ ਸਿੰਘ ਦਰਦ ਨੇ ਵਿਸਾਖੀ ਨਾਲ ਸਬੰਧਤ ਹੇਠ ਲਿਖੀਆਂ ਦੋ ਕਵਿਤਾਵਾਂ ਵਿਚ ਆਪਣੇ ਵਲਵਲੇ ਇਸ ਤਰ੍ਹਾਂ ਸਾਂਝੇ ਕੀਤੇ ਹਨ।

ਐ ਬਾਗ਼ ਜੱਲ੍ਹਿਆਂ ਵਾਲਿਆ
ਫਿਰ ਯਾਦ ਤੇਰੀ ਆ ਗਈ
ਓਹੀ ਵਿਸਾਖੀ ਆ ਗਈ
ਕੀ ਕਹਿਰ ਉੱਥੇ ਵਰਤਿਆ
ਬੱਸ ਓਹੀ ਦੱਸ ਹੈ ਸਕਦੀ
ਜਿਸ ਉੱਥੇ ਗੁਜ਼ਾਰੀ ਰਾਤ ਸੀ।
(ਜਲ੍ਹਿਆਂ ਵਾਲੇ ਬਾਗ਼ ਦੀ ਵਸਾਖੀ )

ਸੁਣਿਆ ਵਿਸਾਖੀ ਆਈ
ਸਾਡੇ ਲਈ ਕੀ ਲਿਆਈ?
ਕੋਈ ਤੜਪ ਉੱਠ ਰਹੀ ਏ
ਕੋਈ ਯਾਦ ਆ ਰਹੀ ਏ।
ਭੁੱਲਦੀ ਏ ਨਹੀਂ ਭੁਲਾਇਆਂ
ਰੁਕਦੀ ਏ ਨਹੀਂ ਰੁਕਾਇਆਂ
ਬੱਧੀ ਹੋਈ ਜਿਉਂ ਹਰਨੀ
ਰੱਸਾ ਤੁੜਾ ਰਹੀ ਏ।
(ਵਿਸਾਖੀ ਦੀ ਯਾਦ)

ਪੰਜਾਬੀ ਵਿਚ ਹੋਰ ਵੀ ਬਹੁਤ ਸਾਰੇ ਕਵੀਆਂ ਨੇ ਵਿਸਾਖੀ ਬਾਰੇ ਕਵਿਤਾਵਾਂ ਰਾਹੀਂ ਆਪੋ-ਆਪਣੇ ਭਾਵਾਂ ਦਾ ਇਜ਼ਹਾਰ ਕੀਤਾ ਹੈ। ਇਨ੍ਹਾਂ ਵਿਚ ਫ਼ਿਰੋਜ਼ਦੀਨ ਸ਼ਰਫ਼, ਸਾਥੀ ਲੁਧਿਆਣਵੀ, ਡਾ. ਗੁਰਮਿੰਦਰ ਸਿੱਧੂ, ਜੋਗਿੰਦਰ ਸੰਘੇੜਾ, ਕਰਮਜੀਤ ਸਿੰਘ ਗਠਵਾਲਾ ਆਦਿ ਦੇ ਨਾਂ ਸ਼ਾਮਿਲ ਹਨ। ਆਧੁਨਿਕ ਸਮੇਂ ਵਿਚ ਹਰ ਤਰ੍ਹਾਂ ਦੇ ਮੇਲਿਆਂ, ਤਿਉਹਾਰਾਂ (ਸਮੇਤ ਵਿਸਾਖੀ ਦੇ) ’ਤੇ ਵੀ ਸਿਆਸਤ ਭਾਰੂ ਹੋ ਗਈ ਹੈ। ਸਾਂਝ, ਮੁਹੱਬਤ, ਪਿਆਰ, ਹਮਦਰਦੀ, ਇਤਫ਼ਾਕ ਦੀ ਗੱਲ ਕਿਧਰੇ ਨਹੀਂ ਕੀਤੀ ਜਾ ਰਹੀ। ਰਾਜਸੀ ਨੇਤਾ ਇਕ-ਦੂਜੇ ਉੱਤੇ ਚਿੱਕੜ ਸੁੱਟਦੇ ਹਨ, ਨਿੰਦਾ ਕਰਦੇ ਹਨ। ਚਾਤ੍ਰਿਕ ਦੀ ਕਵਿਤਾ ਵਿਚਲਾ ਦਮਾਮੇ ਮਾਰਦਾ ਜੱਟ, ਦਸਮੇਸ਼ ਪਿਤਾ ਦਾ ਸਾਜਿਆ ਹੋਇਆ ਨਿਆਰਾ ਖ਼ਾਲਸਾ, ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਵਾਲਾ ਦੇਸ਼ ਭਗਤ, ਇਨ੍ਹਾਂ ਮੇਲਿਆਂ ਵਿੱਚੋਂ ਗ਼ੈਰਹਾਜ਼ਰ ਹੈ। ਪੰਜਾਬੀ ਦੇ ਸੁਹਜਵਾਦੀ ਤੇ ਸੂਖ਼ਮ ਸ਼ਾਇਰ ਡਾ. ਹਰਨੇਕ ਸਿੰਘ ਕੋਮਲ ਨੇ ਅਜਿਹੇ ਹੀ ਭਾਵ ਬੋਧ ਨੂੰ ਦਰਸਾਉਂਦੀ ਇਕ ਕਵਿਤਾ ਲਿਖੀ ਹੈ ‘ਕਦੇ ਤਾਂ ਉਹ ਵਿਸਾਖੀ ਆਵੇ’, ਜੋ ਉਹਦੇ ਕਾਵਿ ਸੰਗ੍ਰਹਿ ‘ਰਹੇ ਸਲਾਮਤ ਸੱਚ’ ਵਿਚ ਦਰਜ ਹੈ। ਇਸ ਦੇ ਤਿੰਨ-ਤਿੰਨ ਪੰਕਤੀਆਂ ਵਾਲੇ ਚੌਦਾਂ ਬੰਦਾਂ ਵਿਚ ਉਹਨੇ ਬੜੀ ਸੰਜੀਦਗੀ ਨਾਲ ਆਪਣੇ ਵਲਵਲਿਆਂ ਦਾ ਪ੍ਰਗਟਾਵਾ ਕੀਤਾ ਹੈ। ਇਸ ਲੰਬੀ ਕਵਿਤਾ ’ਚੋਂ ਕੁਝ ਪੰਕਤੀਆਂ ਉਦਾਹਰਨ ਵਜੋਂ ਪੇਸ਼ ਹਨ :

ਦਸਮ ਪਿਤਾ ਨੇ ਸਾਜਿਆ ਸੀ ਜੋ
ਕਿੱਥੇ ਹੈ ਉਹ ਪੰਥ ਖ਼ਾਲਸਾ?
ਮਿਲੇ ਤਾਂ ਕਹਿਣਾ ਘਰ ਆ ਜਾਵੇ।
ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ
ਮੁੜ-ਮੁੜ ਕੇ ਹੈ ਚੇਤੇ ਆਉਂਦਾ
ਕੋਈ ਸੁੱਤਾ ਦਰਦ ਜਗਾਵੇ।
‘ਨਾਇਕ’ ਜੋ ਵਿਸਾਖੀ ਦਾ ਸੀ
‘ਮੰਡੀ’ ਦੇ ਵਿਚ ਰੁਲ ਗਿਆ ਹੈ
ਫ਼ਿਕਰਾਂ ਦੇ ਵਿਚ ਖੁੱਭਦਾ ਜਾਵੇ।
‘ਚਾਤ੍ਰਿਕ’ ਦੀ ਉਸ ਕਵਿਤਾ ਵਰਗਾ
ਮਾਰ ਦਮਾਮੇ ਮੇਲੇ ਆਉਂਦਾ
ਜੱਟ ਨਾ ਕੋਈ ਨਜ਼ਰੀਂ ਆਵੇ।
ਸਿਆਸਤ ਦੀ ਹੈ ਭੇਂਟਾ ਚੜ੍ਹਦਾ
ਹੁਣ ਵਿਸਾਖੀ ਵਾਲਾ ਮੇਲਾ
ਮੇਲਾ ਹੋਰ ਹੀ ਰੰਗ ਵਟਾਵੇ.
ਖੇਤਾਂ ਵਿਚ ਹਰਿਆਲੀ ਹੋਵੇ
ਹਰ ਚਿਹਰੇ ਤੇ ਲਾਲੀ ਹੋਵੇ
ਕਦੇ ਤਾਂ ਉਹ ਵਿਸਾਖੀ ਆਵੇ। •

98784-32318

# ਯੂਰੀਆ ਖਾਦ ਦੀ ਅਣਅਧਿਕਾਰਿਤ ਵਰਤੋਂ ਰੋਕਣ ਲਈ ਜਿਲ੍ਹਾ ਪੱਧਰੀ ਟਾਸਕਫੋਰਸ ਦਾ ਗਠਨ

ਪਟਿਆਲਾ, 9 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜਿਲ੍ਹਾ ਪਟਿਆਲਾ ਵਿੱਚ ਯੂਰੀਆ ਖਾਦ ਦੀ ਅਣਅਧਿਕਾਰਿਤ ਵਰਤੋਂ ਅਤੇ ਡਾਇਵਰਜਨ ਨੂੰ ਰੋਕਣ ਲਈ ਜਿਲ੍ਹਾ ਪੱਧਰੀ ਟਾਸਕਫੋਰਸ ਦਾ ਗਠਨ ਕੀਤਾ ਗਿਆ ਹੈ।

ਇਸ ਟਾਸਕਫੋਰਸ ਵਿੱਚ ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ, ਜਿਲ੍ਹਾ ਮਾਲ ਅਫਸਰ ਅਤੇ ਐਸ.ਪੀ. ਹੈਡਕੁਆਰਟਰ ਨੂੰ ਸ਼ਾਮਲ ਕੀਤਾ ਗਿਆ ਹੈ। ਟਾਸਕਫੋਰਸ ਦਾ ਮੁੱਖ ਉਦੇਸ਼ ਖੇਤੀਬਾੜੀ ਲਈ ਵਰਤੇ ਜਾਣ ਵਾਲੇ ਸਬਸਿਡੀਸ਼ੁਦਾ ਯੂਰੀਆ ਦੀ ਗੈਰ-ਖੇਤੀਬਾੜੀ ਕੰਮਾਂ ਵਿੱਚ ਹੋ ਰਹੀ ਵਰਤੋਂ 'ਤੇ ਨਿਗਰਾਨੀ ਕਰਨਾ ਅਤੇ ਇਸ ਨੂੰ ਰੋਕਣਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਖੇਤੀਬਾੜੀ ਗਰੇਡ ਯੂਰੀਆ 'ਤੇ ਵੱਡੇ ਪੱਧਰ 'ਤੇ ਸਬਸਿਡੀ ਦਿੱਤੀ ਜਾਂਦੀ ਹੈ, ਤਾਂ ਜੋ ਕਿਸਾਨਾਂ ਨੂੰ ਖੇਤੀ ਲਈ ਖਾਦ ਵਾਜਿਬ ਕੀਮਤ 'ਤੇ ਉਪਲਬਧ ਹੋ ਸਕੇ। ਪਰੰਤੂ ਕੁਝ ਉਦਯੋਗਾਂ ਅਤੇ ਇਕਾਈਆਂ ਵੱਲੋਂ ਇਸ ਯੂਰੀਆ ਦੀ ਵਰਤੋਂ ਫੀਡ ਤਿਆਰ ਕਰਨ, ਰੇਜਿਨ ਬਣਾਉਣ ਅਤੇ ਪਲਾਈਵੁੱਡ ਫੈਕਟਰੀਆਂ ਸਮੇਤ ਹੋਰ ਗੈਰ-ਖੇਤੀਬਾੜੀ ਕੰਮਾਂ ਲਈ ਕੀਤੀ ਜਾ ਰਹੀ ਹੈ। ਇਸ ਨਾਲ ਸਰਕਾਰ ਨੂੰ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ ਅਤੇ ਕਿਸਾਨਾਂ ਲਈ ਯੂਰੀਆ ਦੀ ਉਪਲਬਧਤਾ ਪ੍ਰਭਾਵਿਤ ਹੁੰਦੀ ਹੈ।

ਮੁੱਖ ਖੇਤੀਬਾੜੀ ਅਫਸਰ ਡਾ. ਦਾਰਾ ਸਿੰਘ ਨੇ ਦੱਸਿਆ ਕਿ ਟਾਸਕਫੋਰਸ ਵੱਲੋਂ ਜਿਲ੍ਹੇ ਵਿੱਚ ਯੂਰੀਆ ਖਾਦ ਦੀ ਸਪਲਾਈ, ਸਟੋਰੇਜ ਅਤੇ ਵਰਤੋਂ 'ਤੇ ਨਿਗਰਾਨੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਯੂਰੀਆ ਖਾਦ ਦੀ ਅਣਅਧਿਕਾਰਿਤ ਵਰਤੋਂ ਸਬੰਧੀ ਕੋਈ ਜਾਣਕਾਰੀ ਜਾਂ ਸ਼ਿਕਾਇਤ ਹੋਵੇ ਤਾਂ ਉਹ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਡਾ. ਅਵਨਿੰਦਰ ਸਿੰਘ ਮਾਨ ਨਾਲ ਮੋਬਾਇਲ ਨੰਬਰ 80547-04471 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਖਿਲਾਫ ਫਰਟੀਲਾਇਜ਼ਰ ਕੰਟਰੋਲ ਐਕਟ 1985 ਅਧੀਨ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕਬਾੜ ਦੀਆਂ ਲਾਵਾਰਿਸ ਗੱਡੀਆਂ ਤੋਂ ਪ੍ਰੇਸ਼ਾਨ ਕਲੋਨੀ ਨਿਵਾਸੀਆਂ ਵਿੱਚ ਡਰ

## ਸੜਕ ਤੋਂ ਕਬਜ਼ਾ ਹਟਾਉਣ ਵਾਸਤੇ ਪਰੇਸ਼ਾਨ ਲੋਕ ਸੜਕ ਰੋਕਣ ਲਈ ਮਜਬੂਰ

ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-






ਪਟਿਆਲਾ ਸ਼ਹਿਰ ਦੇ ਪੌਸ਼ ਇਲਾਕੇ 33 ਫੁੱਟੀ ਰੋਡ ਨਿਊ ਬਿਸ਼ਨ ਨਗਰ, ਐਸਐਸਟੀ ਨਗਰ ਵਿੱਚ ਅੱਜ ਕਲੋਨੀ ਨਿਵਾਸੀਆਂ ਅਤੇ ਦੁਕਾਨਦਾਰਾਂ ਵੱਲੋਂ ਸਾਂਝੇ ਤੌਰ ਤੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ ਇਸ ਮੀਟਿੰਗ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਲੋਨੀ ਦੇ ਪ੍ਰਧਾਨ ਨੇ ਦੱਸਿਆ ਇਸ ਇਲਾਕੇ ਵਿੱਚ ਇੱਕ ਵਿਅਕਤੀ ਜਿਸ ਦਾ ਕਬਾੜ ਦਾ ਕੰਮ ਹੈ। ਉਹ ਰਹਿ ਰਿਹਾ ਹੈ ਜਿਸ ਵੱਲੋਂ ਇਲਾਕੇ ਦੀ ਸੜਕ ਉੱਤੇ ਨਜਾਇਜ਼ ਤੌਰ ਤੇ ਕਵਾੜ ਵਾਲੀਆਂ ਲਾਵਾਰਿਸ ਗੱਡੀਆਂ ਲਿਆ ਕੇ ਸੁੱਟ ਦਿੱਤੀਆਂ ਹਨ। ਵਾਰ ਵਾਰ ਪ੍ਰਧਾਨ, ਐਸੋਸੀਏਸ਼ਨ ਅਤੇ ਮਹੱਲਾ ਨਿਵਾਸੀਆਂ ਤੇ ਦੁਕਾਨਦਾਰਾਂ ਨੇ ਬੇਨਤੀ ਕੀਤੀ ਪਰ ਉਹ ਇਹ ਗੱਡੀਆਂ ਚੱਕਣ ਨੂੰ ਤਿਆਰ ਨਹੀਂ। ਇਸ ਸੰਦਰਭ ਦੇ ਵਿੱਚ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ, ਨਗਰ ਨਿਗਮ ਨੂੰ ਬੇਨਤੀ ਕੀਤੀ ਗਈ, ਇੰਪਰੂਵਮੈਂਟ ਟਰਸਟ ਨੂੰ ਵੀ ਇਸ ਬਾਰੇ ਦੱਸਿਆ ਗਿਆ। ਪਰ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਇਹ ਗੱਡੀਆਂ ਮੋੜ ਉੱਤੇ ਲੱਗੀਆਂ ਹਨ ਜਿਸ ਨਾਲ ਇਹ ਮੋੜ ਅੰਨਾ ਮੋੜ ਹੋ ਜਾਂਦਾ ਹੈ। ਤੇ ਆਏ ਦਿਨ ਇੱਥੇ ਐਕਸੀਡੈਂਟ ਹੁੰਦੇ ਹਨ। ਇਸ ਤੋਂ ਇਲਾਵਾ ਸਕੂਲ ਬੱਸਾਂ, ਅੰਤਿਮ ਸੰਸਕਾਰ ਵੈਨ ਅਤੇ ਆਣ ਜਾਣ ਵਾਲੇ ਰਾਹਗੀਰਾਂ ਨੂੰ ਵੀ ਖਾਸੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਮਾਰਕੀਟ ਵਾਲਿਆਂ ਨੇ ਇਹ ਵੀ ਕਿਹਾ ਕਿ ਸਾਡੇ ਕੋਲ ਜੇਕਰ ਕੋਈ ਗ੍ਰਾਹਕ ਆਉਂਦਾ ਹੈ ਤਾਂ ਉਸ ਨੂੰ ਮੋਟਰਸਾਈਕਲ ਜਾਂ ਕਾਰ ਖੜਾਉਂਣ ਦੀ ਥਾਂ ਨਹੀਂ ਮਿਲਦੀ ਕਿਉਂਕਿ ਇਹ ਗੱਡੀਆਂ ਲਗਾਤਾਰ ਲੰਬੇ ਅਰਸੇ ਤੋਂ ਇਥੇ ਜਿਉਂ ਦੀਆਂ ਤਿਉਂ ਕਬਜਾ ਕਰ ਖੜ੍ਹੀਆਂ ਹੋਈਆਂ ਹਨ। ਉਥੇ ਹੀ ਸ਼ਿਵਸੇਨਾ ਬਾਲ ਠਾਕਰੇ ਸ਼ਿੰਦੇ ਗਰੁੱਪ ਦੇ ਪ੍ਰਧਾਨ ਹਰੀਸ ਸਿੰਗਲਾ ਨੇ ਮਾਰਕੀਟ ਦੀ ਸਮੱਸਿਆ ਸੁਣੀ ਅਤੇ ਉਹਨਾਂ ਸਰਕਾਰ ਅਤੇ ਪਟਿਆਲਾ ਪ੍ਰਸ਼ਾਸਨ ਤੋਂ ਇਹ ਸਵਾਲ ਕੀਤਾ ਕਿ ਜੇਕਰ ਇਹਨਾਂ ਗੱਡੀਆਂ ਵਿੱਚ ਕੋਈ ਅਣਜਾਣ ਵਿਅਕਤੀ ਕੋਈ ਵਿਸੋਕਟ ਸਮੱਗਰੀ ਰੱਖ ਜਾਂਦਾ ਹੈ ਅਤੇ ਇੱਥੇ ਕੋਈ ਅਣਸੁਖਾਣੀ ਘਟਨਾ ਵਾਪਰ ਜਾਂਦੀ ਹੈ ਤਾਂ ਕਲੋਨੀ ਅਤੇ ਦੁਕਾਨਦਾਰਾਂ ਦੇ ਨੁਕਸਾਨ ਦਾ ਜਿੰਮੇਵਾਰ ਪਟਿਆਲਾ ਪ੍ਰਸ਼ਾਸਨ ਜਾ ਐਸਐਸਪੀ ਪਟਿਆਲਾ ਹੋਣਗੇ ?

ਅੱਜ ਕੱਲ ਪੰਜਾਬ ਦੇ ਮਾਹੌਲ ਨੂੰ ਦੇਖਦੇ ਹੋਏ ਕਲੋਨੀ ਨਿਵਾਸੀਆਂ ਅਤੇ ਮਾਰਕੀਟ ਦੇ ਦੁਕਾਨਦਾਰਾਂ ਵਿੱਚ ਇਸ ਗੱਲ ਦਾ ਵੀ ਡਰ ਹੈ ਕਿ ਇਹਨਾਂ ਗੱਡੀਆਂ ਨੂੰ ਸ਼ਰਾਰਤੀ ਲੋਕ ਕਿਸੇ ਸ਼ਰਾਰਤ ਨੂੰ ਅੰਜਾਮ ਦੇਣ ਲਈ ਇਸਤੇਮਾਲ ਨਾ ਕਰਨ ਅਤੇ ਉਹਨਾਂ ਸਬੰਧਤ ਥਾਣੇ ਨੂੰ ਬੇਨਤੀ ਕੀਤੀ ਕਿ ਇਹਨਾਂ ਗੱਡੀਆਂ ਦੇ ਕਾਗਜ਼ਾਤ ਚੈੱਕ ਕੀਤੇ ਜਾਣ ਅਤੇ ਇਹਨਾਂ ਨੂੰ ਜਲਦ ਤੋਂ ਜਲਦ ਇੱਥੋਂ ਹਟਾਇਆ ਜਾਵੇ।

ਇੱਥੇ ਹੀ ਕਲੋਨੀ ਪ੍ਰਧਾਨ ਨੇ ਸਿੱਧੇ ਤੌਰ ਉੱਤੇ ਐਲਾਨ ਕੀਤਾ ਕਿ ਜੇਕਰ ਪੁਲਿਸ ਅਤੇ ਪ੍ਰਸ਼ਾਸਨ ਸਾਡੀ ਇਹ ਮੰਗ ਨਹੀਂ ਮੰਨਦਾ ਤਾਂ ਆਣ ਵਾਲੇ ਸਮੇਂ ਵਿੱਚ ਸਾਨੂੰ ਰੋਡ ਖਲਵਾਣ ਲਈ ਰੋਡ ਜਾਮ ਕਰਨੀ ਪਈ ਤਾਂ ਵੀ ਅਸੀਂ ਗੁਰੇਜ ਨਹੀਂ ਕਰਾਂਗੇ।

# ਸੰਤ ਬਾਬਾ ਸੁਖਦੇਵ ਸਿੰਘ ਮਾਹਾਰਾਜ ਖੇਡ ਗਰਾਊਂਡ ਦਾ ਉਦਘਾਟਨ 38 ਲੱਖ ਦੀ ਲਾਗਤ ਨਾਲ ਵਿਧਾਇਕ ਗੁਰਦੇਵ ਮਾਨ ਵੱਲੋਂ ਕੀਤਾ ਗਿਆ

ਨਾਭਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-




ਹਲਕਾ ਨਾਭਾ ਦੇ ਪਿੰਡ ਅਲੋਹਰਾ ਕਲਾ ਵਿਖੇ ਮੁੱਖ ਮੰਤਰੀ ਖੇਡ ਮੈਦਾਨ ਸਕੀਮ ਤਹਿਤ ਸੰਤ ਬਾਬਾ ਸੁਖਦੇਵ ਸਿੰਘ ਮਾਹਾਰਾਜ ਖੇਡ ਗਰਾਊਂਡ ਦਾ ਉਦਘਾਟਨ 38 ਲੱਖ ਦੀ ਲਾਗਤ ਨਾਲ ਵਿਧਾਇਕ ਗੁਰਦੇਵ ਮਾਨ ਵੱਲੋਂ ਕੀਤਾ ਗਿਆ।

ਪਿੰਡ ਦੇ ਨੌਜਵਾਨਾ ਵਿੱਚ ਖ਼ੁਸ਼ੀ ਦੀ ਲਹਿਰ ਪਿੰਡ ਦੇ ਲੋਕਾਂ ਨੇ ਕੀਤਾ ਵਿਧਾਇਕ ਦੇਵ ਮਾਨ ਦਾ ਧੰਨਵਾਦ ਇਸ ਮੌਕੇ ਕਿਰਨਪਾਲ ਕੋਰ ਸਰਪੰਚ, ਬਹਾਦਰ ਸਿੰਘ, ਗੁਰਪ੍ਰੀਤ ਸਿੰਘ ਜੋਗਾ ਮੈਂਬਰ ਪ੍ਰਧਾਨ ਯੂਥ ਕਲੱਬ, ਸੁਰਿੰਦਰਪਾਲ ਸਿੰਘ ਮੈਂਬਰ, ਨਿਰਭੈ ਸਿੰਘ, ਗੁਰਜੰਟ ਸਿੰਘ ਮੈਂਬਰ, ਹਰਮੇਲ ਕੋਰ ਮੈਂਬਰ, ਬਲਜਿੰਦਰ ਕੋਰ ਮੈਂਬਰ, ਮਨਜੀਤ ਕੋਰ ਮੈਂਬਰ, ਤਜਿੰਦਰ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰ ਮਾਜਰੀ, ਕਰਮਜੀਤ ਭੋਲੀ, ਦੀਪਾ ਰਾਮਗੜ੍ਹ, ਸੈਕੀ ਸਿੰਗਲਾ, ਕਮਲ ਭਾਦਸੋ, ਹਰਮੇਸ ਮੈਸੀ, ਅਮਰੀਕ ਸਿੰਘ ਮਾਸਟਰ, ਗੁਰਚਰਨ ਸਿੰਘ, ਸਿਮਰਨ ਅੜਕ ਚੋਹਾਨ ਆਦਿ।

# ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਨਾਮ 'ਤੇ ਸਕਿੱਲ ਟ੍ਰੇਨਿੰਗ ਸੈਂਟਰ ਬਣਾਉਣ ਦੀ ਮੰਗ : ਭਾਰਜ

ਲੁਧਿਆਣਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਆਲ ਇੰਡੀਆ ਰਾਮਗੜ੍ਹੀਆ ਬੋਰਡ ਵੱਲੋਂ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 303ਵੇਂ ਜਨਮ ਦਿਹਾੜੇ ਮੌਕੇ ਪੰਜਾਬ ਸਰਕਾਰ ਕੋਲ ਉਹਨਾਂ ਦੇ ਨਾਮ 'ਤੇ ਸਕਿੱਲ ਟ੍ਰੇਨਿੰਗ ਸੈਂਟਰ ਸਥਾਪਿਤ ਕਰਨ ਦੀ ਮੰਗ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਭਾਰਜ ਨੇ ਕਿਹਾ ਕਿ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਹੁਨਰ, ਕਾਰੀਗਰੀ ਅਤੇ ਸੂਰਵੀਰਤਾ ਦੇ ਪ੍ਰਤੀਕ ਸਨ।

ਉਹਨਾਂ ਦੇ ਨਾਮ 'ਤੇ ਟ੍ਰੇਨਿੰਗ ਸੈਂਟਰ ਬਣਾਉਣ ਨਾਲ ਨੌਜਵਾਨਾਂ ਨੂੰ ਤਕਨੀਕੀ ਅਤੇ ਉਦਯੋਗਿਕ ਖੇਤਰਾਂ ਵਿੱਚ ਅੱਗੇ ਵੱਧਣ ਲਈ ਪ੍ਰੇਰਣਾ ਅਤੇ ਰੋਜ਼ਗਾਰ ਦੇ ਮੌਕੇ ਮਿਲਣਗੇ।

ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਨੌਜਵਾਨਾਂ ਦੇ ਹੁਨਰ ਵਿਕਾਸ ਅਤੇ ਆਤਮਨਿਰਭਰਤਾ ਲਈ ਇਸ ਮੰਗ 'ਤੇ ਜਲਦ ਸਕਾਰਾਤਮਕ ਫੈਸਲਾ ਲਿਆ ਜਾਵੇ।

# ਜਥੇਬੰਦੀਆਂ ਵਲੋਂ ਕੰਮ ਛੋੜ ਹੜਤਾਲ ਦਾ ਭਰਵਾ ਹੁੰਗਾਰਾ ਮਿਲਿਆ

ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਨਗਰ ਨਿਗਮ ਪਟਿਆਲਾ ਵਿਖੇ ਸਮੂਹ ਜਥੇਬੰਦੀਆਂ ਵਲੋਂ ਕੰਮ ਛੋੜ ਹੜਤਾਲ ਦਾ ਭਰਵਾ ਹੁੰਗਾਰਾ ਮਿਲਿਆ ਅਤੇ ਇਸ ਧਰਨੇ ਵਿੱਚ ਨਗਰ ਨਿਗਮ ਪਟਿਆਲਾ ਦੀ ਸਾਰੀ ਹੀ ਜਥੇਬੰਦੀਆਂ ਨੇ ਧਰਨੇ ਵਿੱਚ ਬੈਠ ਕੇ ਮੌਜੂਦਾ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ ਅਤੇ ਸਾਰੇ ਹੀ ਮੁਲਾਜਮਾਂ ਵਲੋਂ ਮੁੱਖ ਮੰਗਾਂ ਇਹ ਰਹੀਆਂ ਹਨ ਪਹਿਲ ਦੇ ਆਧਾਰ ਤੇ ਬਿਨਾਂ ਸ਼ਰਤ ਕੱਚੇ ਕਾਮੇ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਡੀ.ਏ. ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਇਸ ਧਰਨੇ ਦੀ ਸਾਰੀ ਪਹਿਰਵਾਈ ਬੱਬੂ ਪ੍ਰਧਾਨ ਨੇ ਕੀਤੀ। ਸਾਰੀ ਟੀਮ ਕਰਮਚਾਰੀ ਦਲ, ਕੇਵਲ ਕਿਸ਼ਨ ਪ੍ਰਧਾਨ, ਅਨਿਲ ਕੁਮਾਰ, ਟੈਕਨੀਕਲ ਯੂਨੀਅਨ ਪ੍ਰਧਾਨ ਰਾਜੇਸ਼ ਕੁਮਾਰ, ਬਲਵਿੰਦਰ, ਪਵਨ, ਸਾਬਕਾ ਪ੍ਰਧਾਨ ਸੰਜੇ ਕਲਿਆਣ ਆਦਿ ਮੌਜੂਦ ਸਨ।

# 'ਸੀਐਮ ਦੀ ਯੋਗਸ਼ਾਲਾ' ਬਣੀ ਸਿਹਤਮੰਦ ਪੰਜਾਬ ਵੱਲ ਵੱਡਾ ਕਦਮ, ਲੋਕਾਂ ਨੂੰ ਮਿਲ ਰਹੇ ਅਨੇਕਾਂ ਸਿਹਤ ਲਾਭ



ਲੁਧਿਆਣਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ 'ਸੀਐਮ ਦੀ ਯੋਗਸ਼ਾਲਾ' ਪ੍ਰੋਜੈਕਟ ਲੋਕਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਜ਼ਿਲ੍ਹਾ ਲੁਧਿਆਣਾ ਵਿੱਚ 725 ਥਾਵਾਂ 'ਤੇ ਨਿਯਮਿਤ ਤੌਰ 'ਤੇ ਚੱਲ ਰਹੀਆਂ ਮੁਫ਼ਤ ਯੋਗ ਕਲਾਸਾਂ ਰਾਹੀਂ ਲੋਕਾਂ ਨੂੰ ਸਿਹਤਮੰਦ ਜੀਵਨ ਦੇ ਨਾਲ-ਨਾਲ ਆਪਸੀ ਭਾਈਚਾਰੇ ਅਤੇ ਸਾਕਾਰਾਤਮਕ ਜੀਵਨਸ਼ੈਲੀ ਦਾ ਲਾਭ ਮਿਲ ਰਿਹਾ ਹੈ।

ਜੀ.ਟੀ.ਬੀ ਨਗਰ ਖੇਤਰ ਵਿੱਚ ਯੋਗ ਟ੍ਰੇਨਰ ਨੇਹਾ ਵੱਲੋਂ ਜੀਵਨ ਨਗਰ ਪਾਰਕ, ਬਾਬਾ ਬਾਲਾ ਨਾਥ ਮੰਦਰ ਅਤੇ ਨਿਊ ਜੀ.ਟੀ.ਬੀ ਨਗਰ ਵਿੱਚ ਨਿਯਮਿਤ ਯੋਗ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਕਲਾਸਾਂ ਵਿੱਚ ਸ਼ਾਮਲ ਲੋਕਾਂ ਨੇ ਦੱਸਿਆ ਕਿ ਯੋਗ ਰਾਹੀਂ ਉਨ੍ਹਾਂ ਨੂੰ ਸ਼ੂਗਰ, ਬਲੱਡ ਪ੍ਰੈਸ਼ਰ, ਥਾਇਰਾਇਡ, ਸਰਵਾਈਕਲ, ਜੋੜਾਂ ਦੇ ਦਰਦ, ਮੋਟਾਪੇ ਅਤੇ ਹੋਰ ਕਈ ਬਿਮਾਰੀਆਂ ਵਿੱਚ ਕਾਫ਼ੀ ਰਾਹਤ ਮਿਲੀ ਹੈ। ਲੋਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਸੀਐਮ ਦੀ ਯੋਗਸ਼ਾਲਾ' ਸਿਹਤਮੰਦ ਅਤੇ ਨਸ਼ਾ-ਮੁਕਤ ਪੰਜਾਬ ਬਣਾਉਣ ਵੱਲ ਇੱਕ ਪ੍ਰਭਾਵਸ਼ਾਲੀ ਉਪਰਾਲਾ ਹੈ।

# ਮੇਅਰ ਨੇ ਸ਼ਰਧਾਲੂਆਂ ਦੀਆਂ ਦੋ ਬੱਸਾਂ ਕੀਤੀਆਂ ਰਵਾਨਾ




ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਪਟਿਆਲਾ ਸ਼ਹਿਰ ਤੋਂ ਸ਼ਰਧਾਲੂਆਂ ਦੀਆਂ ਦੋ ਬੱਸਾਂ ਨੂੰ ਰਵਾਨਾ ਕੀਤਾ। ਇਹ ਸ਼ਰਧਾਲੂ ਵਾਰਡ ਨੰਬਰ 50 ਅਤੇ 31 ਵਿੱਚੋਂ ਗਈਆਂ ਹਨ।

ਇਸ ਮੌਕੇ ਕੌਂਸਲਰ ਹਰਮਨ ਸੰਧੂ, ਜਗਤਾਰ ਜੱਗੀ, ਪਦਮਜੀਤ ਕੌਰ, ਬਿੱਟੂ, ਤੀਰਥ ਯਾਤਰ ਮੈਨੇਜਰ ਰਮਨਪ੍ਰੀਤ ਕੌਰ, ਯਾਤਰਾ ਕੋਆਰਡੀਨੇਟਰ ਹਰਮਿੰਦਰਪਾਲ ਸਿੰਘ ਵਿੰਟੀ ਸੱਭਰਵਾਲ, ਸਟਾਫ ਧਰਮਿੰਦਰ ਸਿੰਘ, ਅਮਨਦੀਪ ਸਿੰਘ ਅਤੇ ਜਤਿੰਦਰ ਸਿੰਘ ਸਮੇਤ ਹੋਰ ਵੀ ਹਾਜ਼ਰ ਸਨ।

ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਇਹ ਯਾਤਰਾ ਤਿੰਨ ਦਿਨ ਅਤੇ ਦੋ ਰਾਤਾਂ ਦੀ ਹੋਵੇਗੀ, ਜਿਸ ਦੌਰਾਨ ਸ਼ਰਧਾਲੂਆਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਰਾਮ ਤੀਰਥ ਮੰਦਰ, ਜਲਿਆਂਵਾਲਾ ਬਾਗ ਅਤੇ ਵਾਹਘਾ ਬਾਰਡਰ ਵਰਗੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ।

ਮੇਅਰ ਗੋਗੀਆ ਨੇ ਸ਼ਰਧਾਲੂ ਯਾਤਰੀਆਂ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਯਾਤਰਾ ਦੌਰਾਨ ਦਿੱਤੀਆਂ ਜਾਂਦੀਆਂ ਸਹੂਲਤਾਂ ਸਬੰਧੀ ਵੀ ਜਾਣਕਾਰੀ ਦਿੱਤੀ। ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਕੁੰਦਨ ਗੋਗੀਆ ਨੇ ਕਿਹਾ ਕਿ ਇਹ ਯੋਜਨਾ ਖਾਸ ਤੌਰ 'ਤੇ ਸੀਨੀਅਰ ਸਿਟੀਜਨਾਂ ਲਈ ਇਕ ਵੱਡੀ ਸਹੂਲਤ ਸਾਬਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਨ ਸਰਕਾਰ ਵੱਲੋਂ ਹਰ ਵਰਗ ਨੂੰ ਧਿਆਨ ਵਿੱਚ ਰੱਖਦਿਆਂ ਇਹ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਸੂਬੇ ਵਿੱਚ ਸਰਬ ਸਾਂਝੀਵਾਲਤਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਮਜ਼ਬੂਤ ਹੋਇਆ ਹੈ।

# ਨਾਜਾਇਜ਼ ਮਾਇਨਿੰਗ ਖ਼ਿਲਾਫ਼ 50 ਪਿੰਡਾਂ ਦੇ ਲੋਕ ਇਕੱਠੇ; ਡੀ.ਸੀ ਨੂੰ ਸੌਂਪਿਆ ਮੰਗ-ਪੱਤਰ : ਬੱਲੀਏਵਾਲ



ਲੁਧਿਆਣਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਿਤਪਾਲ ਸਿੰਘ ਬੱਲੀਏਵਾਲ ਦੀ ਅਗਵਾਈ ਹੇਠ ਹਲਕਾ ਸਾਹਨੇਵਾਲ ਦੇ 25 ਪਿੰਡਾਂ ਦੇ ਸਰਪੰਚਾਂ ਅਤੇ 50 ਪਿੰਡਾਂ ਦੇ ਮੋਹਤਵਾਰ ਲੋਕਾਂ ਵੱਲੋਂ ਸਤਲੁਜ ਦਰਿਆ ਨੇੜੇ ਹੋ ਰਹੀ ਨਾਜਾਇਜ਼ ਮਾਇਨਿੰਗ ਖ਼ਿਲਾਫ਼ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ ਮੰਗ-ਪੱਤਰ ਸੌਂਪਿਆ ਗਿਆ।

ਬੱਲੀਏਵਾਲ ਨੇ ਦੋਸ਼ ਲਾਇਆ ਕਿ ਮਾਇਨਿੰਗ ਮਾਫੀਆ ਵੱਲੋਂ ਪੋਕਲਾਈਨਾਂ ਰਾਹੀਂ ਦਰਿਆ ਵਿੱਚ ਡੂੰਘੇ ਖੱਡੇ ਖੋਦੇ ਜਾ ਰਹੇ ਹਨ ਅਤੇ ਸਰਕਾਰ ਵੱਲੋਂ ਲਗਾਈ ਪਾਬੰਦੀ ਦੇ ਬਾਵਜੂਦ ਧੜੱਲੇ ਨਾਲ ਨਾਜਾਇਜ਼ ਮਾਇਨਿੰਗ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਹੜ੍ਹਾਂ ਕਾਰਨ ਪ੍ਰਭਾਵਿਤ ਇਲਾਕਿਆਂ ਦੇ ਨੇੜੇ ਵੀ ਮਾਇਨਿੰਗ ਕੀਤੀ ਜਾ ਰਹੀ ਹੈ, ਜਿਸ ਨਾਲ ਪਿੰਡਾਂ ਨੂੰ ਖ਼ਤਰਾ ਬਣਿਆ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਡੀ.ਸੀ ਵੱਲੋਂ 7 ਦਿਨਾਂ ਅੰਦਰ ਕਾਰਵਾਈ ਦਾ ਭਰੋਸਾ ਦਿੱਤਾ ਗਿਆ ਹੈ। ਬੱਲੀਏਵਾਲ ਨੇ ਚੇਤਾਵਨੀ ਦਿੱਤੀ ਕਿ ਜੇਕਰ ਨਾਜਾਇਜ਼ ਮਾਇਨਿੰਗ ਨਾ ਰੋਕੀ ਗਈ ਤਾਂ ਵੱਡਾ ਸੰਘਰਸ਼ ਅਤੇ ਪੱਕਾ ਧਰਨਾ ਸ਼ੁਰੂ ਕੀਤਾ ਜਾਵੇਗਾ।

# ਮੋਗਾ ਵਿੱਚ ਭਾਜਪਾ ਦਾ ਵੱਡਾ ਸਿਆਸੀ ਧਮਾਕਾ, ਸੈਣੀ ਹੋਏ ਭਾਜਪਾ 'ਚ ਸ਼ਾਮਿਲ

ਮੋਗਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੀ ਰਾਜਨੀਤੀ ਵਿੱਚ ਭਾਰਤੀ ਜਨਤਾ ਪਾਰਟੀ ਲਗਾਤਾਰ ਆਪਣਾ ਜਨਾਧਾਰ ਮਜ਼ਬੂਤ ਕਰਦੀ ਨਜ਼ਰ ਆ ਰਹੀ ਹੈ। ਇਸੇ ਕੜੀ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਲਪਸੰਖਿਆਕ ਮੋਰਚਾ ਦੇ ਪ੍ਰਦੇਸ਼ ਸਚਿਵ ਕ੍ਰਿਸ਼ਨ ਸੈਨੀ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਹੈ। ਮੋਗਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਅਗਵਾਈ ਵਿੱਚ ਰੱਖੇ ਪ੍ਰੋਗਰਾਮ ਦੌਰਾਨ ਕ੍ਰਿਸ਼ਨ ਸੈਨੀ ਨੇ ਰਸਮੀ ਤੌਰ 'ਤੇ ਭਾਜਪਾ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ। ਇਸ ਮੌਕੇ 'ਤੇ ਡਾ. ਹਰਜੋਤ ਕਮਲ ਨੇ ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਅਤੇ ਪਾਰਟੀ ਦਾ ਬੈਚ ਲਗਾ ਕੇ ਭਾਜਪਾ ਪਰਿਵਾਰ ਵਿੱਚ ਸ਼ਾਮਿਲ ਹੋਣ ਤੇ ਸਵਾਗਤ ਕੀਤਾ। ਇਸ ਮੌਕੇ ਤੇ ਭੁਪਿੰਦਰ ਕੌਰ ਮੋਗਾ, ਹਰਜਿੰਦਰ ਕੌਰ ਬੁੱਘੀਪੁਰਾ, ਪਰਮਿੰਦਰ ਕੌਰ ਮੰਗੇਵਾਲਾ, ਸੁਨੀਤਾ ਰਾਣੀ ਮੋਗਾ, ਹਰਜਿੰਦਰ ਸਿੰਘ ਲੰਢੇਕੇ, ਕਿਰਨਜੀਤ ਕੌਰ ਲੰਢੇਕੇ, ਚਰਨ ਕੌਰ ਧੱਲੇਕੇ, ਸਰਬਜੀਤ ਕੌਰ ਲੰਢੇਕੇ, ਜਸਵੀਰ ਸਿੰਘ ਮੋਗਾ, ਸੁਖਵਿੰਦਰ ਸਿੰਘ ਰਣੀਆਂ ਅਤੇ ਜਗਦੀਪ ਕੁਮਾਰ ਦੀਪਾ ਮੋਗਾ ਵੀ ਸ਼ਾਮਿਲ ਹੋਏ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਕ੍ਰਿਸ਼ਨ ਸੈਨੀ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ, ਕੇਂਦਰ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਅਤੇ ਭਾਜਪਾ ਦੀ ਰਾਸ਼ਟਰਹਿਤ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਵਿਕਾਸ, ਨਿਵੇਸ਼, ਰੋਜ਼ਗਾਰ ਅਤੇ ਮਜ਼ਬੂਤ ਪ੍ਰਸ਼ਾਸਨ ਦੀ ਲੋੜ ਹੈ, ਜੋ ਸਿਰਫ਼ ਭਾਰਤੀ ਜਨਤਾ ਪਾਰਟੀ ਹੀ ਪੂਰੀ ਕਰ ਸਕਦੀ ਹੈ। ਇਸ ਮੌਕੇ 'ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਕਿ ਪੰਜਾਬ ਵਿੱਚ ਤੇਜ਼ੀ ਨਾਲ ਬਦਲ ਰਹੇ ਰਾਜਨੀਤਿਕ ਹਾਲਾਤ ਇਹ ਸੰਕੇਤ ਦੇ ਰਹੇ ਹਨ ਕਿ ਲੋਕ ਹੁਣ ਪਰੰਪਰਾਗਤ ਰਾਜਨੀਤੀ ਤੋਂ ਉਕਤਾ ਚੁੱਕੇ ਹਨ ਅਤੇ ਵਿਕਾਸ ਆਧਾਰਿਤ ਰਾਜਨੀਤੀ ਵੱਲ ਵੱਧ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਲੰਬੇ ਸਮੇਂ ਤੋਂ ਭ੍ਰਿਸ਼ਟਾਚਾਰ, ਬੇਰੋਜ਼ਗਾਰੀ ਅਤੇ ਨਸ਼ੇ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਅਜਿਹੇ ਵਿੱਚ ਰਾਜ ਨੂੰ ਦੁਬਾਰਾ ਵਿਕਾਸ ਅਤੇ ਖੁਸ਼ਹਾਲੀ ਦੇ ਰਸਤੇ 'ਤੇ ਲਿਆਉਣ ਲਈ ਮਜ਼ਬੂਤ ਨੇਤ੍ਰਿਤਵ ਅਤੇ ਸਪਸ਼ਟ ਨੀਤੀਆਂ ਦੀ ਲੋੜ ਹੈ। ਡਾ. ਹਰਜੋਤ ਕਮਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਲਗਾਤਾਰ ਤਰੱਕੀ ਕਰ ਰਿਹਾ ਹੈ ਅਤੇ ਇਸੀ ਸੋਚ ਨਾਲ ਭਾਜਪਾ ਪੰਜਾਬ ਵਿੱਚ ਵੀ ਸੰਗਠਨ ਨੂੰ ਮਜ਼ਬੂਤ ਕਰਨ ਵਿੱਚ ਜੁਟੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਵੱਖ-ਵੱਖ ਰਾਜਨੀਤਿਕ ਦਲਾਂ ਨਾਲ ਜੁੜੇ ਨੇਤਾ ਅਤੇ ਵਰਕਰ ਭਾਜਪਾ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

# ਏ.ਆਈ. ਟੈਕਨਾਲੋਜੀ ਨਾਲ ਹੋਵੇਗੀ ਸੋਲਿਡ ਵੇਸਟ ਪ੍ਰਬੰਧਨ ਦੀ ਨਿਗਰਾਨੀ : ਡੀ.ਜੀ.ਐਮ ਹਰਜੀਤ ਸਿੰਘ



ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੋਲਿਡ ਵੇਸਟ (ਕੂੜਾ ਪ੍ਰਬੰਧਨ) ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਬਣਾਉਣ ਦੇ ਉਦੇਸ਼ ਨਾਲ ਅੱਜ ਪੈਸਕੋ ਦੇ ਡੀ.ਜੀ.ਐਮ ਸ੍ਰੀ ਹਰਜੀਤ ਸਿੰਘ ਜੀ ਵੱਲੋਂ ਪੈਸਕੋ ਸੁਪਰਵਾਇਜਰਾਂ ਨਾਲ ਮਿਲ ਕੇ ਪੀ.ਐਮ.ਆਈ.ਡੀ.ਸੀ ਵੱਲੋਂ ਚਲਾਈ ਜਾ ਰਹੀ ਏ.ਆਈ. ਟੈਕਨਾਲੋਜੀ ਨਾਲ ਲੈਸ ਡੈਸ਼ਬੋਰਡ ਪ੍ਰਣਾਲੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਪਟਿਆਲਾ ਜ਼ਿਲ੍ਹੇ ਦੇ ਸੁਪਰਵਾਇਜਰਾਂ ਨੂੰ ਐਪ ਦੇ ਸੁਚੱਜੇ ਪ੍ਰਯੋਗ ਅਤੇ ਮਾਨੀਟਰਿੰਗ ਪ੍ਰਕਿਰਿਆ ਸਬੰਧੀ ਵਿਸਥਾਰ ਨਾਲ ਸਿਖਲਾਈ ਵੀ ਦਿੱਤੀ ਗਈ।

ਡੀ.ਜੀ.ਐਮ ਸ੍ਰੀ ਹਰਜੀਤ ਸਿੰਘ ਜੀ ਨੇ ਦੱਸਿਆ ਕਿ ਆਧੁਨਿਕ ਯੁੱਗ ਵਿੱਚ ਤਕਨਾਲੋਜੀ ਦੀ ਵਰਤੋਂ ਕਾਰਜ ਪ੍ਰਣਾਲੀ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਜਵਾਬਦੇਹ ਬਣਾਉਂਦੀ ਹੈ।

ਉਨ੍ਹਾਂ ਕਿਹਾ ਕਿ ਏ.ਆਈ. ਆਧਾਰਿਤ ਇਹ ਡੈਸ਼ਬੋਰਡ ਦਫਤਰੀ ਅਤੇ ਫੀਲਡ ਪੱਧਰ ਦੇ ਕੰਮਾਂ ਦੀ ਨਿਗਰਾਨੀ ਨੂੰ ਹੋਰ ਸੁਧਾਰੇਗਾ ਅਤੇ ਕੂੜਾ ਪ੍ਰਬੰਧਨ ਪ੍ਰਣਾਲੀ ਵਿੱਚ ਗਤੀਸ਼ੀਲਤਾ ਲਿਆਉਣ ਵਿੱਚ ਸਹਾਇਕ ਸਾਬਤ ਹੋਵੇਗਾ।

# ਸੂਲਰ ਵਿਖੇ ਫਰੀ ਟੈਸਟ ਕੈਂਪ ਲਗਾਇਆ ਗਿਆ

ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਗਰਗ ਮਿਸ਼ਨ ਹਸਪਤਾਲ ਮਾਡਲ ਟਾਊਨ ਵੱਲੋਂ ਗੁਰਦੁਆਰਾ ਸਾਹਿਬ ਸੂਲਰ ਵਿਖੇ ਸਰਪੰਚ ਰਜਿੰਦਰ ਸਿੰਘ ਬੱਬੀ ਦੀ ਦੇਖ ਰੇਖ ਹੇਠ ਡਾਕਟਰ ਮੀਨਾ ਗਰਗ (ਪ੍ਰਸਿੱਧ ਸਮਾਜ ਸੇਵੀ) ਅਤੇ ਡਾਕਟਰ ਨਰੇਸ਼ ਗਰਗ ਵੱਲੋਂ ਇੱਕ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਐਚ ਬੀ, ਆਰਬੀਐਸ, ਯੂਰਿਕ ਐਸਿਡ, ਥਾਇਰਾਇਡ ਟੈਸਟ, ਸ਼ੂਗਰ ਟੈਸਟ, ਬੀਪੀ ਆਦੀ ਦੇ ਟੈਸਟ ਫਰੀ ਵਿੱਚ ਕੀਤੇ ਗਏ। ਜਿਸ ਵਿੱਚ ਭਾਰੀ ਸੰਖਿਆ ਦੇ ਵਿੱਚ ਲੋਕਾਂ ਵੱਲੋਂ ਚੈੱਕ ਅਪ ਕਰਵਾਇਆ ਗਿਆ। ਇਸ ਕੈਂਪ ਨੂੰ ਕਾਮਯਾਬ ਹੋਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾਕਟਰ ਮੀਨਾ ਗਰਗ ਦੀ ਟੀਮ ਜਿਸ ਵਿੱਚ ਰੋਕੀ, ਕਰਨ ਪਵਨ ਕੁਮਾਰ, ਵਰੁਣ, ਆਕਾਸ਼, ਨੀਰਜ ਅਤੇ ਕਰਨਵੀਰ ਸ਼ਾਮਿਲ ਰਹੇ।

# ਸਟੇਟ ਜਰਨਲ ਸਕੱਤਰ ਨਿਯੁਕਤ ਕਰਨ 'ਤੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ : ਬਲਵਿੰਦਰ ਸਿੰਘ ਗਿੱਲ



ਲੁਧਿਆਣਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਦਾਸ ਨੇ ਐਸ.ਸੀ ਵਿੰਗ ਪੰਜਾਬ ਵਿੱਚ ਸਟੇਟ ਜਰਨਲ ਸਕੱਤਰ ਦੀ ਜ਼ਿੰਮੇਵਾਰੀ ਦੇਣ 'ਤੇ ਕਾਂਗਰਸ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਉਨ੍ਹਾਂ ਵਿਸ਼ੇਸ਼ ਤੌਰ 'ਤੇ ਰਜਿੰਦਰ ਪਾਲ ਗੌਤਮ, ਇੰਦਰਜੀਤ ਸਿੰਘ ਬੱਬੂ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਪ੍ਰਤਾਪ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਲੱਕੀ, ਰਾਜਕੁਮਾਰ ਵੇਰਕਾ, ਅਨਿਲ ਜੋਸ਼ੀ ਅਤੇ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਸਮੇਤ ਸਮੁੱਚੀ ਕਾਂਗਰਸ ਪਾਰਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਪੂਰੇ ਜ਼ੋਰ ਸ਼ੋਰ ਨਾਲ ਲੈ ਕੇ ਆਉਣਗੇ।

# ਬਿਜਲੀ ਦੀ ਵਰਤੋਂ ਕਿਉਂ ਤੇ ਕਿਵੇਂ ਕਰੀਏ ਵਿਸ਼ੇ ਉੱਤੇ ਜਾਗਰੂਕਤਾ ਸਮਾਗਮ ਆਯੋਜਿਤ

ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-




ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਮਾਡਲ ਟਾਊਨ ਪਟਿਆਲਾ ਵਿਖੇ ਬਿਜਲੀ ਦੀ ਵਰਤੋਂ ਕਿਉਂ ਤੇ ਕਿਵੇਂ ਕਰੀਏ ਵਿਸ਼ੇ ਉੱਤੇ ਜਾਗਰੂਕਤਾ ਸਮਾਗਮ ਆਯੋਜਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਊਰਜਾ ਬੱਚਤ ਬਾਰੇ ਜਾਣੂ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਦੇ ਡੀ.ਐਸ.ਐਮ ਦਫਤਰ ਦੇ ਇੰਜੀ. ਸਲੀਮ ਮੁਹੰਮਦ, ਉਪ ਮੁੱਖ ਇੰਜ:, ਇੰਜ: ਸ਼ੰਮੀ ਜਿੰਦਲ, ਵਧੀਕ ਨਿਗਰਾਨ ਇੰਜ:, ਇੰਜ: ਭੁਪਿੰਦਰ ਸਿੰਘ, ਏ.ਈ.ਈ:, ਇੰਜ: ਦਿਪਾਂਸ਼ੂ ਨਿਮਲ, ਏ.ਈ.ਈ, ਇੰਜ: ਗਰੀਸ਼ ਕੁਮਾਰ ਮਹਾਜਨ, ਏ.ਈ:, ਇੰਜ: ਅਮਰਜੀਤ ਸਿੰਘ, ਏ.ਏ.ਈ ਅਤੇ ਇੰਜ ਕਰਮਜੀਤ ਸਿੰਘ, ਏ.ਏ.ਈ ਨੇ ਹਿੱਸਾ ਲਿਆ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਬਿਜਲੀ ਦੀ ਸੰਜਮ ਨਾਲ ਵਰਤੋਂ ਕਰਨ ਲਈ ਵੱਖ-ਵੱਖ ਵਿਧੀਆਂ ਅਤੇ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਇਨ੍ਹਾਂ ਤਰੀਕਿਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾਉਣ ਦਾ ਪ੍ਰਣ ਕੀਤਾ।

ਪੀ.ਐਸ.ਪੀ.ਸੀ.ਐਲ ਦੇ ਡੀ.ਐਸ.ਐਮ ਦਫਤਰ ਵੱਲੋਂ ਵਿਦਿਆਰਥੀਆਂ ਨੂੰ ਊਰਜਾ ਸੰਜਮਤਾ ਵਿਸ਼ੇ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ ਪਹਿਲਾਂ ਹੀ ਪ੍ਰੇਰਿਤ ਕੀਤਾ ਗਿਆ ਸੀ ਤਾਂ ਜੋ ਕਿ ਵਿਦਿਆਰਥੀਆਂ ਵਿੱਚ ਊਰਜਾ ਬੱਚਤ ਬਾਰੇ ਰੁਚੀ ਪੈਦਾ ਹੋ ਸਕੇ। ਇਸ ਸਮਾਗਮ ਦੌਰਾਣ ਵਿਦਿਆਰਥੀਆਂ ਵੱਲੋਂ ਊਰਜਾ ਸੰਜਮਤਾ ਵਿਸ਼ੇ ਉੱਤੇ ਪੇਪਰ ਪੜ੍ਹੇ ਗਏ ਅਤੇ ਵਿਦਿਆਰਥੀਆਂ ਵੱਲੋਂ ਊਰਜਾ ਬੱਚਤ ਉੱਤੇ ਬਣਾਈਆਂ ਗਈਆਂ ਪੇਂਟਿੰਗਾਂ ਕਾਬਿਲ-ਏ-ਤਾਰੀਫ਼ ਸਨ।

ਇਸ ਮੌਕੇ ਤੇ ਸਕੂਲ ਦੇ ਪੰਜਾਬੀ ਦੇ ਲੈਕਚਰਾਰ ਸ਼੍ਰੀ ਰਜਿੰਦਰ ਕੁਮਾਰ ਜੀ ਵੱਲੋਂ ਸਟੇਜ ਦੀ ਪ੍ਰਕਿਰਿਆ ਬਾਖੂਬੀ ਨਿਭਾਈ ਗਈ। ਸ਼੍ਰੀ ਰਜਿੰਦਰ ਕੁਮਾਰ ਪੰਜਾਬੀ ਲੈਕਚਰਾਰ ਅਤੇ ਸ਼੍ਰੀ ਜਸਕਿਰਨ ਕੌਰ ਵਿਰਕ, ਲੈਕਚਰਾਰ ਫਾਈਨ ਆਰਟਸ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਅੱਜ ਦੇ ਸਮਾਗਮ ਨਾਲ ਵਿਦਿਆਰਥੀਆਂ ਨੂੰ ਬਿਜਲੀ ਦੀ ਸੁਚੱਜੀ ਵਰਤੋਂ ਕਰਨ ਸਬੰਧੀ ਭਰਪੂਰ ਜਾਣਕਾਰੀ ਮਿਲੀ ਹੈ ਅਤੇ ਪੀ.ਐਸ.ਪੀ.ਸੀ.ਐਲ. ਵੱਲੋਂ ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਸਕੂਲਾਂ ਵਿੱਚ ਵੱਧ ਤੋਂ ਵੱਧ ਕਰਨੇ ਚਾਹੀਦੇ ਹਨ ਤਾਂ ਜੋ ਬਿਜਲੀ ਬੱਚਤ ਸਬੰਧੀ ਵਿਦਿਆਰਥੀਆਂ ਨੂੰ ਹੋਰ ਜਾਗਰਿਤ ਕੀਤਾ ਜਾ ਸਕੇ।

ਸਕੂਲ ਦੇ ਇੰਚਾਰਜ ਸ. ਭਗਵੰਤ ਸਿੰਘ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਅੱਜ ਦਾ ਸਮਾਗਮ ਵਿਦਿਆਰਥੀਆਂ ਲਈ ਬਿਜਲੀ ਬੱਚਤ ਸਬੰਧੀ ਮਹੱਤਵਪੂਰਨ ਜਾਣਕਾਰੀ ਲੈ ਕੇ ਆਇਆ ਹੈ ਅਤੇ ਪੀ.ਐਸ.ਪੀ.ਸੀ.ਐਲ. ਵੱਲੋਂ ਭਵਿੱਖ ਵਿੱਚ ਅਜਿਹੇ ਸਮਾਗਮ ਹੋਰ ਸਕੂਲਾਂ ਵਿੱਚ ਵੀ ਕਰਵਾਏ ਜਾਣੇ ਚਾਹੀਦੇ ਹਨ। ਉਨਾਂ ਨੇ ਪੀ.ਐਸ.ਪੀ.ਸੀ.ਐਲ ਵੱਲੋਂ ਉਨਾਂ ਦੇ ਸਕੂਲ ਵਿੱਚ ਕਰਵਾਏ ਗਏ ਊਰਜਾ ਬੱਚਤ ਸੰਬੰਧੀ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ।

ਸਮਾਗਮ ਦੇ ਅੰਤ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪੀ.ਐਸ.ਪੀ.ਸੀ.ਐਲ. ਦੀ DSM ਟੀਮ ਵੱਲੋਂ ਇਨਾਮ ਵਜੋਂ ਊਰਜਾ ਸੰਜਮਤਾ ਸਬੰਧੀ ਸਲੋਗਨ ਦਰਸਾਉਂਦੀਆਂ ਕਾਪੀਆਂ ਅਤੇ ਮੱਗ ਵੰਡੇ ਗਏ। ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵੀ ਇਹ ਕਾਪੀਆਂ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।

ਅੰਤ ਵਿੱਚ, ਸਕੂਲ ਦੇ ਇੰਚਾਰਜ ਸ. ਭਗਵੰਤ ਸਿੰਘ ਜੀ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ।

## ਜਨਮ ਦਿਨ ਮੁਬਾਰਕ



ਪ੍ਰਵਲਜੋਤ ਸਿੰਘ
ਪਿਤਾ : ਮਾਸਟਰ ਕੁਲਵੀਰ ਸਿੰਘ
ਮਾਤਾ : ਜਸਵੀਰ ਕੌਰ
ਪਿੰਡ - ਰਟੋਲਾ, ਮਲੇਰਕੋਟਲਾ।
ਫੋਟੋ ਤੇ ਵੇਰਵਾ : ਰਾਜੇਸ਼ ਸ਼ਰਮਾ

## ਸੰਪਾਦਕੀ

### ਇਰਾਨ ਜੰਗ ਫ਼ੈਸਲਾਕੁਨ ਮੋੜ 'ਤੇ

ਇਰਾਨ ਨੇ ਹੋਰਮੁਜ਼ ਸਮੁੰਦਰੀ ਲਾਂਘੇ ਕੋਲ ਅਤੇ ਅਮਰੀਕਾ ਨੇ ਸਾਰੇ ਇਰਾਨੀ ਸਮੁੰਦਰੀ ਤੱਟਾਂ ਦੀ ਨਾਕੇਬੰਦੀ ਕੀਤੀ ਹੋਈ ਹੈ। ਖ਼ਬਰ ਇਹ ਸੀ ਕਿ ਅਮਰੀਕਾ ਨੇ 'ਅਪਰੇਸ਼ਨ ਫਰੀਡਮ' ਸ਼ੁਰੂ ਕਰ ਦਿੱਤਾ ਹੈ, ਜਿਸ ਤਹਿਤ ਅਮਰੀਕੀ ਫ਼ੌਜ ਦੇ ਜ਼ੋਰ ਨਾਲ ਜਹਾਜ਼ ਹੋਰਮੁਜ਼ ਤੋਂ ਇਰਾਨ ਕੋਲੋਂ ਲੰਘਣਗੇ ਅਤੇ ਇੱਕ ਜਹਾਜ਼ ਲੰਘਾਉਣ ਦੀ ਕੋਸ਼ਿਸ਼ ਵੀ ਕੀਤੀ ਗਈ, ਜਿਸ ਨੂੰ ਇਰਾਨ ਨੇ ਹਮਲਾ ਕਰਕੇ ਵਾਪਸ ਮੋੜ ਦਿੱਤਾ। ਇਰਾਨ ਆਪਣੀ ਹੱਦ ਵਿੱਚ ਆਉਂਦੇ ਹੋਰਮੁਜ਼ ਸਮੁੰਦਰੀ ਲਾਂਘੇ ਨੂੰ ਆਪਣੀ ਦੇਖ-ਰੇਖ ਅਤੇ ਕੰਟਰੋਲ ਵਿੱਚ ਰੱਖਣ ਨੂੰ ਆਪਣੀ ਸੁਰੱਖਿਆ ਲਈ ਜ਼ਰੂਰੀ ਸਮਝਦਾ ਹੈ। ਇਰਾਨ ਨਾਲ ਟਕਰਾਅ ਤੋਂ ਬਚਣ ਲਈ 24 ਘੰਟੇ ਦੇ ਅੰਦਰ ਹੀ ਟਰੰਪ ਨੇ 'ਅਪਰੇਸ਼ਨ ਫਰੀਡਮ' ਵਾਲਾ ਫ਼ੈਸਲਾ ਵਾਪਸ ਲੈ ਲਿਆ ਹੈ। ਇਰਾਨ ਦਾ ਕਹਿਣਾ ਹੈ ਕਿ ਜਹਾਜ਼ ਸਾਡੀ ਇਜਾਜ਼ਤ ਲੈ ਕੇ ਹੀ ਲੰਘਣਗੇ। ਯੂ ਏ ਈ ਦੀ ਇੱਕ ਤੇਲ ਰਿਫਾਈਨਰੀ, ਫਰਾਂਸ ਤੇ ਦੱਖਣੀ ਕੋਰੀਆ ਦੇ ਜਹਾਜ਼ਾਂ ਉੱਤੇ ਹਮਲੇ ਦੀਆਂ ਵੀ ਖ਼ਬਰਾਂ ਹਨ। ਸਾਰੇ ਖਾੜੀ ਦੇਸ਼ਾਂ ਵਿੱਚੋਂ ਯੂ ਏ ਈ ਅੰਦਰੋਂ ਇਜ਼ਰਾਈਲ ਤੇ ਅਮਰੀਕਾ ਦੇ ਨਾਲ ਹੈ। ਯੂ ਏ ਈ ਹੀ ਇਜ਼ਰਾਇਲੀ ਹਿੱਤਾਂ ਅਨੁਕੂਲ ਕੀਤੇ ਗਏ 'ਅਬਰਾਹਿਮ ਸਮਝੌਤੇ' ਦਾ ਮੁੱਖ ਖਿਡਾਰੀ ਹੈ। ਇਸ ਨੇ ਇਜ਼ਰਾਇਲੀ ਪੈਰ ਧਰਾਵੇ ਲਈ ਵੀ ਕਾਰਵਾਈ ਕੀਤੀ ਸੀ, ਜਿਸ ਦਾ ਸਾਊਦੀ ਅਰਬ ਨੇ ਵਿਰੋਧ ਕੀਤਾ ਸੀ। ਇਸ ਅੰਦਰਲਾ ਅਮਰੀਕੀ ਫ਼ੌਜੀ ਅੱਡਾ ਹੀ ਲਗਾਤਾਰ ਇਰਾਨ ਵਿਰੁੱਧ ਹਮਲਿਆਂ ਦਾ ਮੁੱਖ ਟਿਕਾਣਾ ਹੈ। ਇਸ ਨੇ ਹੁਣੇ ਹੁਣੇ ਇਜ਼ਰਾਇਲੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਾਇਨਾਤ ਕੀਤਾ ਹੈ। ਅਲ-ਜਜ਼ੀਰਾ ਅਨੁਸਾਰ ਇਰਾਨੀ ਫ਼ੌਜ ਦਾ ਬਿਆਨ ਹੈ ਕਿ ਯੂ ਏ ਈ ਉੱਤੇ ਹਮਲਾ ਕਰਨ ਦੀ ਸਾਡੀ ਕੋਈ ਯੋਜਨਾ ਨਹੀਂ, ਇਹ ਸ਼ਰਾਰਤ ਹੈ। ਡੋਨਲਡ ਟਰੰਪ ਲਗਾਤਾਰ ਇਰਾਨ ਨੂੰ ਧਰਤੀ ਦੇ ਨਕਸ਼ੇ ਤੋਂ ਮਿਟਾ ਦੇਣ ਦੀ ਧਮਕੀ ਦਿੰਦਾ ਆ ਰਿਹਾ ਹੈ। ਅਮਰੀਕਾ ਵੱਲੋਂ ਭੇਜੀਆਂ ਨੌਂ ਸ਼ਰਤਾਂ ਦੇ ਜਵਾਬ ਵਿੱਚ ਇਰਾਨ ਨੇ ਵੀ 14 ਸ਼ਰਤਾਂ ਭੇਜ ਕੇ ਇੱਕ ਮਹੀਨੇ ਵਿੱਚ ਜਵਾਬ ਦੇਣ ਦੀ ਮੋਹਲਤ ਦਿੱਤੀ ਹੈ। ਤੇਲ ਗੈਸ ਸੰਕਟ ਨਾਲ ਜੁੜੇ ਮੌਜੂਦਾ ਹਾਲਾਤ ਕਾਰਨ ਸਾਰਾ ਸੰਸਾਰ ਹਿੱਲਿਆ ਪਿਆ ਹੈ। ਦੁਨੀਆ ਭਰ ਦੇ ਦੇਸ਼ਾਂ ਦੇ ਸਬੰਧਾਂ ਵਿੱਚ ਨਵੇਂ ਜੋੜ-ਤੋੜ ਹੋ ਰਹੇ ਹਨ। ਅਮਰੀਕਾ ਦੀਆਂ ਯੂਰੋਪ, ਨਾਟੋ ਨਾਲੋਂ ਦੂਰੀਆਂ ਤੋੜ-ਵਿਛੋੜਾ ਹੋਣ ਵਰਗੀਆਂ ਜਾਪਦੀਆਂ ਹਨ। ਅਮਰੀਕਾ ਨੇ ਸਾਰੇ ਯੂਰੋਪੀਅਨ ਮੁਲਕਾਂ ਦੀਆਂ ਕਾਰਾਂ ਟਰੱਕਾਂ ਉੱਤੇ 25 ਫ਼ੀਸਦੀ ਟੈਰਿਫ਼ ਲਾ ਦਿੱਤਾ ਹੈ। ਟਰੰਪ ਨੇ ਨਾਟੋ ਮੈਂਬਰਾਂ ਸਪੇਨ, ਇਟਲੀ, ਫਰਾਂਸ, ਜਰਮਨ ਅਤੇ ਇੰਗਲੈਂਡ ਵੱਲੋਂ ਜੰਗ ਵਿੱਚ ਸਾਥ ਨਾ ਦੇਣ ਕਰਕੇ ਉਨ੍ਹਾਂ ਵਿਰੁੱਧ ਤਿੱਖੇ ਬਿਆਨ ਦਿੱਤੇ ਹਨ। ਅਮਰੀਕਾ ਨੇ ਜਰਮਨੀ ਵਿੱਚੋਂ ਆਪਣੇ 5000 ਫ਼ੌਜੀ ਵਾਪਸ ਬੁਲਾ ਲਏ ਹਨ। ਇੰਗਲੈਂਡ ਦਾ ਰਾਜਾ ਚਾਰਲਸ ਤਾਂ ਅਮਰੀਕੀ ਸੰਸਦ ਵਿੱਚ ਉਚੇਚਾ ਆਣ ਕੇ ਟਰੰਪ ਨੂੰ ਆਖ ਕੇ ਗਿਆ ਕਿ 'ਤੂੰ ਕਹਿੰਦੈਂ ਕਿ ਜੇ ਅਸੀਂ ਨਾ ਹੁੰਦੇ ਤਾਂ ਸਾਰਾ ਯੂਰੋਪ ਜਰਮਨ ਬੋਲ ਰਿਹਾ ਹੁੰਦਾ। ਮੈਂ ਵੀ ਕਹਿੰਦਾਂ ਕਿ ਜੇ ਅਸੀਂ ਨਾ ਹੁੰਦੇ ਤਾਂ ਤੁਸੀਂ ਵੀ ਸਾਰੇ ਫਰੈਂਚ ਬੋਲ ਰਹੇ ਹੁੰਦੇ'। ਉਸ ਦਾ ਇਸ਼ਾਰਾ ਅਮਰੀਕਾ ਵਿੱਚ ਹੋਈ ਇੰਗਲੈਂਡ-ਫਰਾਂਸ ਜੰਗ ਵੱਲ ਸੀ। ਟਰੰਪ ਨੇ ਆਪਣੇ ਵਤੀਰੇ ਅਤੇ ਬੜਬੋਲੇਪਣ ਕਰਕੇ ਯੂਰੋਪ ਦੇ ਲੀਡਰਾਂ ਨੂੰ ਕਈ ਵਾਰ ਬੇਇੱਜ਼ਤ ਵੀ ਕੀਤਾ ਹੈ, ਨੀਵਾਂ ਵਿਖਾਇਆ ਹੈ। ਗਰੀਨਲੈਂਡ ਅਤੇ ਕੈਨੇਡਾ ਉੱਤੇ ਕਬਜ਼ਾ ਕਰਨ ਦੇ ਬਿਆਨ ਦੇਣ, ਮਨਮਾਨੇ ਢੰਗ ਨਾਲ ਟੈਰਿਫ਼ ਥੋਪਣ, ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾਉਣ, ਮੈਕਸਿਕੋ ਕੋਲੰਬੀਆ ਤੇ ਕਿਊਬਾ ਦੀਆਂ ਸਰਕਾਰਾਂ ਉਲਟਾਉਣ ਬਾਰੇ ਮਨਸ਼ਾ ਜ਼ਾਹਿਰ ਕਰਨ, ਇਜ਼ਰਾਈਲ ਬਾਰੇ ਨੀਤੀ, ਇਰਾਨ ਉੱਤੇ ਇਕਪਾਸੜ ਹਮਲਾ ਆਦਿ ਘਟਨਾਵਾਂ ਕਾਰਨ ਕਦੇ ਮਿੱਤਰ ਰਹੇ ਦੇਸ਼ ਵੀ ਸੋਚਣ ਲੱਗੇ ਹਨ ਕਿ ਅਮਰੀਕਾ ਦੀ ਧੱਕੇਸ਼ਾਹੀ ਕਾਰਨ ਉਸ ਨਾਲ ਕਦਮ ਮਿਲਾ ਕੇ ਚੱਲਣਾ ਔਖਾ ਹੈ। ਅਮਰੀਕਾ ਨੇ ਇਰਾਨ 'ਚ ਤਖ਼ਤ ਪਲਟੇ ਲਈ ਹਮਲਾ ਕੀਤਾ, ਪਰ ਉੱਥੇ ਸਰਕਾਰ ਹੋਰ ਮਜ਼ਬੂਤ ਹੋ ਗਈ ਹੈ। ਛਿੱਥਾ ਜਿਹਾ ਪੈ ਕੇ ਅਮਰੀਕਾ ਨੇ ਆਪਣੇ ਟੀਚੇ ਬਦਲ ਲਏ। ਪਹਿਲਾਂ ਆਖਿਆ ਕਿ ਹੋਰਮੁਜ਼ ਦੀ ਸਮੁੰਦਰੀ ਆਵਾਜਾਈ ਨਾਲ ਸਾਡਾ ਕੋਈ ਸਬੰਧ ਨਹੀਂ, ਸਾਡੇ ਜਹਾਜ਼ ਏਧਰੋਂ ਨਹੀਂ ਲੰਘਦੇ, ਪਰ ਫਿਰ ਐਲਾਨ ਕਰ ਦਿੱਤਾ ਕਿ ਇਰਾਨ ਹੋਰਮੁਜ਼ ਲਾਂਘਾ ਸਭ ਲਈ ਖੋਲ੍ਹੇ, ਨਹੀਂ ਤਾਂ ਅਸੀਂ ਖ਼ੁਦ ਇਰਾਨ ਦੀ ਮੁਕੰਮਲ ਨਾਕਾਬੰਦੀ ਕਰ ਦਿਆਂਗੇ ਤੇ ਕਰ ਵੀ ਦਿੱਤੀ। ਇਸੇ ਤਰ੍ਹਾਂ ਪਹਿਲਾਂ ਜੂਨ 2025 ਦੇ ਹਮਲੇ ਮਗਰੋਂ ਅਮਰੀਕਾ ਨੇ ਆਖਿਆ ਕਿ ਇਰਾਨ ਦੀ ਪ੍ਰਮਾਣੂ ਸਮਰੱਥਾ ਖ਼ਤਮ ਕਰ ਦਿੱਤੀ ਗਈ ਹੈ। ਫਿਰ 28 ਫਰਵਰੀ 2026 ਨੂੰ ਇਹ ਆਖ ਕੇ ਹਮਲਾ ਕਰ ਦਿੱਤਾ ਕਿ ਇਰਾਨ ਦੀ ਨਿਊਕਲੀਅਰ ਬੰਬ ਬਣਾਉਣ ਦੀ ਸਮਰੱਥਾ ਖ਼ਤਮ ਕਰਨੀ ਹੈ। ਚਾਲੀ ਦਿਨ ਤਬਾਹੀ ਕਰਕੇ ਗੋਲੀਬੰਦੀ ਕਰ ਦਿੱਤੀ। ਬਿਆਨ ਦਿੱਤੇ ਕਿ ਇਰਾਨ ਦੀ ਨੇਵੀ, ਹਵਾਈ, ਜ਼ਮੀਨੀ, ਨਿਊਕਲੀਅਰ ਤਾਕਤ ਖ਼ਤਮ ਕਰਕੇ ਅਮਰੀਕਾ ਜਿੱਤ ਗਿਆ ਹੈ। ਹੁਣ ਫਿਰ ਆਖਣ ਲੱਗ ਪਏ ਕਿ ਇਰਾਨ ਪ੍ਰਮਾਣੂ ਬੰਬ ਬਣਾ ਸਕਦਾ ਹੈ, ਆਪਣਾ ਸਾਰਾ ਸੋਧਿਆ ਯੂਰੇਨੀਅਮ ਸਾਡੇ ਹਵਾਲੇ ਕਰੇ, ਨਹੀਂ ਤਾਂ ਮੁਕੰਮਲ ਤਬਾਹੀ ਕਰਕੇ ਪੱਥਰ ਯੁੱਗ ਵਿੱਚ ਪਹੁੰਚਾ ਦਿਆਂਗੇ। ਸਚਾਈ ਇਹ ਹੈ ਕਿ ਪ੍ਰਮਾਣੂ ਬੰਬ ਦਾ ਮੁੱਦਾ ਇਰਾਨ ਉੱਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਆਇਤੁੱਲਾ ਖ਼ਮੇਨੇਈ ਨੇ ਤਾਂ ਪ੍ਰਮਾਣੂ ਬੰਬ ਨੂੰ ਇਸਲਾਮ ਵਿਰੋਧੀ ਆਖ ਕੇ ਇਸ ਵਿਰੁੱਧ ਫ਼ਤਵਾ ਦਿੱਤਾ ਸੀ। ਇਰਾਨ ਨੇ ਤਾਂ 'ਪ੍ਰਮਾਣੂ ਅਪਸਾਰ ਸੰਧੀ' 'ਤੇ ਦਸਤਖ਼ਤ ਕੀਤੇ ਹੋਏ ਸਨ। ਉਸ ਦਾ ਸਾਰਾ ਪ੍ਰਮਾਣੂ ਵਿਕਾਸ ਕਾਰਜ 'ਕੌਮਾਂਤਰੀ ਐਟੌਮਿਕ ਐਨਰਜੀ ਏਜੰਸੀ' ਦੀ ਨਿਗਰਾਨੀ ਹੇਠ ਰਿਹਾ ਤੇ ਉਸ ਨੇ ਹੁਣ ਵੀ ਅਜਿਹੀ ਨਿਗਰਾਨੀ ਲਈ ਆਪਣੀ ਸਹਿਮਤੀ ਦੇ ਦੇਣੀ ਸੀ। ਤਾਜ਼ਾ ਖ਼ਬਰ ਹੈ ਕਿ ਇਰਾਨ ਨੂੰ ਅਪਰੈਲ 2026 'ਚ ਨਿਊਕਲੀਅਰ ਪਸਾਰ ਰੋਕਣ ਵਾਲੀ ਯੂ ਐੱਨ ਸੰਸਥਾ ਐੱਨ ਪੀ ਟੀ ਦਾ ਮੀਤ ਪ੍ਰਧਾਨ (34 ਮੀਤ ਪ੍ਰਧਾਨ ਮੁਲਕਾਂ ਵਿੱਚੋਂ ਇੱਕ) ਚੁਣਿਆ ਗਿਆ ਹੈ। ਉਂਜ ਵੀ ਹਰ ਮੁਲਕ ਨੂੰ ਅਧਿਕਾਰ ਹੈ ਕਿ ਉਹ ਸ਼ਾਂਤਮਈ ਮਨੋਰਥ ਲਈ ਇੱਕ ਹੱਦ ਤੱਕ ਪ੍ਰਮਾਣੂ ਵਿਕਾਸ ਕਰ ਸਕਦਾ ਹੈ।

# ਪੰਜਾਬ ਦੇ 700 ਕਿਸਾਨਾਂ ਦੀ ਮੌਤ ਲਈ ਭਾਜਪਾ ਜ਼ਿੰਮੇਵਾਰ, ਕੇਂਦਰ ਸਰਕਾਰ ਹਰ ਰੋਜ਼ ਪੰਜਾਬ ਵਿਰੋਧੀ ਫੈਸਲੇ ਲੈਂਦੀ ਹੈ: ਭਗਵੰਤ ਸਿੰਘ ਮਾਨ

## ਸਿਰਫ ਚਾਰ ਸਾਲਾਂ ਵਿੱਚ ਲੋਕਾਂ ਨੂੰ ਮੁਫ਼ਤ ਬਿਜਲੀ ਦਿੱਤੀ, 65000 ਸਰਕਾਰੀ ਨੌਕਰੀਆਂ ਦਿੱਤੀਆਂ, ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ, 10 ਲੱਖ ਰੁਪਏ ਦਾ ਕੈਸ਼ਲੈੱਸ ਇਲਾਜ ਅਤੇ ਮਹਿਲਾਵਾਂ ਲਈ 1000-1500 ਦੀ ਸਨਮਾਨ ਰਾਸ਼ੀ ਦਿੱਤੀ

**ਅੰਮ੍ਰਿਤਸਰ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚਾਰ ਰੋਜ਼ਾ ਸ਼ੁਕਰਾਨਾ ਯਾਤਰਾ ਅੱਜ ਦੂਜੇ ਦਿਨ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਪਹੁੰਚੀ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ 'ਲੋਕ ਸੇਵਾ ਦੀ ਸਿਆਸਤ' ਕਰ ਰਹੀ ਹੈ ਅਤੇ ਦੂਜੇ ਪਾਸੇ ਭਾਜਪਾ 'ਪੰਜਾਬ ਵਿਰੋਧੀ ਸਿਆਸਤ' ਖੇਡ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸਿਰਫ਼ ਚਾਰ ਸਾਲਾਂ ਦੇ ਅੰਦਰ ਮੁਫ਼ਤ ਬਿਜਲੀ, 65,000 ਸਰਕਾਰੀ ਨੌਕਰੀਆਂ, ਖੇਤਾਂ ਨੂੰ ਨਹਿਰੀ ਪਾਣੀ, 10 ਲੱਖ ਰੁਪਏ ਦੀ ਮੁੱਖ ਮੰਤਰੀ ਸਿਹਤ ਯੋਜਨਾ ਅਤੇ ਔਰਤਾਂ ਲਈ ਮਹੀਨਾਵਾਰ ਸਨਮਾਨ ਰਾਸ਼ੀ ਪ੍ਰਦਾਨ ਕੀਤੀ ਹੈ। ਦੂਜੇ ਪਾਸੇ ਕੇਂਦਰ ਵਿੱਚ ਬੈਠੀ ਭਾਜਪਾ ਵਾਰ-ਵਾਰ ਪੰਜਾਬ ਵਿਰੋਧੀ ਫੈਸਲੈ ਕੇ ਪੰਜਾਬੀਆਂ ਨਾਲ ਧੋਖਾ ਕਰ ਰਹੀ ਹੈ।

ਕਿਸਾਨ ਅੰਦੋਲਨ ਦੌਰਾਨ 700 ਕਿਸਾਨਾਂ ਦੀਆਂ ਮੌਤਾਂ ਹੋਣ 'ਤੇ ਭਾਜਪਾ ਉੱਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਉਨ੍ਹਾਂ ਲੋਕਾਂ ਨੂੰ ਕਦੇ ਮੁਆਫ ਨਹੀਂ ਕਰੇਗਾ, ਜਿਨ੍ਹਾਂ ਨੇ ਅੰਨਦਾਤੇ ਦੀ ਆਵਾਜ਼ ਨੂੰ ਕੁਚਲਿਆ ਅਤੇ ਸੂਬੇ ਦੇ ਅਧਿਕਾਰਾਂ, ਵਸੀਲਿਆਂ ਅਤੇ ਪਛਾਣ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ।

ਸ਼ੁਕਰਾਨਾ ਯਾਤਰਾ ਦੇ ਦੂਜੇ ਦਿਨ ਰਈਆ ਅਤੇ ਹੋਰ ਥਾਵਾਂ 'ਤੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਦੀ ਪੰਜਾਬ ਵਿਰੋਧੀ ਮਾਨਸਿਕਤਾ ਦਾ ਕਈ ਵਾਰ ਪ੍ਰਗਟਾਵਾ ਹੋ ਚੁੱਕਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ 700 ਕਿਸਾਨਾਂ ਦੀਆਂ ਮੌਤਾਂ ਹੋਈਆਂ, ਪੰਜਾਬ ਦੀਆਂ ਝਾਕੀਆਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਹੋਈਆਂ, ਬੀ.ਬੀ.ਐਮ.ਬੀ. ਰਾਹੀਂ ਪੰਜਾਬ ਦੇ ਪਾਣੀਆਂ ਨੂੰ ਧੱਕੇ ਨਾਲ ਹਰਿਆਣਾ ਨੂੰ ਦੇਣ ਦੀਆਂ ਕੋਸ਼ਿਸ਼ਾਂ, ਪੰਜਾਬ ਯੂਨੀਵਰਸਿਟੀ ਨੂੰ ਖੋਹਣ ਦੀ ਸਾਜ਼ਿਸ਼, ਚੰਡੀਗੜ੍ਹ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਅਤੇ ਆਮ ਆਦਮੀ ਕਲੀਨਿਕਾਂ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਨਫ਼ਰਤ ਅਤੇ ਫੁੱਟ ਪਾਊ ਰਾਜਨੀਤੀ 'ਤੇ ਚਲਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਕੋਈ ਵੀ ਨਵਾਂ ਗਠਜੋੜ ਇੱਕ ਵਾਰ ਫਿਰ ਸਾਬਤ ਕਰੇਗਾ ਕਿ ਦੋਵੇਂ ਪਾਰਟੀਆਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਉਨ੍ਹਾਂ ਨੇ ਸੁਚੇਤ ਕੀਤਾ ਕਿ ਜੇਕਰ ਅਜਿਹਾ ਗਠਜੋੜ ਦੁਬਾਰਾ ਬਣ ਜਾਂਦਾ ਹੈ ਤਾਂ ਪੰਜਾਬ ਲਈ ਘਾਤਕ ਹੋਵੇਗਾ ਕਿਉਂਕਿ ਇਹ ਗਠਜੋੜ ਪੰਜਾਬੀਆਂ ਦੀ ਭਲਾਈ ਦੀ ਬਜਾਏ ਸਿਰਫ਼ ਰਾਜਨੀਤਿਕ ਬਚਾਅ ਅਤੇ ਸਵੈ-ਹਿੱਤ ਦੁਆਰਾ ਚਲਾਇਆ ਜਾਂਦਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ,ਇਹ ਅਪਵਿੱਤਰ ਗਠਜੋੜ ਪੰਜਾਬ ਵਿਰੋਧੀ ਹੈ ਅਤੇ ਦੋਵੇਂ ਪਾਰਟੀਆਂ ਅੰਤ ਵਿੱਚ ਇੱਕ-ਦੂਜੇ ਨੂੰ ਰਾਜਨੀਤਿਕ ਤੌਰ 'ਤੇ ਤਬਾਹ ਕਰ ਦੇਣਗੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦੀ ਰਾਖੀ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਹੁਣ ਘੱਟੋ-ਘੱਟ 10 ਸਾਲ ਦੀ ਕੈਦ ਦੀ ਸਜ਼ਾ ਹੋਵੇਗੀ ਜੋ ਉਮਰ ਕੈਦ ਤੱਕ ਵਧ ਸਕਦੀ ਹੈ ਅਤੇ ਨਾਲ ਹੀ 50 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਪਿਛਲੀਆਂ ਸਰਕਾਰਾਂ ਪਹਿਲਾਂ ਏਨਾ ਸਖ਼ਤ ਕਾਨੂੰਨ ਕਿਉਂ ਨਹੀਂ ਬਣਾ ਸਕੀਆਂ ਕਿਉਂਕਿ ਉਨ੍ਹਾਂ ਦੀ ਨੀਅਤ ਵਿੱਚ ਖੋਟ ਸੀ। ਮੁੱਖ ਮੰਤਰੀ ਨੇ ਕਿਹਾ, ਇਹ ਸਰਕਾਰਾਂ ਖੁਦ ਬੇਅਦਬੀ ਦੀਆਂ ਘਟਨਾਵਾਂ ਦੀਆਂ ਗੁਨਾਹਗਾਰ ਹਨ ਅਤੇ ਇੱਥੋਂ ਤੱਕ ਸ਼ਾਂਤੀਪੂਰਵਕ ਪ੍ਰਦਰਸ਼ਨ ਕਰ ਰਹੇ ਸ਼ਰਧਾਲੂਆਂ 'ਤੇ ਗੋਲੀ



ਚਲਾਉਣ ਦਾ ਹੁਕਮ ਵੀ ਦਿੱਤਾ। ਉਨ੍ਹਾਂ ਕਿਹਾ ਕਿ ਗੋਲੀਬਾਰੀ ਲਈ ਜ਼ਿੰਮੇਵਾਰ ਅਫਸਰਾਂ ਨੂੰ ਬਾਅਦ ਵਿੱਚ ਇਨਾਮ ਅਤੇ ਤਰੱਕੀ ਦਿੱਤੀ ਗਈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਦਲ ਅਤੇ ਬਾਦਲ ਪਰਿਵਾਰ ਅੱਜ ਸਿਆਸੀ ਤੌਰ 'ਤੇ ਖੇਰੂੰ-ਖੇਰੂੰ ਹੋ ਚੁੱਕੇ ਹਨ ਕਿਉਂਕਿ ਪ੍ਰਮਾਤਮਾ ਦੀ ਕਚਹਿਰੀ ਵਿੱਚ ਇਨਸਾਫ ਹੁੰਦਾ ਹੈ। ਲੋਕਾਂ ਦੇ ਨਿਰੰਤਰ ਪਿਆਰ ਤੇ ਸਮਰਥਨ ਲਈ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀਆਂ ਅਤੇ ਕਾਂਗਰਸ ਦੇ ਸ਼ੱਕੀ ਸਿਆਸੀ ਕਿਰਦਾਰ ਕਾਰਨ ਇਨ੍ਹਾਂ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਅਕਾਲੀਆਂ 'ਤੇ ਧਰਮ ਅਤੇ ਧਾਰਮਿਕ ਸੰਸਥਾਵਾਂ ਨੂੰ ਸਿਆਸੀ ਲਾਭ ਲਈ ਕੰਟਰੋਲ ਕਰਨ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰ ਸਿੱਧੇ ਤੌਰ 'ਤੇ ਬਾਦਲ ਪਰਿਵਾਰ ਦੇ ਇਸ਼ਾਰੇ 'ਤੇ ਨਿਯੁਕਤ ਕੀਤੇ ਜਾਂਦੇ ਹਨ।

ਧਾਰਮਿਕ ਸੰਸਥਾਵਾਂ ਦੇ ਕੰਮਕਾਜ 'ਤੇ ਸਵਾਲ ਉਠਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਪਿਛਲੇ 14 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ। ਉਨ੍ਹਾਂ ਪੁੱਛਿਆ ਕਿ ਲੰਮੇ ਸਮੇਂ ਤੋਂ ਚੋਣਾਂ ਨਾ ਹੋਣ ਕਾਰਨ ਅਜਿਹੇ ਅਦਾਰੇ ਸੰਵਿਧਾਨਕ ਸੰਸਥਾ ਹੋਣ ਦਾ ਦਾਅਵਾ ਕਿਵੇਂ ਜਾਰੀ ਰੱਖ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਹਰਜਿੰਦਰ ਸਿੰਘ ਧਾਮੀ ਨੂੰ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਪਾਹੀ ਕਹਿਣਾ ਚਾਹੀਦਾ ਹੈ, ਪਰ ਉਹ ਆਪਣੇ ਆਪ ਨੂੰ ਸੁਖਬੀਰ ਬਾਦਲ ਦਾ ਸਿਪਾਹੀ ਦੱਸ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਿਰਫ਼ ਬਾਦਲ ਪਰਿਵਾਰ ਹੀ ਬੇਅਦਬੀ ਵਿਰੋਧੀ ਕਾਨੂੰਨ ਦਾ ਵਿਰੋਧ ਕਰ ਰਿਹਾ ਹੈ ਜਦੋਂ ਕਿ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨੇ ਇਸ ਨੂੰ ਪੂਰੇ ਦਿਲ ਨਾਲ ਸਵੀਕਾਰ ਕੀਤਾ ਅਤੇ ਸਮਰਥਨ ਦਿੱਤਾ ਸੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਕਾਲੀ ਦਲ ਦੇ ਵਿਧਾਇਕ ਨੂੰ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਗੈਰ-ਹਾਜ਼ਰ ਰਹਿਣ 'ਤੇ ਵੀ ਨਿਸ਼ਾਨਾ ਬਣਾਇਆ ਜਿਸ ਵਿੱਚ ਬੇਅਦਬੀ ਵਿਰੋਧੀ ਕਾਨੂੰਨ ਪਾਸ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਕਾਲੀ ਬਹਿਸ ਤੋਂ ਇਸ ਕਰਕੇ ਭੱਜ ਗਏ ਕਿਉਂਕਿ ਉਨ੍ਹਾਂ ਦੇ ਆਪਣੇ ਕਾਰਜਕਾਲ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਬਾਰੇ ਸਵਾਲ ਉੱਠ ਰਹੇ ਹਨ। ਉਨ੍ਹਾਂ ਕਿਹਾ, ਇਸ ਸਖ਼ਤ ਕਾਨੂੰਨ ਦੇ ਲਾਗੂ ਹੋਣ ਨਾਲ ਹੁਣ ਕੋਈ ਵੀ ਬੇਅਦਬੀ ਕਰਨ ਦੀ ਜੁਅੱਰਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਇਹ ਪਵਿੱਤਰ ਸੇਵਾ ਸੌਂਪੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਮਨੁੱਖਤਾ ਦੇ ਸਾਂਝੇ ਹਨ ਅਤੇ ਵਿਸ਼ਵਵਿਆਪੀ ਭਾਈਚਾਰੇ ਦੇ ਪ੍ਰਤੀਕ ਹਨ। ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਮਨੁੱਖਤਾ ਅਤੇ ਵਿਸ਼ਵ ਭਲਾਈ ਦਾ ਸੰਦੇਸ਼ ਫੈਲਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਕਰਨ ਵਾਲੇ ਨੂੰ ਕਾਨੂੰਨ ਤਹਿਤ ਸਖ਼ਤ ਤੋਂ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੁਹਰਾਇਆ ਕਿ ਬੇਅਦਬੀ ਦੀ ਸਜ਼ਾ ਘੱਟੋ-ਘੱਟ 10 ਸਾਲ ਦੀ ਕੈਦ ਤੋਂ ਲੈ ਕੇ ਉਮਰ ਕੈਦ ਤੱਕ ਅਤੇ 50 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਹੋਵੇਗੀ।

ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸਾਲ 2022 ਵਿੱਚ ਲੋਕਾਂ ਦੁਆਰਾ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਫ਼ਤ ਇਲਾਜ ਪ੍ਰਦਾਨ ਕਰਨ ਲਈ ਪੰਜਾਬ ਭਰ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਵਿਸ਼ਵ ਪੱਧਰੀ ਸਰਕਾਰੀ ਸਕੂਲ ਬਣਾਏ ਜਾ ਰਹੇ ਹਨ, 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਸੀਵਰੇਜ ਸਿਸਟਮ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ, ਹਸਪਤਾਲਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ ਅਤੇ ਹਰ ਪਰਿਵਾਰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਇਲਾਜ ਪ੍ਰਾਪਤ ਕਰ ਸਕਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਕਿਸਾਨਾਂ ਨੂੰ ਦਿਨ ਵੇਲੇ ਮੁਫ਼ਤ ਬਿਜਲੀ ਮਿਲ ਰਹੀ ਹੈ, ਜਦੋਂ ਕਿ ਲਗਭਗ 14,000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ ਅਤੇ ਨਹਿਰਾਂ ਨੂੰ ਮੁੜ ਬਹਾਲ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਜਾਬ ਦੇ ਹਰ ਖੇਤ ਤੱਕ ਪਾਣੀ ਪਹੁੰਚ ਸਕੇ। ਅੰਮ੍ਰਿਤਸਰ ਦੱਖਣੀ ਅਤੇ ਪੂਰਬੀ ਹਲਕਿਆਂ ਵਿੱਚ ਮੁੱਖ ਮੰਤਰੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਸਮਾਜ ਵਿੱਚ ਨਫ਼ਰਤ ਦੇ ਬੀਜ ਬੀਜਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਕਦੇ ਵੀ ਸਫਲ ਨਹੀਂ ਹੋਣਗੀਆਂ। ਉਨ੍ਹਾਂ ਕਿਹਾ, ਪੰਜਾਬ ਦੀ ਧਰਤੀ ਉਪਜਾਊ ਹੈ, ਪਰ ਇੱਥੇ ਨਫ਼ਰਤ ਦਾ ਬੀਜ ਕਦੇ ਵੀ ਨਹੀਂ ਪੁੰਗਰ ਸਕਦਾ। ਉਨ੍ਹਾਂ ਕਿਹਾ ਕਿ ਕੁਝ ਰਾਜਨੀਤਿਕ ਪਾਰਟੀਆਂ ਲੋਕਾਂ ਵਿੱਚ ਡਰ ਅਤੇ ਭੈਅ ਫੈਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ ਫਿਰਕੂ ਸਦਭਾਵਨਾ ਅਤੇ ਭਾਈਚਾਰਕ ਸਾਂਝ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਫੁੱਟ ਪਾਊ ਰਾਜਨੀਤੀ ਨਾਲ ਇਸ ਨੂੰ ਕਮਜ਼ੋਰ ਨਹੀਂ ਕੀਤਾ ਜਾ ਸਕਦਾ। ਸ਼ੁਕਰਾਨਾ ਯਾਤਰਾ ਨੂੰ ਅਧਿਆਤਮਕ ਯਾਤਰਾ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿੱਚ ਬੇਅਦਬੀ ਵਿਰੋਧੀ ਇਤਿਹਾਸਕ ਕਾਨੂੰਨ ਬਣਾਉਣ ਦਾ ਬਲ ਬਖਸ਼ਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕੀਤਾ ਕਿ ਇਸ ਯਾਤਰਾ ਦਾ ਕੋਈ ਰਾਜਨੀਤਿਕ ਸਬੰਧ ਨਹੀਂ ਹੈ ਅਤੇ ਇਸ ਦਾ ਉਦੇਸ਼ ਸਿਰਫ਼ ਗੁਰੂ ਸਾਹਿਬ ਜੀ ਦਾ ਸ਼ੁਕਰਗੁਜ਼ਾਰ ਕਰਨਾ ਸੀ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸਖ਼ਤ ਕਾਨੂੰਨ ਲਿਆਉਣ ਦਾ ਮੌਕਾ ਬਖਸ਼ਿਆ। ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬਾ ਭਰ ਵਿੱਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਣਥੱਕ ਮਿਹਨਤ ਕਰਦੀ ਰਹੇਗੀ।

# ਬਰਿੰਦਰ ਕੁਮਾਰ ਗੋਇਲ ਵੱਲੋਂ ਰਾਜਸਥਾਨ ਫੀਡਰ ਨਹਿਰ ਦੀ ਰੀਲਾਈਨਿੰਗ ਦੇ ਕੰਮਾਂ ਦਾ ਜਾਇਜ਼ਾ

## ➢ ਰੀਲਾਈਨਿੰਗ ਦਾ ਉਦੇਸ਼ ਨਹਿਰ 'ਚ ਵਾਰ-ਵਾਰ ਪੈਂਦੇ ਪਾੜਾਂ ਨੂੰ ਰੋਕਣਾ, ਆਲੇ-ਦੁਆਲੇ ਦੇ ਖੇਤਰਾਂ ਦੀ ਸੁਰੱਖਿਆ ਅਤੇ ਜਾਨ-ਮਾਲ ਦੀ ਰਾਖੀ ਯਕੀਨੀ ਬਣਾਉਣਾ: ਬਰਿੰਦਰ ਕੁਮਾਰ ਗੋਇਲ ➢ ਸਰਹਿੰਦ ਫੀਡਰ ਨਹਿਰ ਦੀ ਰੀਲਾਈਨਿੰਗ 'ਤੇ ਖਰਚ ਕੀਤੇ 800 ਕਰੋੜ ਰੁਪਏ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਰਾਜਸਥਾਨ ਫੀਡਰ ਨਹਿਰ ਦੀ ਰੀਲਾਈਨਿੰਗ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਕੰਮ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਸ੍ਰੀ ਗੋਇਲ ਨੇ ਦੱਸਿਆ ਕਿ ਇਹ ਨਹਿਰ ਪੰਜਾਬ ਦੇ ਕਈ ਪਿੰਡਾਂ ਅਤੇ ਸ਼ਹਿਰਾਂ ਦੇ ਨੇੜੇ ਤੋਂ ਲੰਘਦੀ ਹੈ ਅਤੇ ਲਗਭਗ 60 ਸਾਲ ਪੁਰਾਣੀ ਹੋਣ ਕਾਰਨ ਇਸ ਦੀ ਲਾਈਨਿੰਗ ਕਾਫ਼ੀ ਖਸਤਾਹਾਲ ਹੋ ਚੁੱਕੀ ਸੀ। ਪਿਛਲੇ ਸਮੇਂ ਦੌਰਾਨ ਰਾਜਸਥਾਨ ਫੀਡਰ ਨਹਿਰ ਅਤੇ ਸਰਹਿੰਦ ਫੀਡਰ ਦੇ ਕਾਮਨ ਬੈਂਕ ਟੁੱਟਣ ਕਾਰਨ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਨੁਕਸਾਨ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਸ ਨੁਕਸਾਨ ਨੂੰ ਰੋਕਣ ਦੇ ਮੱਦੇਨਜ਼ਰ ਇਹ ਕੰਮ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸਰਹਿੰਦ ਫੀਡਰ ਨਹਿਰ ਦੀ ਮੁੜ ਉਸਾਰੀ ਦਾ ਕੰਮ 800 ਕਰੋੜ ਰੁਪਏ ਦੀ ਲਾਗਤ ਨਾਲ ਪਹਿਲਾਂ ਹੀ ਮੁਕੰਮਲ ਹੋ ਚੁੱਕਾ ਹੈ ਅਤੇ ਹੁਣ ਰਾਜਸਥਾਨ ਫੀਡਰ ਨਹਿਰ ਦੀ ਰੀਲਾਈਨਿੰਗ ਪੂਰੀ ਹੋਣ ਨਾਲ ਦੋਵੇਂ ਨਹਿਰਾਂ ਦੇ ਨਾਲ ਲਗਦੇ ਪਿੰਡਾਂ ਅਤੇ ਸ਼ਹਿਰਾਂ ਦਾ ਸੰਭਾਵਿਤ ਜਾਨੀ-ਮਾਲੀ ਨੁਕਸਾਨ ਤੋਂ ਬਚਾਅ ਹੋ ਸਕੇਗਾ ਅਤੇ ਖੇਤਾਂ ਨੂੰ ਵੱਧ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ।

ਕੈਬਨਿਟ ਮੰਤਰੀ ਦੱਸਿਆ ਕਿ ਫ਼ਰੀਦਕੋਟ ਦੀਆਂ ਸਮਾਜਿਕ ਸੰਸਥਾਵਾਂ ਅਤੇ ਸਥਾਨਕ ਕਿਸਾਨਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਫ਼ਰੀਦਕੋਟ ਸ਼ਹਿਰ ਦੇ ਨੇੜੇ ਰਾਜਸਥਾਨ ਫੀਡਰ ਦੀ 12.50 ਕਿਲੋਮੀਟਰ ਬੈੱਡ ਵਿੱਚ ਕੰਕਰੀਟ ਦੀ ਥਾਂ ਇੱਟਾਂ ਦੀ ਲਾਈਨਿੰਗ ਕੀਤੀ ਜਾ ਰਹੀ ਹੈ ਤਾਂ ਜੋ ਭੂਮੀਗਤ ਪਾਣੀ ਦੇ ਰੀਚਾਰਜ ਨੂੰ ਯਕੀਨੀ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਰੀਲਾਈਨਿੰਗ ਦੇ ਕੰਮ ਤੋਂ ਬਾਅਦ ਨਹਿਰ ਨੂੰ ਸਮਰੱਥਾ ਅਨੁਸਾਰ ਚਲਾਇਆ ਜਾਵੇਗਾ ਅਤੇ ਰਾਜਸਥਾਨ ਨੂੰ ਉਸ ਦੇ ਬਣਦੇ ਹਿੱਸੇ ਅਨੁਸਾਰ ਹੀ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸਿੰਚਾਈ ਦੇ ਪ੍ਰਬੰਧ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕਾਂ ਦੀ ਸੁਰੱਖਿਆ ਅਤੇ ਜ਼ਮੀਨੀ ਪਾਣੀ ਦੀ ਸੰਭਾਲ ਵਿੱਚ ਵੀ ਅਹਿਮ ਭੂਮਿਕਾ ਨਿਭਾਏਗਾ।



ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਰਾਜਸਥਾਨ ਫੀਡਰ ਨਹਿਰ ਦੀ 80 ਕਿਲੋਮੀਟਰ ਰੀਲਾਈਨਿੰਗ ਦਾ ਕੰਮ ਸਾਲ 2023 ਤੱਕ ਸਫ਼ਲਤਾਪੂਰਵਕ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਨਹਿਰ ਦੀ ਬੰਦੀ ਨਾ ਦਿੱਤੇ ਜਾਣ ਕਾਰਨ ਬਾਕੀ ਕੰਮ ਨਹੀਂ ਹੋ ਸਕਿਆ ਸੀ। ਹੁਣ ਸਾਲ 2026 ਦੀ ਬੰਦੀ ਦੌਰਾਨ ਬਾਕੀ ਰਹਿੰਦੀ 16.62 ਕਿਲੋਮੀਟਰ ਲਾਈਨਿੰਗ ਦਾ ਕੰਮ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ, ਜਿਸ 'ਤੇ ਲਗਭਗ 170 ਕਰੋੜ ਰੁਪਏ ਦੀ ਲਾਗਤ ਆਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜ਼ਮੀਨੀ ਪਾਣੀ ਬਚਾਉਣ ਲਈ 6700 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ ਜਿਸ ਨਾਲ ਸਿੰਚਾਈ ਲਈ ਵਰਤੇ ਜਾਂਦੇ ਨਹਿਰੀ ਪਾਣੀ ਨੂੰ 26 ਫ਼ੀਸਦੀ ਤੋਂ ਵਧਾ ਕੇ 78 ਫ਼ੀਸਦੀ ਕਰ ਦਿੱਤਾ ਗਿਆ ਹੈ ਜਿਸ ਨਾਲ ਕਿਸਾਨਾਂ ਦੇ ਟੇਲਾਂ 'ਤੇ ਪੈਂਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਹਰ ਕਿਸਾਨ ਨਹਿਰੀ ਪਾਣੀ ਵਰਤ ਕੇ ਆਪਣੇ ਖੇਤਾਂ ਦੀ ਸਿੰਚਾਈ ਕਰ ਰਿਹਾ ਹੈ।

ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਨੇ ਫਰੀਦਕੋਟ ਸ਼ਹਿਰ ਨੂੰ ਏਨਾ ਵੱਡਾ ਪ੍ਰਾਜੈਕਟ ਦੇਣ ਲਈ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਬੇਨਤੀ 'ਤੇ ਸਰਕਾਰ ਨੇ ਨਹਿਰ ਦਾ ਬੈੱਡ ਕੰਕਰੀਟ ਦੀ ਥਾਂ ਇੱਟਾਂ ਦਾ ਬਣਾਇਆ ਹੈ, ਜਿਸ ਲਈ ਉਹ ਸਰਕਾਰ ਦੇ ਧੰਨਵਾਦੀ ਹਨ। ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਇਨ੍ਹਾਂ ਨਹਿਰਾਂ ਦੀ ਰੀਲਾਇਨਿੰਗ ਨਾਲ ਇਲਾਕੇ ਵਿੱਚ ਸੇਮ ਦੀ ਸਮੱਸਿਆ ਦਾ ਪੱਕਾ ਹੱਲ ਹੋਵੇਗਾ।

ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਸ. ਅਮਨਦੀਪ ਸਿੰਘ ਬਾਬਾ, ਐਸ.ਡੀ.ਐਮ. ਫ਼ਰੀਦਕੋਟ ਪੁਨੀਤ ਸ਼ਰਮਾ, ਮੁੱਖ ਇੰਜੀਨੀਅਰ ਨਹਿਰਾਂ ਸ. ਸ਼ੇਰ ਸਿੰਘ, ਨਿਗਰਾਨ ਇੰਜੀਨੀਅਰ ਫਿਰੋਜ਼ਪੁਰ ਨਹਿਰਾਂ ਸ੍ਰੀ ਸੰਦੀਪ ਗੋਇਲ, ਐਕਸੀਅਨ ਰਮਨਪ੍ਰੀਤ ਸਿੰਘ ਮਾਨ ਤੋਂ ਇਲਾਵਾ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# CITCO ਸਿਟਕੋ ਵਿਸ਼ੇਸ਼ ਪੇਸ਼ਕਸ਼ਾਂ ਅਤੇ ਮਿੱਠੇ ਪਕਵਾਨਾਂ ਨਾਲ ਮਾਂ ਦਿਵਸ ਮਨਾਉਣ ਲਈ ਤਿਆਰ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਂ ਦਿਵਸ ਮਨਾਏ ਜਾਣ ਦੇ ਨਾਲ, CITCO ਮਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਦਿਨ ਨੂੰ ਯਾਦਗਾਰ ਬਣਾਉਣ ਲਈ ਵਿਸ਼ੇਸ਼ ਪੇਸ਼ਕਸ਼ਾਂ, ਸੁਆਦੀ ਪਕਵਾਨਾਂ ਅਤੇ ਤਾਜ਼ੇ ਬੇਕ ਕੀਤੇ ਪਕਵਾਨਾਂ ਨਾਲ ਇਸ ਮੌਕੇ ਨੂੰ ਮਨਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਜਸ਼ਨਾਂ ਵਿੱਚ ਮਿਠਾਸ ਜੋੜਦੇ ਹੋਏ, ਹੋਟਲ ਮਾਊਂਟਵਿਊ ਵਿਖੇ ਪੈਟਿਸਰੀ ਮਾਂ ਦਿਵਸ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਤਾਜ਼ੇ ਬੇਕ ਕੀਤੇ ਸੁੱਕੇ ਕੇਕ ਅਤੇ ਕਰੀਮ-ਅਧਾਰਤ ਕੇਕ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰ ਰਹੀ ਹੈ। ਗਾਹਕ ਇਨ੍ਹਾਂ ਵਿਸ਼ੇਸ਼ ਰਚਨਾਵਾਂ ਦਾ ਆਨੰਦ ਲੈਣ ਲਈ ਇੱਕ ਦਿਨ ਪਹਿਲਾਂ ਆਪਣੇ ਆਰਡਰ ਦੇ ਸਕਦੇ ਹਨ।

ਹੋਟਲ ਮਾਊਂਟਵਿਊ ਵਿਖੇ, ਮਹਿਮਾਨ ਲਾ ਕਾਰਟੇ ਭੋਜਨ 'ਤੇ 20% ਦੀ ਛੋਟ ਦਾ ਆਨੰਦ ਮਾਣ ਸਕਦੇ ਹਨ। ਜਸ਼ਨ ਨੂੰ ਹੋਰ ਵੀ ਖਾਸ ਬਣਾਉਣ ਲਈ, ਆਪਣੀਆਂ ਮਾਵਾਂ ਨਾਲ ਆਉਣ ਵਾਲੇ ਪਹਿਲੇ 10 ਮਹਿਮਾਨਾਂ ਨੂੰ ਇੱਕ ਮੁਫ਼ਤ ਤਾਜ਼ੇ ਬੇਕ ਕੀਤਾ ਛੋਟਾ ਕੇਕ ਮਿਲੇਗਾ।

ਹੋਟਲ ਸ਼ਿਵਾਲਿਕਵਿਊ ਵਿਖੇ, ਕਲਾਉਡ-9 ਰੈਸਟੋਰੈਂਟ ਅਤੇ ਕੌਫੀ ਸ਼ਾਪ ਵਿਖੇ ਮਾਂ ਦਿਵਸ 'ਤੇ ਲਾ ਕਾਰਟੇ ਭੋਜਨ 'ਤੇ 20% ਦੀ ਛੋਟ ਦਿੱਤੀ ਜਾਵੇਗੀ, ਜਿਸ ਨਾਲ ਪਰਿਵਾਰਾਂ ਨੂੰ ਇਸ ਮੌਕੇ ਨੂੰ ਸੁਆਦੀ ਖਾਣੇ ਦੇ ਅਨੁਭਵਾਂ ਨਾਲ ਮਨਾਉਣ ਦੀ ਆਗਿਆ ਮਿਲੇਗੀ।

ਮਾਂ ਦਿਵਸ ਦੇ ਮੌਕੇ 'ਤੇ ਸੁਖਨਾ ਝੀਲ ਦੇ ਸ਼ੈੱਫ ਲੇਕਵਿਊ ਵਿਖੇ ਖਾਣੇ 'ਤੇ 10% ਦੀ ਛੋਟ ਵੀ ਦਿੱਤੀ ਜਾਵੇਗੀ।

CITCO ਦੇ ਪ੍ਰਬੰਧ ਨਿਰਦੇਸ਼ਕ, ਡਾ. ਸਈਦ ਆਬਿਦ ਰਸ਼ੀਦ ਸ਼ਾਹ, IAS ਦੇ ਅਨੁਸਾਰ, ÷39" 3® ਨਵੀਨਤਾਕਾਰੀ ਸਮਾਗਮਾਂ ਅਤੇ ਪਹਿਲਕਦਮੀਆਂ ਰਾਹੀਂ ਮਹਿਮਾਨ ਨਿਵਾਜ਼ੀ, ਰਸੋਈ ਉੱਤਮਤਾ ਅਤੇ ਜੀਵੰਤ ਜਸ਼ਨਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੌਕੇ CITCO ਦੀਆਂ ਸੇਵਾਵਾਂ ਦੀ ਨਿੱਘ ਅਤੇ ਗੁਣਵੱਤਾ ਦਾ ਪ੍ਰਦਰਸ਼ਨ ਕਰਦੇ ਹੋਏ ਸਰਪ੍ਰਸਤਾਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਆਉਣ ਵਾਲੇ ਹਫ਼ਤੇ ਵਿੱਚ, CITCO ਆਪਣੀਆਂ ਮਹਿਮਾਨ ਨਿਵਾਜ਼ੀ ਇਕਾਈਆਂ ਵਿੱਚ ਵਿਸ਼ੇਸ਼ ਪ੍ਰਚਾਰ ਅਤੇ ਥੀਮਡ ਪੇਸ਼ਕਸ਼ਾਂ ਨਾਲ ਅੰਤਰਰਾਸ਼ਟਰੀ ਚਾਹ ਦਿਵਸ ਵੀ ਮਨਾਏਗਾ। ਸਿਟਕੋ ਦੇ ਮੁੱਖ ਜਨਰਲ ਮੈਨੇਜਰ, ਸ਼੍ਰੀ ਨਵੀਨ, ਡੈਨਿਕਸ ਦੇ ਅਨੁਸਾਰ, ਮਾਂ ਦਿਵਸ ਪਿਆਰ, ਦੇਖਭਾਲ ਅਤੇ ਏਕਤਾ ਦਾ ਜਸ਼ਨ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਵਿਸ਼ੇਸ਼ ਪੇਸ਼ਕਸ਼ਾਂ ਅਤੇ ਰਸੋਈ ਅਨੁਭਵਾਂ ਰਾਹੀਂ, ਸਿਟਕੋ ਦਾ ਉਦੇਸ਼ ਪਰਿਵਾਰਾਂ ਲਈ ਯਾਦਗਾਰੀ ਪਲ ਬਣਾਉਣਾ ਅਤੇ ਮਾਵਾਂ ਨੂੰ ਉਨ੍ਹਾਂ ਦੇ ਖਾਸ ਦਿਨ 'ਤੇ ਸੱਚਮੁੱਚ ਪਿਆਰਾ ਮਹਿਸੂਸ ਕਰਵਾਉਣਾ ਹੈ।

# ਸੁਨਾਮ ਨਗਰ ਕੌਂਸਲ ਚੋਣਾਂ 'ਚ ਆਪ ਉਮੀਦਵਾਰਾਂ ਖਿਲਾਫ ਵਿਰੋਧੀ ਪਾਰਟੀਆਂ ਨੂੰ ਨਹੀਂ ਲੱਭ ਰਹੇ ਉਮੀਦਵਾਰ

## ਆਮ ਆਦਮੀ ਪਾਰਟੀ ਦੀ ਲੋਕਪ੍ਰਿਯਤਾ ਤੋਂ ਵਿਰੋਧੀ ਧਿਰਾਂ ਘਬਰਾਈਆਂ



**ਸੁਨਾਮ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਨਾਮ ਨਗਰ ਕੌਂਸਲ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਇਸ ਦਰਮਿਆਨ ਇਹ ਗੱਲ ਚਰਚਾ ਦਾ ਕੇਂਦਰ ਬਣੀ ਹੋਈ ਹੈ ਕਿ ਆਮ ਆਦਮੀ ਪਾਰਟੀ (ਆਪ) ਦੀ ਲੋਕਪ੍ਰਿਯਤਾ ਅਤੇ ਸਰਕਾਰ ਦੀ ਕਾਰਗੁਜ਼ਾਰੀ ਤੋਂ ਘਬਰਾਈਆਂ ਵਿਰੋਧੀ ਧਿਰਾਂ ਨੂੰ ਚੋਣਾਂ ਵਿੱਚ ਖੜ੍ਹੇ ਕਰਨ ਲਈ ਉਮੀਦਵਾਰ ਨਹੀਂ ਲੱਭ ਰਹੇ ਅਤੇ ਵਿਰੋਧੀ ਪਾਰਟੀਆਂ ਇਕੱਠੀਆਂ ਹੋ ਕੇ ਆਪ ਉਮੀਦਵਾਰਾਂ ਦੇ ਖਿਲਾਫ ਉਮੀਦਵਾਰ ਮੈਦਾਨ ਵਿੱਚ ਉਤਾਰਨ ਲਈ ਯਤਨ ਕਰ ਰਹੀਆਂ ਹਨ।

ਰਾਜਨੀਤਿਕ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਵਿਰੋਧੀ ਧਿਰਾਂ ਦੀ ਹਾਲਤ ਇੰਨੀ ਪਤਲੀ ਹੋ ਚੁੱਕੀ ਹੈ ਕਿ ਉਨ੍ਹਾਂ ਨੂੰ ਆਪਣੇ ਪਾਰਟੀ ਚੋਣ ਨਿਸ਼ਾਨ 'ਤੇ ਲੜਨ ਲਈ ਢੰਗ ਦੇ ਉਮੀਦਵਾਰ ਵੀ ਨਹੀਂ ਮਿਲ ਰਹੇ। ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਹੋਰ ਸਥਾਨਕ ਧਿਰਾਂ ਕਈ ਵਾਰਡਾਂ ਵਿੱਚ ਮਿਲ ਕੇ ਉਮੀਦਵਾਰ ਖੜ੍ਹੇ ਕਰਨ ਲਈ ਗੰਢਤੁਪ ਕਰ ਰਹੀਆਂ ਹਨ। ਵਿਰੋਧੀ ਪਾਰਟੀਆਂ ਦੇ ਕਈ ਆਗੂ ਤਾਂ ਚਲਦੀ ਪ੍ਰੈਸ ਕਾਨਫਰੰਸ ਵਿੱਚ ਆਪਣੇ ਸੀਨੀਅਰ ਆਗੂਆਂ ਦੇ ਸਾਹਮਣੇ ਅਜ਼ਾਦ ਖੜ੍ਹੇ ਹੋਣ ਦੇ ਐਲਾਨ ਕਰ ਰਹੇ ਹਨ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਵਿਰੋਧੀ ਧਿਰਾਂ ਦੀ ਤਰਸਯੋਗ ਸਿਆਸੀ ਹਾਲਤ ਨੂੰ ਦਰਸਾਉਂਦਾ ਹੈ। ਲੋਕਾਂ ਮੁਤਾਬਕ ਇਹ ਪਾਰਟੀਆਂ ਆਪਣੀਆਂ ਜ਼ਮਾਨਤਾਂ ਜ਼ਬਤ ਹੁੰਦੀਆਂ ਦੇਖ ਕੇ ਇੰਨੀਆਂ ਘਬਰਾਈਆਂ ਹੋਈਆਂ ਹਨ ਕਿ ਹੁਣ ਉਹ ਬਿਨਾਂ ਆਪਣੇ ਚੋਣ ਨਿਸ਼ਾਨ ਤੋਂ ਚੋਣ ਲੜਨ ਲਈ ਵੀ ਤਿਆਰ ਹੋ ਗਈਆਂ ਹਨ।

ਲੋਕਾਂ ਵਿੱਚ ਚਰਚਾ ਹੈ ਕਿ ਜਿਹੜੀਆਂ ਪਾਰਟੀਆਂ ਨਗਰ ਕੌਂਸਲ ਚੋਣਾਂ ਵਿੱਚ ਆਪਣੇ ਨਿਸ਼ਾਨ 'ਤੇ ਉਮੀਦਵਾਰ ਖੜ੍ਹੇ ਕਰਨ ਦੀ ਸਥਿਤੀ ਵਿੱਚ ਨਹੀਂ ਹਨ, ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਦਾ ਸਾਹਮਣਾ ਕਿਵੇਂ ਕਰਨਗੀਆਂ।

ਚਰਚਾ ਹੈ ਕਿ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ, ਪਾਰਦਰਸ਼ੀ ਪ੍ਰਸ਼ਾਸਨ ਅਤੇ ਲੋਕ-ਹਿਤੈਸ਼ੀ ਫ਼ੈਸਲਿਆਂ ਕਰਕੇ ਲੋਕਾਂ ਦਾ ਭਰੋਸਾ ਲਗਾਤਾਰ ਉਹਨਾਂ ਅਤੇ ਪਾਰਟੀ ਵੱਲ ਵੱਧ ਰਿਹਾ ਹੈ।
ਹੁਣ ਲਗਦਾ ਇਹ ਹੈ ਕਿ ਸੁਨਾਮ ਦੇ ਲੋਕ ਵਿਕਾਸ ਅਤੇ ਇਮਾਨਦਾਰ ਰਾਜਨੀਤੀ ਨੂੰ ਸਮਰਥਨ ਦੇਣਗੇ ਅਤੇ ਚੋਣਾਂ ਵਿੱਚ ਆਪ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ।

ਇਸ ਤਰ੍ਹਾਂ ਵਿਰੋਧੀ ਧਿਰਾਂ ਦੀ ਚੋਣ ਰਣਨੀਤੀ ਅਤੇ ਆਪ ਪ੍ਰਤੀ ਵਧਦੇ ਲੋਕ ਸਮਰਥਨ ਨੇ ਸੁਨਾਮ ਨਗਰ ਕੌਂਸਲ ਚੋਣਾਂ ਨੂੰ ਹੋਰ ਵੀ ਦਿਲਚਸਪ ਅਤੇ ਚਰਚਿਤ ਬਣਾ ਦਿੱਤਾ ਹੈ।

# ਡਾ ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਦੇ ਨੌਜਵਾਨਾਂ ਨੂੰ 200 ਖੇਡ ਕਿੱਟਾਂ ਵੰਡੀਆਂ



**ਪਟਿਆਲਾ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਪੰਚਾਇਤ ਭਵਨ ਵਿਖੇ ਪਟਿਆਲਾ ਦਿਹਾਤੀ ਦੇ ਵੱਖ-ਵੱਖ ਪਿੰਡਾਂ ਦੇ ਨੌਜਵਾਨਾਂ ਨੂੰ 200 ਖੇਡ ਕਿੱਟਾਂ ਵੰਡੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਅਤੇ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨਾ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿੰਡਾਂ ਦੇ ਨੌਜਵਾਨਾਂ ਵੱਲੋਂ ਲੰਬੇ ਸਮੇਂ ਤੋਂ ਖੇਡ ਕਿੱਟਾਂ ਦੀ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਸਰਕਾਰ ਨੇ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਨੌਜਵਾਨ ਖੇਡਾਂ ਨਾਲ ਜੁੜਦੇ ਹਨ ਤਾਂ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿੰਦੇ ਹਨ। ਖੇਡਾਂ ਨਾਲ ਬੱਚਿਆਂ ਵਿੱਚ ਅਨੁਸ਼ਾਸਨ, ਟੀਮ ਭਾਵਨਾ ਅਤੇ ਸਿਹਤਮੰਦ ਸੋਚ ਦਾ ਵਿਕਾਸ ਹੁੰਦਾ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਖੇਡਾਂ ਵਿੱਚ ਰੁਚੀ ਲੈਣ ਵਾਲੇ ਬੱਚਿਆਂ ਨੂੰ ਸਿਹਤਮੰਦ ਅਤੇ ਪੌਸ਼ਟਿਕ ਖੁਰਾਕ ਦੀ ਲੋੜ ਹੁੰਦੀ ਹੈ, ਜਿਸ ਨਾਲ ਉਹ ਆਪਣੀ ਸਰੀਰਕ ਸਮਰੱਥਾ ਨੂੰ ਹੋਰ ਮਜ਼ਬੂਤ ਕਰ ਸਕਣ। ਇਸ ਲਈ ਸਰਕਾਰ ਵੱਲੋਂ ਖੇਡਾਂ ਦੇ ਨਾਲ-ਨਾਲ ਸਿਹਤ ਜਾਗਰੂਕਤਾ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਡਾ. ਬਲਬੀਰ ਸਿੰਘ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਜੱਸੋਵਾਲ ਵਿੱਚ ਆਧੁਨਿਕ ਖੇਡ ਮੈਦਾਨ ਤਿਆਰ ਕੀਤਾ ਗਿਆ ਹੈ, ਜਿੱਥੇ ਚਾਰ ਵੱਖ-ਵੱਖ ਖੇਡਾਂ ਦੀਆਂ ਸਹੂਲਤਾਂ ਉਪਲਬਧ ਹਨ। ਉਨ੍ਹਾਂ ਕਿਹਾ ਕਿ ਮੈਦਾਨ ਵਿੱਚ ਖਿਡਾਰੀਆਂ ਲਈ ਹਰ ਤਰ੍ਹਾਂ ਦੀ ਆਧੁਨਿਕ ਸਹੂਲਤ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਪਿੰਡਾਂ ਦੇ ਨੌਜਵਾਨ ਵਧੀਆ ਮਾਹੌਲ ਵਿੱਚ ਅਭਿਆਸ ਕਰ ਸਕਣ। ਇਸ ਮੌਕੇ ਨੌਜਵਾਨਾਂ ਅਤੇ ਪਿੰਡ ਵਾਸੀਆਂ ਨੇ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਯਤਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

# ਗਗਨ ਹੈਡੋਂ ਬੇਟ ਕਤਲ ਮਾਮਲੇ ਵਿੱਚ ਦੋਸ਼ੀ ਕਾਬਲ ਮੁਗਲੇਵਾਲ ਗ੍ਰਿਫਤਾਰ

**ਮਾਛੀਵਾੜਾ ਸਾਹਿਬ, 9 ਮਈ**
**ਪ੍ਰੈਸ ਕੀ ਤਾਕਤ ਬਿਊਰੋ**

ਬੀਤੇ ਦਿਨੀ ਮਾਛੀਵਾੜਾ ਸਾਹਿਬ ਦੇ ਰਤੀਪੁਰ ਰੋਡ ਤੇ ਦੋ ਧਿਰਾਂ ਵਿਚਕਾਰ ਵਿੱਚ ਹੋਈ ਖੂਨੀ ਜੰਗ ਵਿੱਚ ਗਗਨਦੀਪ ਸਿੰਘ ਬਿੱਲਾ ਬਾਸੀ ਹੈਡੋਂ
ਬੇਟ ਮਾਰਿਆ ਗਿਆ ਸੀ ਜਦਕਿ ਉਸ ਦਾ ਦੋਸਤ ਲੱਖੋਵਾਲ ਵਾਸੀ ਮਨੀ ਜਿਹੜੇ ਇਲਾਜ ਚੰਡੀਗੜ੍ਹ ਹਸਪਤਾਲ ਵਿੱਚ ਦਾਖਲ ਹੈ। ਡੀਐਸਪੀ ਸਮਰਾਲਾ ਪ੍ਰਿਤਪਾਲ ਸਿੰਘ ਨੇ ਅੱਜ ਇਸ ਮਾਮਲੇ ਸਬੰਧੀ ਤਾਜ਼ਾ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ 11 ਵਿਅਕਤੀਆਂ ਤੇ ਬਾਏ ਨੇਮ ਜਦ ਕਿ 10 ਤੋਂ 12 ਅਣਪਛਾਤੇ ਵਿਅਕਤੀਆਂ ਤੇ ਪਰਚਾ ਦਰਜ ਕਰ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਜਦ ਕਿ ਅੱਜ ਇਸ ਮਾਮਲੇ ਦੇ ਦੋਸ਼ੀ ਕਾਬਲ ਸਿੰਘ ਉਰਫ ਪੰਨੂ ਵਾਸੀ ਮੁਗਲੇਵਾਲ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਹੋਈ ਹੈ, ਜ਼ਿਕਰਯੋਗ ਹੈ ਕਿ ਕਾਬਲ ਸਿੰਘ ਉਰਫ ਪੰਨੂ ਵਾਸੀ ਮੁਗਲੇਵਾਲ ਵਾਇਰਲ ਹੋਈ ਵੀਡੀਓ ਵਾਲਾ ਸ਼ਖਸ ਹੈ । ਉਹਨਾਂ ਕਿਹਾ ਕਿ ਬਹੁਤ ਜਲਦ ਰਹਿੰਦੇ ਦੋਸ਼ੀਆਂ ਨੂੰ ਵੀ ਗ੍ਰਿਫਤਾਰ ਕਰ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਕਿਸਾਨ ਜਥੇਬੰਦੀਆਂ ਅਤੇ ਗਗਨਦੀਪ ਸਿੰਘ ਬਿੱਲਾ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਇਸ ਸ਼ਰਤ ਤੇ ਹੀ ਗਗਨਦੀਪ ਦਾ ਪੋਸਟਮਾਰਟਮ ਕਰਵਾ ਸੰਸਕਾਰ ਕਰ ਦਿੱਤਾ ਗਿਆ ਸੀ ਕਿ ਪੁਲਿਸ ਨੇ ਉਹਨਾਂ ਨੂੰ 15 ਤਰੀਕ ਤੱਕ ਸਾਰੇ ਮੁਲਜਮਾਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ ਹੈ।

# ਆਈਆਈਐਚਐਮ ਨਾਲ ਕਿਸਾਨਾਂ ਨੂੰ ਵਿਸ਼ਵ ਪੱਧਰ 'ਤੇ ਆਪਣੇ ਉਤਪਾਦਾਂ ਨੂੰ ਵੇਚਣ ਦਾ ਮੌਕਾ ਮਿਲੇਗਾ : ਸ੍ਰੀ ਸ਼ਿਆਮ ਸਿੰਘ ਰਾਣਾ



**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਇੰਡੀਆ ਇੰਟਰਨੈਸ਼ਨਲ ਹੋਰਟੀਕਲਚਰ ਮਾਰਕਿਟ (ਆਈਆਈਐਚਐਮ) ਗਨੌਰ ਪ੍ਰੋਜੈਕਟ ਸੂਬੇ ਵਿੱਚ ਬਾਗਬਾਨੀ ਖੇਤਰ ਨੂੰ ਨਵੀਂ ਦਿਸ਼ਾ ਦੇਣ ਵਾਲੀ ਇੱਕ ਮਹਤੱਵਪੂਰਣ ਪਹਿਲ ਹੈ, ਜਿਸ ਨਾਲ ਕਿਸਾਨਾਂ ਨੂੰ ਬਿਹਤਰ ਬਾਜਾਰ, ਆਧੁਨਿਕ ਸਹੂਲਤਾਂ ਅਤੇ ਵਿਸ਼ਵ ਪੱਧਰ @ਤੇ ਆਪਣੇ ਉਤਪਾਦਾਂ ਨੂੰ ਵੇਚਣ ਦਾ ਮੌਕਾ ਮਿਲੇਗਾ।

ਸ੍ਰੀ ਰਾਣਾ ਅੱਜ ਇੱਥੇ ਹਰਿਆਣਾ ਨਿਵਾਸ ਵਿੱਚ ਹਰਿਆਣਾ ਇੰਟਰਨੈਸ਼ਨਲ ਹੋਰਟੀਕਲਚਰ ਮਾਰਕਟਿੰਗ ਕਾਰਪੋਰੇਸ਼ਨ ਲਿਮੀਟੇਡ (898$3*) ਦੇ ਨਿਦੇਸ਼ਕ ਮੰਡਲ ਦੀ 37ਵੀਂ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੀਟਿੰਗ ਵਿੱਚ ਖੇਤੀਬਾੜੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜਯੇਂਦਰ ਕੁਮਾਰ, ਐਚਐਸਏਐਮਬੀ ਦੇ ਮੁੱਖ ਪ੍ਰਸ਼ਾਸ਼ਕ ਸ੍ਰੀ ਮੁਕੇਸ਼ ਕੁਮਾਰ ਆਹੂਜਾ, ਬਾਗਬਾਨੀ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਰਣਬੀਰ ਸਿੰਘ, ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਰਾਜਨਰਾਇਣ ਕੌਸ਼ਿਕ, ਹਰਿਆਣਾ ਇੰਟਰਨੈਸ਼ਨਲ ਹੋਰਟੀਕਲਚਰ ਮਾਰਕਟਿੰਗ ਕਾਰਪੋਰੇਸ਼ਨ ਲਿਮੀਟੇਡ ਦੇ ਪ੍ਰਬੰਧ ਨਿਦੇਸ਼ਕ ਸ੍ਰੀ ਅਨੀਸ਼ ਯਾਦਵ, ਮੁੱਖ ਇੰਜੀਨੀਅਰ ਸ੍ਰੀ ਮੋਹਿੰਦਰ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

ਮੀਟਿੰਗ ਦੌਰਾਨ ਸੋਨੀਪਤ ਜਿਲ੍ਹਾ ਦੇ ਗਨੌਰ ਵਿੱਚ ਸਥਾਪਿਤ ਕੀਤੇ ਜਾ ਰਹੇ ਇੰਡੀਆ ਇੰਟਰਨੈਸ਼ਨਲ ਹੋਰਟੀਕਲਚਰ ਮਾਰਕਿਟ ਦੇ ਸੰਚਾਲਨ ਅਤੇ ਵਿਕਾਸ ਨਾਲ ਜੁੜੇ ਮਹਤੱਵਪੂਰਣ ਏਜੰਡਾ ਬਿੰਦੂਆਂ @ਤੇ ਵਿਸਤਾਰ ਨਾਲ ਚਰਚਾ ਕੀਤੀ ਗਈ।

ਮੀਟਿੰਗ ਵਿੱਚ ਟ੍ਰਾਂਜੈਕਸ਼ਨ ਏਡਵਾਈਜਰ ਅਤੇ ਕੰਸਲਟੇਂਟ (TAC) ਦੇ ਚੋਣ ਨਾਲ ਸਬੰਧਿਤ ਮਤੇ @ਤੇ ਵੀ ਵਿਚਾਰ -ਵਟਾਂਦਰਾਂ ਕੀਤਾ ਗਿਆ। ਬੋਰਡ ਨੇ ਆਈਆਈਐਚਐਮ ਗਨੌਰ ਦੇ ਸੰਚਾਲਨ ਵਿੱਚ ਸਹਾਇਤਾ ਤਹਿਤ ਏਕੀਕ੍ਰਿਤ ਸਲਾਹ-ਮਸ਼ਵਰਾ ਸੇਵਾਵਾਂ ਪ੍ਰਦਾਨ ਕਰਨ ਲਈ ਆਰਐਫਪੀ (Request for Proposal) ਦੀ ਮੰਜੂਰੀ ਪ੍ਰਦਾਨ ਕੀਤੀ, ਤਾਂ ਜੋ ਅੱਗੇ ਦੀ ਪ੍ਰਕ੍ਰਿਆ ਨੂੰ ਜਲਦੀ ਤੋਂ ਜਲਦੀ ਅੱਗੇ ਵਧਾਇਆ ਜਾ ਸਕੇ।

ਇਸ ਤੋਂ ਇਲਾਵਾ, ਬੋਰਡ ਨੇ ਐਮ/ਐਸ ਈਆਈਐਲ (Authority Engineer) ਦੇ ਠੇਕੇ ਨੂੰ 31 ਦਸੰਬਰ, 2026 ਤੱਕ ਵਧਾਉਣ ਦੇ ਮਤੇ ਨੂੰ ਵੀ ਮੰਜੂਰੀ ਦਿੱਤੀ, ਜਿਸ ਨਾਲ ਪ੍ਰੋਜੈਕਟ ਨਾਲ ਸਬੰਧਿਤ ਗਤੀਵਿਧੀਆਂ ਦਾ ਸੁਚਾਰੂ ਸੰਚਾਲਨ ਜਾਰੀ ਰਹਿ ਸਕੇ।

ਮੀਟਿੰਗ ਵਿੱਚ ਆਈਆਈਐਚਐਮ ਪ੍ਰਜੈਕਟ ਵਿੱਚ ਪੈਨਲਟੀ ਮੁਅਤੱਵ ਕਰਨ ਦੀ ਅਪੀਲ @ਤੇ ਵੀ ਵਿਚਾਰ ਕੀਤਾ ਗਿਆ। ਵਿਸਤਾਰ ਚਰਚਾ ਦੇ ਬਾਅਦ ਬੋਰਡ ਨੇ ਪ੍ਰੋਜੈਕਟ ਦੇ ਸੁਚਾਰੂ ਲਾਗੂ ਕਰਨ ਅਤੇ ਸੰਚਾਲਨ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਪ੍ਰਸਤਾਵ ਨੂੰ ਮੰਜੂਰੀ ਦੇ ਦਿੱਤੀ।

ਇਸ ਦੇ ਨਾਲ ਹੀ ਮੀਟਿੰਗ ਵਿੱਚ ਹੋਰ ਲੀਗਤ ਵਿਸ਼ਿਆਂ @ਤੇ ਵੀ ਚਰਚਾ ਕੀਤੀ ਗਈ ਅਤੇ ਪ੍ਰੋਜੈਕਟ ਦੇ ਸਮੇਂਬੱਧ ਅਤੇ ਪ੍ਰਭਾਵੀ ਲਾਗੂ ਕਰਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।

ਖੇਤੀਬਾੜੀ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਆਈਆਈਐਚਐਮ ਗਨੌਰ ਪ੍ਰੋਜੈਕਟ ਨੂੰ ਤੈਅ ਸਮੇਂ ਵਿੱਚ ਪੂਰਾ ਕਰਦੇ ਹੋਏ ਇਸ ਨੂੰ ਕਿਸਾਨਾਂ ਅਤੇ ਵਪਾਰੀਆਂ ਲਈ ਇੱਕ ਆਧੁਨਿਕ ਅਤੇ ਵਿਸ਼ਵਪੱਧਰੀ ਬਾਜਾਰ ਵਜੋ ਵਿਕਸਿਤ ਕੀਤਾ ਜਾਵੇ।

# ਤਬਾਦਲਿਆਂ @ਤੇ ਹਰਿਆਣਾ ਸਰਕਾਰ ਦੇ ਨਵੇਂ ਨਿਰਦੇਸ਼

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਮੁੱਖ ਸਕੱਤਰ ਦੇ 19 ਨਵੰਬਰ, 1998 ਦੇ ਨਿਰਦੇਸ਼ਾਂ ਵਿੱਚ ਸੋਧ ਕੀਤਾ ਹੈ। ਸੋਧ ਨਿਰਦੇਸ਼ਾਂ ਅਨੁਸਾਰ ਭਵਿੱਖ ਵਿੱਚ ਕਿਸੇ ਸਟੇਸ਼ਨ @ਤੇ ਪੰਜ ਸਾਲ ਤੋਂ ਵੱਧ ਸਮੇਂ ਤੱਕ ਕੰਮ ਕਰਨ ਦੀ ਛੋਟ ਸਿਰਫ ਉਨ੍ਹਾਂ ਕਰਮਚਾਰੀਆਂ ਨੂੰ ਹੀ ਦਿੱਤੀ ਜਾਵੇਗੀ ਜੋ ਇੱਕ ਸਾਲ ਦੇ ਅੰਦਰ ਸੇਵਾ ਮੁਕਤ ਹੋਣ ਵਾਲੇ ਹਨ।

ਹਾਲਾਂਕਿ ਅਜਿਹੇ ਕਰਮਚਾਰੀਆਂ ਦਾ ਜਨਹਿਤ ਵਿੱਚ ਇੱਕ ਸਟੇਸ਼ਨ ਤੋਂ ਦੂਜੇ ਸਟੇਸ਼ਨ @ਤੇ 20 ਕਿਲੋਮੀਟਰ ਦੀ ਘੇਰੇ ਦੇ ਅੰਦਰ ਤਬਾਦਲਾ ਕੀਤਾ ਜਾ ਸਕੇਗਾ। ਇਸ ਤਰ੍ਹਾ ਦੇ ਤਬਾਦਲੇ ਵਿੱਚ ਨਿਵਾਸ ਸਥਾਨ ਵਿੱਚ ਬਦਲਾਅ ਸ਼ਾਮਿਲ ਨਹੀਂ ਹੋਵੇਗਾ ਅਤੇ ਇਸ ਨੂੰ ਹਰਿਆਣਾ ਸਿਵਲ ਸੇਵਾ ਨਿਯਮ, 2016 ਦੇ ਪ੍ਰਾਵਧਾਨਾਂ ਦੇ ਤਹਿਤ ਯਾਤਰਾ ਭੱਤਾ (ਟੀਏ), ਰੋਜਾਨਾ ਭੱਤਾ (ਡੀਏ) ਅਤੇ ਜੁਆਇੰਨਿੰਗ ਟਾਇਮ ਦੇ ਲਈ ਤਬਾਦਲਾ ਨਹੀਂ ਮੰਨਿਆ ਜਾਵੇਗਾ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਸਾਰੇ ਪ੍ਰਸਾਸ਼ਨਿਕ ਸਕੱਤਰਾਂ, ਵਿਭਾਗ ਦੇ ਪ੍ਰਮੁੱਖਾਂ, ਬੋਰਡਾਂ, ਨਿਗਮਾਂ, ਅਥਾਰਿਟੀਆਂ ਦੇ ਪ੍ਰਬੰਧ ਨਿਦੇਸ਼ਕਾਂ ਤੇ ਮੁੱਖ ਪ੍ਰਸਾਸ਼ਕਾਂ ਅਤੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ।

# ਹਰਿਆਣਾ ਦੇ ਰਾਜਪਾਲ ਨਾਲ ਮਿਲੇ 2025 ਬੈਚ ਦੇ ਆਈਏਐਸ ਪ੍ਰੋਬੇਸ਼ਨਰਸ



**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2025 ਬੈਚ ਦੇ ਛੇ ਆਈਏਐਸ ਪ੍ਰੋਬੇਸ਼ਨਰਸ, ਜਿਨ੍ਹਾਂ ਨੂੰ ਹਰਿਆਣਾ ਕੈਡਰ ਅਲਾਟ ਕੀਤਾ ਗਿਆ ਹੈ, ਨੇ ਅੱਜ ਇੱਥੇ ਲੋਕ ਭਵਨ ਵਿੱਚ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ।

ਪ੍ਰੋਬੇਸ਼ਨਰਸ ਅਧਿਕਾਰੀਆਂ ਦੇ ਨਾਲ ਗਲਬਾਤ ਕਰਦੇ ਹੋਏ ਰਾਜਪਾਲ ਨੇ ਉਨ੍ਹਾਂ ਨੂੰ ਆਪਣੀ ਜਿਮੇਵਾਰੀਆਂ ਨੂੰ ਪੂਰੀ ਇਨਾਮਨਦਾਰੀ, ਜਿਮੇਵਾਰੀ ਅਤੇ ਸਮਰਪਣ ਨਾਲ ਨਿਭਾਉਣ ਅਤੇ ਆਪਣੀ ਸੇਵਾ ਰਾਹੀਂ ਸਮਾਜ ਵਿੱਚ ਹਾਂਪੱਖੀ ਬਦਲਾਅ ਲਿਆਉਣ ਲਈ ਪ੍ਰੇਰਿਤ ਕੀਤਾ।

ਪ੍ਰੋ. ਅਸੀਮ ਕੁਮਾਰ ਘੋਸ਼ ਨੇ ਨੌਜੁਆਨ ਅਧਿਕਾਰੀਆਂ ਨੂੰ ਲੋਕ ਪ੍ਰਸਾਸ਼ਨ ਵਿੱਚ ਇਮਾਨਦਾਰੀ, ਪਾਰਦਰਸ਼ਿਤਾ ਅਤੇ ਜਵਾਬਦੇਹੀ ਦੇ ਉੱਚਤਮ ਮਾਨਕਾਂ ਨੂੰ ਬਣਾਏ ਰੱਖਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀ ਸੁਸ਼ਾਸ਼ਨ ਯਕੀਨੀ ਕਰਨ, ਜਨਸੇਵਾਵਾਂ ਨੂੰ ਪ੍ਰਭਾਵੀ ਅਤੇ ਸਮੇਂਬੱਧ ਡਿਲੀਵਰੀ ਯਕੀਨੀ ਕਰਨ ਅਤੇ ਭਲਾਈਕਾਰੀ ਅਤੇ ਵਿਕਾਸ ਯੋਜਨਾਵਾਂ ਨੂੰ ਆਮਜਨਤਾ ਤੱਕ ਉਨ੍ਹਾਂ ਦੀ ਵਾਸਤਵਿਕ ਭਾਵਨਾ ਦੇ ਅਨੁਰੂਪ ਪਹੁੰਚਾਉਣ ਲਈ ਪ੍ਰਤੀਬੱਧਤਾ ਦੇ ਨਾਲ ਕੰਮ ਕਰਨ।

ਰਾਜਪਾਲ ਨੇ ਆਈਏਐਸ ਪ੍ਰੋਬੇਸ਼ਨਰਸ ਨੂੰ ਪਬਲਿਕ ਸੇਵਾ ਦੌਰਾਨ ਮਨੁੱਖੀ ਅਤੇ ਸੰਵੇਦਨਸ਼ੀਲ ਦ੍ਰਿਸ਼ਟੀਕੋਣ ਅਪਨਾਉਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸਿਖਲਾਈ ਪੂਰੀ ਹੋਣ ਦੇ ਬਾਅਦ ਉਹ ਜਨਭਲਾਈਕਾਰੀ ਯੋਜਨਾਵਾਂ ਦੇ ਪ੍ਰਭਾਵੀ ਲਾਗੂ ਕਰਨ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਉਣ।

ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਉਜਵੱਲ ਅਤੇ ਸਫਲ ਪ੍ਰਸਾਸ਼ਨਿਕ ਕਰਿਅਰ ਲਈ ਆਪਣੀ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਇਸ ਮੌਕੇ @ਤੇ ਰਾਜਪਾਲ ਦੇ ਸਕੱਤਰ ਵਿਜੈ ਕੁਮਾਰ ਭਾਵਿਕੱਟੀ, ਪਰਸੋਨਲ, ਸਿਖਲਾਈ ਅਤੇ ਸੰਸਦੀ ਕਾਰਜ ਵਿਭਾਗ ਦੇ ਸਕੱਤਰ ਅਤੇ ਆਈਏਐਸ ਪ੍ਰੋਬੇਸ਼ਨਰਸ ਅਮਿਤਤੇਜ ਪਾਂਗਟੇ, ਮੁਸਕਾਨ ਸ਼੍ਰੀਵਾਸਤਵ, ਸ਼ਿਵਾਨੀ ਪਾਂਚਾਲ, ਸੋਹਮ ਸ਼ੈਲੇਂਦਰ, ਵਿਸ਼ਾਲ ਸਿੰਘ ਅਤੇ ਵਿਵੇਕ ਯਾਦਵ ਮੌਜੂਦ ਸਨ।

# ਹਰਿਆਣਾ ਰਾਜ ਚੋਣ ਕਮੀਸ਼ਨ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣ ਕਰਾਉਣ ਲਈ ਪ੍ਰਤੀਬੱਧ : ਰਾਜ ਚੋਣ ਕਮਿਸ਼ਨਰ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਚੋਣ ਕਮਿਸ਼ਨਰ ਸ੍ਰੀ ਦੇਵੇਂਦਰ ਸਿੰਘ ਕਲਿਆਣ ਨੇ ਕਿਹਾ ਕਿ ਕਮੀਸ਼ਨ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਚੋਣ ਕਰਾਉਣ ਲਈ ਪ੍ਰਤੀਬੱਧ ਹੈ।

ਉਨ੍ਹਾਂ ਨੇ ਕਿਹਾ ਕਿ 6 ਮਈ, 2026 ਨੂੰ ਕਾਂਗਰਸ ਪਾਰਟੀ ਦੇ ਪ੍ਰਤੀਨਿਧੀਆਂ ਵੱਲੋਂ ਪੇਸ਼ ਮੰਗ ਪੱਤਰ ਦਾ ਵਰਨਣ ਕਰਦੇ ਹੋਏ ਕਿਹਾ ਕਿ ਨਗਰ ਨਿਗਮ ਪੰਚਕੂਲਾ ਦੀ ਵੋਟਰ ਲਿਸਟ ਵਿੱਚ 17,086 ਵੋਟਰਾਂ ਦੀ ਐਂਟਰੀਆਂ ਨੂੰ ਡੁਪਲੀਕੇਟ ਅਤੇ ਇੱਕ ਨਾਲ ਦਸਿਆ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਉਕਤ ਮੈਮੋ ਵਿੱਚ ਲਗਭਗ 17 ਹਜਾਰ ਐਂਟਰੀਆਂ ਦਾ ਵਰਨਣ ਕੀਤਾ ਗਿਆ, ਜਦੋਂ ਕਿ ਕੈਥਲ 8543 ਵੋਟਰਾਂ ਦੀ ਲਿਸਟ ਹੀ ਉਪਲਬਧ ਕਰਵਾਈ ਗਈ।

ਉਨ੍ਹਾਂ ਨੇ ਕਿਹਾ ਕਿ ਭਾਵ ਇਹ ਮੈਮੋਂ ਨਿਰਧਾਰਿਤ ਮਿੱਤੀ ਦੇ ਬਾਅਦ ਪ੍ਰਾਪਤ ਹੋਇਆ ਹੈ, ਵਿਸ਼ੇਸ਼ ਰੂਪ ਨਾਲ ਉਦੋਂ ਜਦੋਂ ਕਿ ਰਾਜਨੀਤਿਕ ਪਾਰਟੀ ਨਿਰਧਾਰਿਤ ਸਮੇਂ ਦੇ ਅੰਦਰ ਦਾਵਾ, ਇਤਰਾਜ ਅਤੇ ਅਪੀਲ ਪੇਸ਼ ਕਰ ਸਕਦੇ ਹਨ, ਫਿਰ ਵੀ ਵੋਟਰ ਲਿਸਟਾਂ ਦੀ ਇਕਸਾਰਤਾ ਬਣਾਏ ਰੱਖਣ ਦੇ ਉਦੇਸ਼ ਨਾਲ ਉਕਤ ਮੰਗ ਪੱਤਰ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।

ਡਿਪਟੀ ਕਮਿਸ਼ਨਰ ਪੰਚਕੂਲਾ ਨੂੰ ਅਜਿਹੇ ਐਂਟਰੀਆਂ ਦਾ ਮੁੜ ਤਸਦੀਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣ ਯਕੀਨੀ ਕੀਤੇ ਜਾ ਸਕਣ। ਉਕਤ 8543 ਐਂਟਰੀਆਂ ਦੀ ਜਾਂਚ-ਪੜਤਾਲ ਦੇ ਬਾਅਦ, ਮੰਗ ਪੱਤਰ ਵਿੱਚ ਦਿੱਤੇ ਗਏ ਤੱਥਾਂ ਦੀ ਜਾਂਚ ਕਰਦੇ ਹੋਏ ਡਿਪਟੀ ਕਮਿਸ਼ਨਰ ਨੂੰ ਵਿਸਤਾਰ ਤੱਥਾਤਮਕ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਨੇ ਅੱਗੇ ਕਿਹਾ ਕਿ ਵੋਟਰ ਲਿਸਟ ਤਿਆਰ ਕਰਨ ਦੀ ਪ੍ਰਕ੍ਰਿਆ ਵਿੱਚ ਪੂਰੀ ਸਾਵਧਾਨੀ ਅਤੇ ਗੰਭੀਰਤਾ ਵਰਤੀ ਗਈ ਹੈ, ਫਿਰ ਵੀ ਕਮੀਸ਼ਨ ਕਿਸੇ ਵੀ ਸੰਭਾਵਿਤ ਗਲਤੀ ਨੂੰ ਖਤਮ ਕਰਨ ਲਈ ਪ੍ਰਤੀਬੱਧ ਹੈ। ਅੰਤਮ ਵੋਟਰ ਲਿਸਟ ਦੇ ਪ੍ਰਕਾਸ਼ਨ ਤੱਕ ਪੂਰੀ ਪ੍ਰਕ੍ਰਿਆ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਸਪੰਨ ਹੁੰਦੀ ਹੈ ਅਤੇ ਵੋਟਰ ਲਿਸਟ ਵਿੱਚ ਐਂਟਰੀਆਂ ਦਰਜ ਸਿਰਫ ਦਾਵਾ, ਇਤਰਾਜ ਅਤੇ ਜਰੂਰੀ ਹੋਣ @ਤੇ ਅਪੀਲ ਪੇਸ਼ ਕਰ ਸਕਦੇ ਹਨ।

ਉਨ੍ਹਾਂ ਨੇ ਦਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ 16 ਫਰਵਰੀ, 2026 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ 28 ਫਰਵਰੀ, 2026 ਨੂੰ ਪ੍ਰਕਾਸ਼ਿਤ ਪ੍ਰਾਰੂਪ ਵੋਟਰ ਲਿਸਟ @ਤੇ 7 ਮਾਰਚ, 2026 ਤੱਕ ਦਾਵੇ ਅਤੇ ਇਤਰਾਜਾਂ ਮੰਗੀਆਂ ਗਈਆਂ ਸਨ। ਸੋਧ ਅਥਾਰਿਟੀ ਪੱਧਰ ਦੇ ਦਾਵਿਆਂ ਅਤੇ ਇਤਰਾਜਾਂ ਦੇ ਨਿਸਤਾਰਣ ਦੇ ਬਾਅਦ 16 ਮਾਰਚ, 2026 ਤੱਕ ਡਿਪਟੀ ਕਮਿਸ਼ਨਰ ਦੇ ਸਾਹਮਣੇ ਅਪੀਲ ਦਾਇਰ ਕੀਤੀ ਜਾ ਸਕਦੀ ਹੈ।

ਉਨ੍ਹਾਂ ਨੇ ਕਿਹਾ ਕਿ ਵੋਟਰ ਲਿਸਟ ਦੀ ਤਿਆਰੀ ਅਤੇ ਅੰਤਮ ਪ੍ਰਕਾਸ਼ਨ ਦੌਰਾਨ ਸਾਰੇ ਹਿੱਤਧਾਰਕਾਂ, ਜਿਨ੍ਹਾਂ ਵਿੱਚ ਰਾਜਨੀਤਿਕ ਪਾਰਟੀਆਂ ਵੀ ਸ਼ਾਮਿਲ ਹਨ, ਜੋ ਸਹੀ ਮੌਕਾ ਪ੍ਰਦਾਨ ਕੀਤਾ ਗਿਆ ਸੀ ਅਤੇ ਅੰਤਮ ਵੋਟਰ ਲਿਸਟ 27 ਮਾਰਚ, 2026 ਨੂੰ ਸਾਰੇ ਰਾਜਨੀਤਿਕ ਪਾਰਟੀਆਂ ਨੂੰ ਭੇਜ ਦਿੱਤੀ ਗਈ ਸੀ। ਇਸ ਦੇ ਬਾਵਜੂਦ ਨੋਟੀਫਿਕੇਸ਼ਨ ਵਿੱਚ ਨਿਰਧਾਰਿਤ ਸਮੇਂ ਦੌਰਾਨ ਕਿਸੇ ਵੀ ਰਾਜਨੀਤਿਕ ਪਾਰਟੀ ਵੱਲੋਂ ਡੁਪਲੀਕੇਟ ਅਤੇ ਇੱਕ ਵਰਗੇ ਵੋਟਰਾਂ ਸਬੰਧੀ ਕੋਈ ਇਤਰਾਜ ਜਾਂ ਸੂਚੀ ਉਪਲਬਧ ਨਹੀਂ ਕਰਵਾਈ ਗਈ। ਨਾਲ ਹੀ 22 ਅਪ੍ਰੈਲ, 2026 ਨੂੰ ਆਯੋਜਿਤ ਸਰਵ ਦੱਲ ਦੀ ਮੀਟਿੰਗ ਵਿੱਚ ਵੀ ਕਾਂਗਰਸ ਪਾਰਟੀ ਵੱਲੋਂ ਇਸ ਸਬੰਧ ਵਿੱਚ ਕੋਈ ਮੁੱਦਾ ਨਹੀਂ ਚੁੱਕਿਆ ਗਿਆ।

# ਹਰਿਆਣਾ ਐਡਵੋਕੇਟ ਜਨਰਲ ਦਫਤਰ ਦਾ ਹੋਇਆ ਪੂਰਾ ਡਿਜੀਟਲਕਰਣ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸ਼ਾਸ਼ਨਿਕ ਅਤੇ ਲੀਗਲ ਸੁਧਾਰਾਂ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦੇ ਹੋਏ ਹਰਿਆਣਾ ਦਾ ਐਡਵੋਕੇਟ ਜਨਰਲ ਦਫਤਰ ਹੁਣ ਪੂਰੀ ਤਰ੍ਹਾ ਡਿਜੀਟਲ ਹੋ ਗਿਆ ਹੈ। ਐਡਵੋਕੇਟ ਜਨਰਲ ਸ੍ਰੀ ਪ੍ਰਵਿੰਦਰਾ ਸਿੰਘ ਚੌਹਾਨ ਦੀ ਅਗਵਾਈ ਹੇਠ ਹਰਿਆਣਾਂ ਦੇਸ਼ ਦਾ ਪਹਿਲਾ ਅਜਿਹਾ ਐਡਵੋਕੇਟ ਜਨਰਲ ਦਫਤਰ ਬਣ ਗਿਆ ਹੈ, ਜਿੱਥੇ ਸਾਰੇ ਲੀਗਲ ਕੰਮ ਪੂਰੀ ਤਰ੍ਹਾ ਡਿਜੀਟਲ ਢੰਗ ਨਾਲ ਕੀਤੇ ਜਾ ਰਹੇ ਹਨ। ਇਹ ਉਪਲਬਧਤੀ ਨਾ ਸਿਰਫ ਹਰਿਆਣਾ ਸਗੋ ਪੂਰੇ ਦੇਸ਼ ਲਈ ਇੱਕ ਨਵੀਂ ਮਿਸਾਲ ਮੰਨੀ ਜਾ ਰਹੀ ਹੈ।

ਹਰਿਆਣਾ ਦੇ ਐਡਵੋਕੇਟ ਜਨਰਲ ਪ੍ਰਵਿੰਦਰਾ ਸਿੰਘ ਚੌਹਾਨ ਨੇ ਵੀਰਵਾਰ ਨੂੰ ਪ੍ਰੋ-ਕੇਸ ਮੈਨੇਜਕੈਂਟ ਸਿਸਟਮ ਨੂੰ ਲਾਇਵ ਕਰ ਇਸ ਦੀ ਸ਼ੁਰੂਆਤ ਕੀਤੀ।

ਐਡਵੋਕੇਟ ਜਨਰਲ ਸ੍ਰੀ ਪ੍ਰਵਿੰਦਰਾ ਸਿੰਘ ਚੌਹਾਨ ਨੇ ਇਸ ਸਬੰਧ ਵਿੱਚ ਦਸਿਆ ਕਿ ਹੁਣ ਇਹ ਟੀਚਾ ਪੂਰੀ ਤਰ੍ਹਾ ਹਾਸਲ ਕਰ ਲਿਆ ਗਿਆ ਹੈ। ਇਸ ਡਿਜੀਟਲ ਵਿਵਸਥਾ ਦਾ ਮੁੱਖ ਆਧਾਰ ਪ੍ਰੋ-ਕੇਸ ਮੈਨੇਜਮੈਂਟ ਸਿਸਟਮ (PCMS) ਹੈ, ਜੋ ਲਿਟਿਗੇਸ਼ਨ ਮੈਨੇਜਮੈਂਟ ਸਿਸਟਮ (LMS) ਦਾ ਉਨੱਤ ਰੂਪ ਹੈ। ਇਸ ਦੇ ਰਾਹੀਂ ਐਡਵੋਕੇਟ ਜਨਰਲ ਦਫਤਰ ਅਤੇ ਸਰਕਾਰੀ ਵਿਭਾਗਾਂ ਦੇ ਵਿੱਚ ਵੇਟਿੰਗ, ਕਾਨੂੰਨੀ ਰਾਏ, ਕੇਸ ਨਾਲ ਜੁੜਿਆ ਪੱਤਰਾਚਾਰ ਅਤੇ ਮੁਕਦਮਿਆਂ ਦਾ ਪ੍ਰਬੰਧਨ ਪੂਰੀ ਤਰ੍ਹਾ ਡਿਜੀਟਲ ਢੰਗ ਨਾਲ ਕੀਤਾ ਜਾ ਰਿਹਾ ਹੈ। ਇਸ ਨਾਲ ਕੰਮ ਵਿੱਚ ਤੇਜੀ ਆਈ ਹੈ ਅਤੇ ਗੈਰ-ਜਰੂਰੀ ਦੇਰੀ ਘੱਟ ਹੋਈ ਹੈ।

ਉਨ੍ਹਾਂ ਨੇ ਦਸਿਆ ਕਿ ਹੁਣ ਸਾਰੇ ਕੇਸਾਂ ਨਾਲ ਜੁੜੇ ਦਸਤਾਵੇਜ ਜਿਵੇਂ ਪੇਪਰ ਬੁੱਕਸ, ਜਵਾਬ, ਲਿਖਤ ਬਿਆਨ ਅਤੇ ਅਦਾਲਤ ਦੇ ਪੁਰਾਣੇ ਆਦੇਸ਼ ਪੀਡੀਐਫ ਫਾਰਮੇਟ ਵਿੱਚ ਯਕੀਨੀ ਉਪਲਬਧ ਹਨ। ਇਸ ਨਾਲ ਕਾਗਜ਼ਾਂ ਫਾਇਲਾਂ @ਤੇ ਨਿਰਭਰਤਾ ਲਗਭਗ ਖਤਮ ਹੋ ਗਈ ਹੈ ਅਤੇ ਪਾਰਦਰਸ਼ਿਤਾ ਤੇ ਕਾਰਜਸਮਰੱਥਾ ਵਧੀ ਹੈ।

ਐਡਵੋਕੇਟ ਜਨਰਲ ਪ੍ਰਵਿੰਦਰਾ ਸਿੰਘ ਚੌਹਾਨ ਨੇ ਕਿਹਾ ਕਿ ਇੰਨ੍ਹਾਂ ਸਾਰੇ ਨਵਾਚਾਰਾਂ ਨਾਲ ਐਡਵੋਕੇਟ ਜਨਰਲ ਦਫਤਰ ਵਿੱਚ ਪੂਰੀ ਤਰ੍ਹਾ ਡਿਜੀਟਲ ਲੀਗਲ ਵਿਵਸਥਾ ਸਥਾਪਿਤ ਹੋ ਗਈ ਹੈ, ਜਿਸ ਨਾਲ ਕੰਮ ਹੁਣ ਵੱਧ ਤੇਜ, ਪਾਰਦਰਸ਼ੀ ਅਤੇ ਜਵਾਬਦੇਹੀ ਦੇ ਨਾਲ ਹੋ ਰਿਹਾ ਹੈ। ਇਹ ਪਹਿਲ ਹਰਿਆਣਾ ਦੀ ਪ੍ਰਸਾਸ਼ਨਿਕ ਸਮਰੱਥਾ ਅਤੇ ਤਕਨੀਕੀ ਸੋਚ ਨੂੰ ਦਰਸ਼ਾਉਂਦੀ ਹੈ। ਨਾਲ ਹੀ ਇਹ ਦੇਸ਼ ਵਿੱਚ ਲੀਗਲ ਅਦਾਰਿਆਂ ਦੇ ਅਧੁਨੀਕੀਕਰਣ ਦੀ ਦਿਸ਼ਾ ਵਿੱਚ ਇੱਕ ਨਵਾਂ ਰਾਸ਼ਟਰੀ ਮਾਨਕ ਵੀ ਸਥਾਪਿਤ ਕਰਦੀ ਹੈ।

ਇਸ ਡਿਜੀਟਲ ਬਦਲਾਅ ਦੀ ਸ਼ੁਰੂਆਤ ਕਰੀਬ ਛੇ ਮਹੀਨੇ ਪਹਿਲਾਂ ਹੋਈ ਸੀ, ਜਦੋਂ ਸੀਨੀਅਰ ਉੱਪ ਐਡਵੋਕੇਟ ਜਨਰਲ ਸ੍ਰੀ ਅਰੁਣ ਤੇਵਤਿਆ ਨੂੰ ਆਈਟੀ ਅਤੇ ਆਈਟੀ ਸੁਰੱਖਿਆ ਨੋਡਲ ਅਧਿਕਾਰੀ ਅਤੇ ਕੰਪਿਊਟਰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਉਨ੍ਹਾਂ ਨੇ ਦਫਤਰ ਵਿੱਓ ਹੋਣ ਵਾਲੇ ਸਾਰੇ ਮੈਨੂਅਲ ਕੰਮਾਂ ਨੂੰ ਡਿਜੀਟਲ ਰੂਪ ਨਾਲ ਬਦਲਣ ਦੀ ਜਿਮੇਂਵਾਰੀ ਦਿੱਤੀ ਗਈ। ਇਸ ਦੇ ਬਾਅਦ ਮਿਸ਼ਨ ਮੋਡ ਵਿੱਚ ਕੰਮ ਸ਼ੁਰੂ ਹੋਇਆ ਅਤੇ ਦਫਤਰ ਦੀ ਰਿਵਾਇਤੀ ਵਿਵਸਥਾ ਨੂੰ ਆਧੁਨਿਕ ਡਿਜੀਟਲ ਪ੍ਰਣਾਲੀ ਵਿੱਚ ਬਦਲ ਦਿੱਤਾ ਗਿਆ। ਸੀਨੀਅਰ ਉੱਪ ਐਡਵੋਕੇਟ ਜਨਰਲ ਸ੍ਰੀ ਅਰੁਣ ਤੇਵਤਿਆ ਨੇ ਦਸਿਆ ਕਿ ਆਈਟੀ ਅਤੇ ਆਈਟੀ ਸੁਰੱਖਿਆ ਸੈਲ ਵੱਲੋਂ ਕਈ ਆਧੁਨਿਕ ਈ-ਗਵਰਨੈਂਸ ਮਾਡੀਯੂਲ ਵੀ ਸ਼ੁਰੂ ਕੀਤੇ ਗਏ ਹਨ।

e-Roster ਮਾਡੀਯੂਲ ਰਾਹੀਂ ਕਾਨੂੰਨ ਅਧਿਕਾਰੀਆਂ ਨੂੰ ਤੁਰੰਤ ਪੇਪਰ ਬੁਕਸ, ਜਵਾਬ ਅਤੇ ਅੰਤਮ ਆਦੇਸ਼ ਉਨ੍ਹਾਂ ਦੇ ਅਕਾਊਂਟ @ਤੇ ਮਿਲ ਸਕਣਗੇ। e-Judgement ਮਾਡੀਯੂਲ ਨਾਲ ਅਦਾਲਤ ਦੇ ਫੈਸਲਿਆਂ ਅਤੇ ਆਦੇਸ਼ਾਂ ਤੱਕ ਤੁਰੰਤ ਪਹੁੰਚ ਸੰਭਵ ਹੋਵੇਗੀ। ਇਸ ਤੋਂ ਇਲਾਵਾ e-Vetting ਨਾਲ ਕਾਨੂੰਨੀ ਜਾਂਚ ਅਤੇ ਸਮੀਖਿਆ ਪ੍ਰਕ੍ਰਿਆ ਤੇਜ ਅਤੇ ਆਸਾਨ ਬਣੇਗੀ। e-Opinion ਰਾਹੀਂ ਵਿਭਾਗਾਂ ਨੂੰ ਜਲਦੀ ਕਾਨੂੰਨੀ ਰਾਏ ਉਪਲਬਧ ਕਰਾਈ ਜਾਵੇਗੀ।

ਉਨ੍ਹਾਂ ਨੇ ਦਸਿਆ ਕਿ e-Pairvi ਮਾਡੀਯੂਲ ਨਾਲ ਕੇਸ ਦੀ ਪੇਸ਼ਗੀ ਅਤੇ ਸਰਾਂਸ਼ ਵੱਧ ਸਟੀਕਅਤੇ ਪਾਰਦਰਸ਼ੀ ਹੋਵੇਗੀ। ਅਧਾਰਿਤ ਸੱਤ ਪੱਧਰੀ ਸੁਰੱਖਿਆ ਵਾਲਾ ਵਿਜੀਟਰ ਮੈਨੇਜਮੈਂਟ ਸਿਸਟਮ ਲਾਗੂ ਕੀਤਾ ਗਿਆ ਹੈ। ਇਸੀ ਤਰ੍ਹਾ e-Organisational Chart ਸਾਰੇ ਕਾਨੂੰਨ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਡਿਜੀਟਲ ਜਾਣਕਾਰੀ ਉਪਲਬਧ ਕਰਾਏਗਾ।

ਉਨ੍ਹਾਂ ਨੇ ਦਸਿਆ ਕਿ e-Dashboard ਮਾਡੀਯੂਲ @ਤੇ ਹਰਿਆਣਾ ਨਾਲ ਜੁੜੇ ਕੁੱਲ ਮਾਮਲਿਆਂ, ਅਰਜੇਂਟ, ਆਰਡਨਰੀ, COCP ਅਤੇ ਕੋਰਟਵਾਰ ਮਾਮਲਿਆਂ ਦੀ ਰਿਅਲ ਟਾਇਮ ਜਾਣਕਾਰੀ ਉਪਲਬਧ ਰਹੇਗੀ। ਇਸ ਤੋਂ ਇਲਾਵਾ, e-Directory ਸਾਰੇ ਸਰਕਾਰੀ ਵਿਭਾਗਾਂ ਦੇ ਨੋਡਲ ਅਧਿਕਾਰੀਆਂ ਦੇ ਸੰਪਰਕ ਵੰਡ ਦਾ ਡਿਜੀਟਲ ਪਲੇਟਫਾਰਮ ਹੋਵੇਗਾ।

# ਹਰਿਆਣਾ ਵਿੱਚ ਨਗਰ ਨਿਗਮ ਚੋਣ ਦੇ ਮੱਦੇਨਜਰ 10 ਮਈ ਨੂੰ ਵੇਤਨ ਸਮੇਤ ਛੁੱਟੀ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ 10 ਮਈ, 2026 (ਐਤਵਾਰ) ਨੂੰ ਨਗਰ ਨਿਗਮਾਂ ਦੇ ਆਮ ਚੋਣ ਦੇ ਮੱਦੇਨਜਰ ਸਬੰਧਿਤ ਖੇਤਰਾਂ ਵਿੱਚ ਰਜਿਸਟਰਡ ਵੋਟਰਾਂ ਲਈ ਵੇਤਨ ਸਮੇਤ ਛੁੱਟੀ ਐਲਾਨ ਕੀਤੀ ਹੈ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਨੋਟੀਫਿਕੇਸ਼ਨ ੧ਾਰੀ ਕੀਤੀ ਗਈ ਹੈ।

ਨੋਟੀਫਿਕੇਸ਼ਨ ਅਨੁਸਾਰ ਅੰਬਾਲਾ, ਪੰਚਕੂਲਾ ਅਤੇ ਸੋਨੀਪਤ ਨਗਰ ਨਿਗਮਾਂ ਵਿੱਚ ਮੇਅਰ ਅਤੇ ਸਾਰੀ ਵਾਰਡਾਂ ਦੇ ਪਾਰਸ਼ਦਾਂ ਦੇ ਚੋਣ, ਰਿਵਾੜੀ ਨਰਗ ਪਰਿਸ਼ਦ ਵਿੱਚ ਚੇਅਰਮੈਨ ਅਤੇ ਪਾਰਸ਼ਦਾਂ ਦੇ ਚੋਣ ਅਤੇ ਰੋਹਤਕ ਜਿਲ੍ਹਾ ਦੀ ਸਾਂਪਲਾ, ਰਿਵਾੜੀ ਜਿਲ੍ਹਾ ਦੀ ਧਾਰੂਹੇੜਾ ਅਤੇ ਹਿਸਾਰ ਜਿਲ੍ਹਾ ਦੀ ਉਕਲਾਨਾ ਨਗਰ ਪਾਲਿਕਾਵਾਂ ਵਿੱਚ ਚੇਅਰਮੈਨ ਅਤੇ ਪਾਰਸ਼ਦਾਂ ਦੇ ਚੋਣ ਲਈ 10 ਮਈ ਨੂੰ ਚੋਣ ਹੋਵੇਗਾ।

ਇਸ ਤੋਂ ਇਲਾਵਾ ਛੇ ਖਾਲੀ ਵਾਰਡਾਂ ਵਿੱਚ ਜਿਮਨੀ ਚੋਣ ਵੀ ਆਯੋਜਿਤ ਕੀਤੇ ਜਾਣਗੇ। ਇੰਨ੍ਹਾਂ ਵਿੱਚ ਨਗਰ ਪਰਿਸ਼ਦ ਟੋਹਾਨਾ (ਫਤਿਹਾਬਾਦ) ਦਾ ਵਾਰਡ ਗਿਣਤੀ 17, ਨਗਰ ਪਰਿਸ਼ਦ ਝੱਜਰ ਦਾ ਵਾਰਡ ਗਿਣਤੀ 13, ਨਗਰ ਪਾਲਿਕਾ ਰਾਜੌਂਦ (ਕੈਥਲ) ਦਾ ਵਾਰਡ ਗਿਣਤੀ 11, ਨਗਰ ਪਾਲਿਕਾ ਤਰਾਵੜੀ (ਕਰਨਾਲ) ਦਾ ਵਾਰਡ ਗਿਣਤੀ 08, ਨਗਰ ਪਾਲਿਕਾ ਕਨੀਨਾ (ਮਹੇਂਦਰਗੜ੍ਹ) ਦਾ ਵਾਰਡ ਗਿਣਤੀ 14 ਅਤੇ ਨਗਰ ਪਾਲਿਕਾ ਸਢੌਰਾ (ਯਮੁਨਾਨਗਰ) ਦਾ ਵਾਰਡ ਗਿਣਤੀ 09 ਸ਼ਾਮਿਲ ਹੈ।

ਜਨ ਪ੍ਰਤੀਨਿਧੀਤਵ ਐਕਟ, 1951 ਦੀ ਧਾਰਾ 135 ਬੀ ਦੇ ਤਹਿਤ ਰਾਜ ਸਰਕਾਰ ਦੇ ਉਨ੍ਹਾਂ ਕਰਮਚਾਰੀਆਂ ਜੋ ਉਪਰੋਕਤ ਖੇਤਰਾਂ ਦੇ ਰਜਿਸਟਰਡ ਵੋਟਰ ਹਨ, ਦੇ ਲਈ ਹਰਿਆਣਾ ਸਰਕਾਰ ਦੇ ਸਾਰੇ ਦਫਤਰਾਂ, ਬੋਰਡਾਂ, ਨਿਗਮਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਵੇਤਨ ਸਮੇਤ ਛੁੱਟੀ ਰਹੇਗੀ, ਤਾਂ ਜੋ ਉਹ ਵੋਟ ਕਰ ਸਕਣ।

ਇਸ ਦੇ ਨਾਲ ਹੀ ਹਰਿਆਣਾ ਵਿੱਚ ਸਥਿਤ ਕਾਰਖਾਨਿਆਂ, ਦੁਕਾਨਾਂ ਅਤੇ ਨਿਜੀ ਪ੍ਰਤਿਸ਼ਠਾਨਾ ਵਿੱਚ ਕੰਮ ਕਰ ਰਹੇ ਅਜਿਹੇ ਕਰਮਚਾਰੀ/ਮਜਦੂਰ ਜੋ ਉਕਤ ਖੇਤਰਾਂ ਦੇ ਰਜਿਸਟਰਡ ਵੋਟਰ ਹਨ, ਉਨ੍ਹਾਂ ਨੂੰ ਵੀ ਵੋਟ ਕਰਨ ਲਈ ਵੇਤਨ ਸਮੇਤ ਛੁੱਟੀ ਪ੍ਰਦਾਨ ਕੀਤੀ ਜਾਵੇਗੀ।

# ਇੰਟਰਨੈਸ਼ਨਲ ਯੋਗ ਦਿਵਸ 2026 ਦੀਆਂ ਤਿਆਰੀਆਂ ਦੇ ਤਹਿਤ ਗ੍ਰਿੱਡ (ਜੀਆਰਆਈਆਈਡੀ ਵਿੱਚ ਸਟਾਫ਼ ਹਿਤ ਯੋਗ ਸੈਸ਼ਨ ਆਯੋਜਿਤ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਵਰਨਮੈਂਟ ਰਿਹੈਬਿਲਿਟੇਸ਼ਨ ਇੰਸਟੀਟਿਊਟ ਫੌਰ ਇੰਟਲੈਕਚੁਅਲ ਡਿਸਏਬਿਲਿਟੀਜ਼ (ਗ੍ਰਿੱਡ/ਜੀਆਰਆਈਆਈਡੀ/GRIID) ਸੈਕਟਰ 31, ਚੰਡੀਗੜ੍ਹ ਨੇ ਇੰਟਰਨੈਸ਼ਨਲ ਯੋਗ ਦਿਵਸ 2026 ਦੀਆਂ ਤਿਆਰੀਆਂ ਦੇ ਤਹਿਤ ਚਲ ਰਹੇ ਪੰਜ ਦਿਨਾਂ ਦੇ ਪ੍ਰੋਗਰਾਮ ਦੇ ਚੌਥੇ ਦਿਨ ਆਪਣੇ ਸਟਾਫ਼ ਮੈਂਬਰਾਂ ਲਈ ਵਿਸ਼ੇਸ਼ ਕੌਮਨ ਯੋਗ ਪ੍ਰੋਟੋਕੋਲ ਟ੍ਰੇਨਿੰਗ ਸੈਸ਼ਨ ਆਯੋਜਿਤ ਕੀਤਾ। ਇਹ ਪ੍ਰੋਗਰਾਮ ਹਰਿਆਣਾ ਯੋਗ ਆਯੋਗ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ।

ਚਾਰ (4) ਤੋਂ 8 ਮਈ ਤੱਕ ਆਯੋਜਿਤ ਕੀਤੇ ਜਾ ਰਹੇ ਇਸ ਟ੍ਰੇਨਿੰਗ ਪ੍ਰੋਗਰਾਮ ਦਾ ਉਦੇਸ਼ ਵਿਸ਼ੇਸ਼ ਸਿੱਖਿਆ ਨਾਲ ਜੁੜੇ ਪੇਸ਼ੇਵਰਾਂ ਦੇ ਦਰਮਿਆਨ ਸੰਪੂਰਨ ਸਿਹਤ, ਤਣਾਅ ਪ੍ਰਬੰਧਨ ਅਤੇ ਮਾਨਸਿਕ ਕਲਿਆਣ ਨੂੰ ਹੁਲਾਰਾ ਦੇਣਾ ਹੈ। ਸੈਸ਼ਨ ਵਿੱਚ ਲਗਭਗ 50 ਸਟਾਫ਼ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਸੈਸ਼ਨ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਦੇ ਬਾਅਦ ਵਾਰਮ-ਅੱਪ ਅਭਿਆਸ, ਯੋਗ ਆਸਣ, ਪ੍ਰਾਣਾਯਾਮ, ਧਿਆਨ ਕਰਵਾਇਆ ਗਿਆ ਅਤੇ ਸਮਾਪਨ ਸ਼ਾਂਤੀ ਪਾਠ ਨਾਲ ਹੋਇਆ। ਗਤੀਵਿਧੀਆਂ ਦਾ ਉਦੇਸ਼ ਰੋਜ਼ਾਨਾ ਪੇਸ਼ੇਵਰ ਜੀਵਨ ਵਿੱਚ ਸਰੀਰਕ ਤੰਦਰੁਸਤੀ, ਮਾਨਸਿਕ ਸ਼ਾਂਤੀ ਅਤੇ ਭਾਵਨਾਤਮਕ ਸੰਤੁਲਨ ਨੂੰ ਹੁਲਾਰਾ ਦੇਣਾ ਰਿਹਾ। ਸੈਸ਼ਨਾਂ ਦਾ ਸੰਚਾਲਨ ਯੋਗ ਥੈਰੇਪਿਸਟ ਸੁਸ਼੍ਰੀ ਮਨੀਸ਼ਾ ਸ਼ਰਮਾ ਅਤੇ ਹਰਿਆਣਾ ਯੋਗ ਆਯੋਗ ਦੇ ਡਾ. ਜਸਪ੍ਰੀਤ ਕੌਰ ਦੇ ਮਾਰਗਦਰਸ਼ਨ ਵਿੱਚ ਕੀਤਾ ਜਾ ਰਿਹਾ ਹੈ।



ਇਹ ਪ੍ਰੋਗਰਾਮ ਡਾ. ਅਜੀਤ ਸਿਡਾਨਾ ਅਤੇ ਡਾ. ਜੈਦੀਪ ਆਰੀਆ ਦੇ ਮਾਰਗਦਰਸ਼ਨ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਅਵਸਰ @ਤੇ ਸ਼੍ਰੀ ਅਨਿਲ ਕੁਮਾਰ, ਡਾ. ਐਮ. ਕਰੁੱਪਾਸਾਮੀ, ਡਾ. ਰੀਨਾ ਜੈਨ, ਸ਼੍ਰੀ ਵਿਸ਼ਾਲ ਸਭਰਵਾਲ, ਸ਼੍ਰੀ ਸੰਦੀਪ ਸ਼ਰਮਾ, ਸ਼੍ਰੀ ਸ਼ਸ਼ੀ ਸਿਨਹਾ ਅਤੇ ਸ਼੍ਰੀਮਤੀ ਸਨੇਹ ਲਤਾ ਉਪਸਥਿਤ ਰਹੇ।

ਪ੍ਰਤੀਭਾਗੀਆਂ ਨੂੰ ਸੰਬੋਧਨ ਕਰਦੇ ਹੋਏ ਗਵਰਨਮੈਂਟ ਰਿਹੈਬਿਲਿਟੇਸ਼ਨ ਇੰਸਟੀਟਿਊਟ ਫੌਰ ਇੰਟਲੈਕਚੁਅਲ ਡਿਸਏਬਿਲਿਟੀਜ਼ (ਗ੍ਰਿੱਡ/ਜੀਆਰਆਈਆਈਡੀ/GRIID) ਦੇ ਜੁਆਇੰਟ ਡਾਇਰੈਕਟਰ ਡਾ. ਅਜੀਤ ਸਿਡਾਨਾ ਨੇ ਕੰਮ ਵਾਲੀ ਥਾਂ ਦੇ ਤਣਾਅ ਨੂੰ ਘਟਾਉਣ ਅਤੇ ਮਾਨਸਿਕ ਦ੍ਰਿੜ੍ਹਤਾ ਵਧਾਉਣ ਵਿੱਚ ਯੋਗ ਦੀ ਭੂਮਿਕਾ @ਤੇ ਪ੍ਰਕਾਸ਼ ਪਾਇਆ। ਸ਼੍ਰੀ ਸੰਦੀਪ ਸ਼ਰਮਾ ਨੇ ਵਿਸ਼ੇਸ਼ ਸਿੱਖਿਆ ਪੇਸ਼ੇਵਰਾਂ ਲਈ ਯੋਗ ਦੇ ਮਹੱਤਵ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਨਿਯਮਿਤ ਯੋਗ ਅਭਿਆਸ ਧੀਰਜ, ਸੰਵੇਦਨਸ਼ੀਲਤਾ ਅਤੇ ਭਾਵਨਾਤਮਕ ਸੰਤੁਲਨ ਵਿਕਸਿਤ ਕਰਨ ਵਿੱਚ ਸਹਾਇਕ ਹੈ। ਡਾ. ਐਮ. ਕਰੁੱਪਾਸਾਮੀ ਨੇ ਵੀ ਯੋਗ ਨੂੰ ਇਕਾਗਰਤਾ, ਮਾਇੰਡਫੁਲਨੈੱਸ ਅਤੇ ਤਣਾਅ ਪ੍ਰਬੰਧਨ ਲਈ ਉਪਯੋਗੀ ਦੱਸਿਆ।

ਪ੍ਰੋਗਰਾਮ ਦੇ ਸਫ਼ਲ ਆਯੋਜਨ ਵਿੱਚ ਸੁਸ਼੍ਰੀ ਆਸ਼ਿਮਾ ਸ਼ਰਮਾ, ਸ਼੍ਰੀ ਰੋਮੀ ਕੁਮਾਰ, ਸੁਸ਼੍ਰੀ ਕਮਲਦੀਪ ਕੌਰ, ਸੁਸ਼੍ਰੀ ਰੀਨਾ ਰਾਣੀ, ਸੁਸ਼੍ਰੀ ਪ੍ਰਿਯੰਕਾ ਸੈਣੀ, ਸੁਸ਼੍ਰੀ ਮੋਨਿਕਾ ਭੰਡਾਰੀ ਅਤੇ ਸੁਸ਼੍ਰੀ ਮੀਨੂ ਦੇਵੀ ਨੇ ਸਹਿਯੋਗ ਪ੍ਰਦਾਨ ਕੀਤਾ।

ਗਵਰਨਮੈਂਟ ਰਿਹੈਬਿਲਿਟੇਸ਼ਨ ਇੰਸਟੀਟਿਊਟ ਫੌਰ ਇੰਟਲੈਕਚੁਅਲ ਡਿਸਏਬਿਲਿਟੀਜ਼ (ਗ੍ਰਿੱਡ/ਜੀਆਰਆਈਆਈਡੀ/GRIID) ਅਜਿਹੀਆਂ ਪਹਿਲਾਂ ਦੇ ਜ਼ਰੀਏ ਤੰਦਰੁਸਤ ਅਤੇ ਸੰਤੁਲਿਤ ਕਾਰਜ ਵਾਤਾਵਰਣ ਨੂੰ ਹੁਲਾਰਾ ਦੇਣ ਅਤੇ ਯੋਗ ਨੂੰ ਜੀਵਨਸ਼ੈਲੀ ਦੇ ਰੂਪ ਵਿੱਚ ਅਪਣਾਉਣ ਦੇ ਪ੍ਰਤੀ ਆਪਣੀ ਪ੍ਰਤੀਬੱਧਤਾ ਨਿਰੰਤਰ ਪ੍ਰਦਰਸ਼ਿਤ ਕਰ ਰਿਹਾ ਹੈ।

# ਮੁੱਖ ਮੰਤਰੀ ਵੱਲੋਂ ਬੇਅਦਬੀ ਦੇ ਗੁਨਾਹਗਾਰ ਅਕਾਲੀਆਂ ਦੇ ਸਮਾਜਿਕ ਬਾਈਕਾਟ ਦਾ ਸੱਦ

**ਜ਼ੀਰਾ/ਤਲਵੰਡੀ ਭਾਈ, 9 ਮਈ**
**--ਕੌਮੀ ਪੱਤ੍ਰਿਕਾ ਬਿਊਰੋ-**



ਸ਼ੁਕਰਾਨਾ ਯਾਤਰਾ ਦੌਰਾਨ ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਸ਼ਾਇਦ ਕਦੇ ਵੀ ਸੱਤਾ ਵਿੱਚ ਦੁਬਾਰਾ ਨਹੀਂ ਆਵੇਗਾ, ਪਰ ਉਹ ਸਮਾਂ ਜ਼ਰੂਰ ਆਵੇਗਾ ਜਦੋਂ ਉਹ ਅਤੇ ਮਜੀਠੀਆ, ਦੋਵੇਂ ਸਲਾਖਾਂ ਪਿੱਛੇ ਹੋਣਗੇ। ਉਨ੍ਹਾਂ ਕਿਹਾ ਕਿ ਲੋਕਾਂ @ਤੇ ਜ਼ੁਲਮ ਢਾਹੁਣ ਤੋਂ ਬਾਅਦ ਵੀ ਉਹ ਬੇਸ਼ਰਮੀ ਨਾਲ ਰੈਲੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਵਿੱਚ ਕੁਝ ਠੀਕ ਨਹੀਂ ਚੱਲ ਰਿਹਾ ਕਿਉਂਕਿ ਉਹ ਇੱਕ-ਦੂਜੇ ਨਾਲ ਗੱਲ ਨਹੀਂ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਨੂੰਨ ਲਾਗੂ ਹੋਣ ਤੋਂ ਬਾਅਦ ਸੁਖਬੀਰ ਦੇਸ਼ ਛੱਡ ਗਿਆ ਹੈ ਅਤੇ ਵਿਦੇਸ਼ ਬੈਠ ਕੇ ਉਹ ਵਕੀਲਾਂ ਨਾਲ ਸਲਾਹ-ਮਸ਼ਵਰਾ ਕਰਦਾ ਰਿਹਾ ਕਿ ਉਸ ਨੂੰ ਵਾਪਸ ਆਉਣਾ ਚਾਹੀਦਾ ਹੈ ਜਾਂ ਨਹੀਂ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਦਿਲ ਪਰਮਾਤਮਾ ਦਾ ਰਿਣੀ ਹੈ ਜਿਸ ਨੇ ਉਸ ਨੂੰ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026 ਲਾਗੂ ਕਰਕੇ ਮਨੁੱਖਤਾ ਦੀ ਸੇਵਾ ਦਾ ਸੁਭਾਗ ਬਖਸ਼ਿਆ, ਜਿਸ ਵਿੱਚ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਜਾਣ ਅਤੇ ਲੋਕਾਂ ਨੂੰ ਜਾਗਰੂਕ ਕਰਨ ਕਿ ਹੁਣ ਜੋ ਵੀ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਪਾਇਆ ਜਾਵੇਗਾ, ਉਸ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਇਸ ਅਪਰਾਧ ਲਈ ਸਜ਼ਾ ਦਿੱਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਸ਼ਾਸਕਾਂ ਦਾ ਨਾ ਤਾਂ ਇਸ ਬੇਅਦਬੀ ਨੂੰ ਰੋਕਣ ਲਈ ਕਾਨੂੰਨ ਬਣਾਉਣ ਦਾ ਇਰਾਦਾ ਸੀ ਅਤੇ ਨਾ ਹੀ ਇੱਛਾ ਸੀ ਜਿਸ ਕਾਰਨ ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਮੰਦਭਾਗੀ ਘਟਨਾ ਵਾਪਰੀਹਾਲਾਂਕਿ, ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੁਆਰਾ ਪਾਸ ਕੀਤਾ ਗਿਆ ਕਾਨੂੰਨ ਬੇਅਦਬੀ ਨੂੰ ਰੋਕੇਗਾ ਕਿਉਂਕਿ ਕੋਈ ਵੀ ਇਸ ਨਾ-ਮੁਆਫੀਯੋਗ ਅਪਰਾਧ ਵਿੱਚ ਸ਼ਾਮਲ ਹੋਣ ਦੀ ਹਿੰਮਤ ਨਹੀਂ ਕਰੇਗਾ। ਅਕਾਲੀਆਂ ਉਤੇ ਵਰ੍ਹਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਭਰ ਵਿੱਚ ਬੇਅਦਬੀ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਣ ਤੋਂ ਬਾਅਦ ਨਿਰਦੋਸ਼ ਲੋਕਾਂ @ਤੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਹ ਸੇਵਾ ਸੌਂਪੀ ਹੈ ਜਿਸ ਤੋਂ ਬਾਅਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ਼ੁਕਰਾਨਾ ਯਾਤਰਾ ਸ਼ੁਰੂ ਕੀਤੀ, ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਕੱਲ੍ਹ ਉਹ ਦਮਦਮਾ ਸਾਹਿਬ ਵਿਖੇ ਮੱਥਾ ਟੇਕਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਲਈ ਕੰਮ ਕਰ ਰਹੀ ਹੈ ਅਤੇ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ, 65,000 ਤੋਂ ਵੱਧ ਨੌਜਵਾਨਾਂ ਨੂੰ ਨਿਰੋਲ ਮੈਰਿਟ ਦੇ ਆਧਾਰ ਉਤੇ ਨੌਕਰੀਆਂ, ਬਿਹਤਰ ਸੜਕਾਂ, ਟੋਲ ਪਲਾਜ਼ਾ ਬੰਦ ਕਰਨ ਨਾਲ ਲੋਕਾਂ ਦੀ ਰੋਜ਼ਾਨਾ 70 ਲੱਖ ਰੁਪਏ ਦੀ ਬੱਚਤ ਅਤੇ ਬੁਨਿਆਦੀ ਢਾਂਚਾ ਉਸਾਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ- ਜੋ ਕਿ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਪੰਜਾਬ ਦੇ ਹਰੇਕ ਨਿਵਾਸੀ ਪਰਿਵਾਰ ਲਈ 10 ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਪ੍ਰਦਾਨ ਕਰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਹੈ, ਜਿਸ ਨੇ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਂਦੇ ਹੋਏ ਜਨਤਾ @ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹੱਤਵਪੂਰਨ ਯੋਜਨਾ ਤਹਿਤ ਹਰ ਪਰਿਵਾਰ ਮੁਫ਼ਤ ਸਿਹਤ ਸੰਭਾਲ ਸਹੂਲਤਾਂ ਦਾ ਹੱਕਦਾਰ ਹੈ।

# ਸਿਹਤ ਢਾਂਚੇ ਨੂੰ ਮਜਬੂਤ ਬਨਾਉਣ ਲਈ ਲਗਾਤਾਰ ਯਤਨਸ਼ੀਲ : ਆਰਤੀ ਸਿੰਘ ਰਾਓ

**ਚੰਡੀਗੜ੍ਹ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਰਾਜ ਸਰਕਾਰ ਸੂਬੇ ਦੇ ਪੇਂਡੂ ਅਤੇ ਦੂਰ-ਦਰਾਡੇ ਖੇਤਰਾਂ ਵਿੱਚ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੀ ਦਿਸ਼ਾ ਵਿੱਚ ਮੁੱਖ ਮੰਤਰੀ ਵੱਲੋਂ ਨੂੰਹ ਜਿਲ੍ਹਾ ਦੇ ਪਿੰਡ ਖੋਰੀਕਲਾਂ ਅਤੇ ਮਹੇਂਦਰਗੜ੍ਹ ਜਿਲ੍ਹਾ ਦੇ ਪਿੰਡ ਖਾਤੋਦੜਾ ਵਿੱਚ ਦੋ ਨਵੇਂ ਸਿਹਤ ਕੇਂਦਰ ਖੋਲਣ ਦੀ ਸੈਦਾਂਤਿਕ ਮੰਜੂਰੀ ਪ੍ਰਦਾਨ ਕੀਤੀ ਗਈ ਹੈ।

ਸਿਹਤ ਮੰਤਰੀ ਨੇ ਦਸਿਆ ਕਿ ਪਿੰਡ ਖੋਰੀਕਲਾਂ ਵਿੱਚ ਸਬ-ਹੈਲਥ ਸੈਂਟਰ ਅਤੇ ਪਿੰਡ ਖਾਤੋਦੜਾ ਵਿੱਚ ਪ੍ਰਾਥਮਿਕ ਸਿਹਤ ਕੇਂਦਰ (ਪੀਐਚਸੀ) ਸਥਾਪਿਤ ਕੀਤਾ ਜਾਵੇਗਾ।

# ਡਿਪਟੀ ਕਮਿਸ਼ਨਰ ਨੇ ਤਿਆਰੀਆਂ ਦਾ ਲਿਆ ਜਾਇਜ਼ਾ

**ਬਠਿੰਡਾ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਬੇਅਦਬੀ ਵਿਰੋਧੀ ਕਾਨੂੰਨ ਲਾਗੂ ਹੋਣ ਮਗਰੋਂ 6 ਮਈ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ @ਸ਼ੁਕਰਾਨਾ ਯਾਤਰਾ@ ਭਲਕੇ ਪਿੰਡ ਜੀਦਾ ਰਾਹੀਂ ਜ਼ਿਲ੍ਹਾ ਬਠਿੰਡਾ ਵਿੱਚ ਦਾਖਲ ਹੋਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਐੱਸ ਐੱਸ ਪੀ ਬਠਿੰਡਾ ਡਾ ਜਯੋਤੀ ਯਾਦਵ ਦੀ ਹਾਜ਼ਰੀ ਚ ਸਾਂਝੀ ਕੀਤੀ। ਇਸ ਮੌਕੇ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ, ਚੇਅਰਮੈਨ ਨਗਰ ਸੁਧਾਰ ਟਰਸਟ ਸ. ਜਤਿੰਦਰ ਸਿੰਘ ਭੱਲਾ ਆਦਿ ਮੌਜੂਦ ਸਨ। ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਵੱਲੋਂ @ਸ਼ੁਕਰਾਨਾ ਯਾਤਰਾ@ ਸਬੰਧੀ ਜੀਦਾ, ਗੋਨਿਆਨਾ ਅਤੇ ਬਠਿੰਡਾ ਵਿਖੇ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਤਾਂ ਜੋ ਕਿਸੇ ਪੱਖੋਂ ਕੋਈ ਦਿੱਕਤ ਪੇਸ਼ ਨਾ ਆਵੇਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ੁਕਰਾਨਾ ਯਾਤਰਾ 8 ਮਈ ਨੂੰ ਤਿਨ ਕੋਨੀ ਬਠਿੰਡਾ ਤੋਂ ਲੱਗਭਗ 10 ਵਜੇ ਅਗਲੇ ਪੜਾਅ ਲਈ ਸ਼ੁਰੂ ਹੋਵੇਗੀ।

# ਬੇਅਦਬੀ ਦੇ ਦੋਸ਼ੀ ਹੁਣ ਬਹੁਤਾ ਸਮਾਂ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਨਹੀਂ ਸਕਦੇ; ਸ਼ੁਕਰਾਨਾ ਯਾਤਰਾ ਦੇ ਦੂਜੇ ਦਿਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਆ ਅਹਿਦ

**ਜਲੰਧਰ, 9 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਸ਼ੁਕਰਾਨਾ ਯਾਤਰਾ▼ ਦੇ ਦੂਜੇ ਦਿਨ ਐਲਾਨ ਕੀਤਾ ਕਿ ਪੰਜਾਬ ਵਿੱਚ ਬੇਅਦਬੀ ਕਰਨ ਵਾਲੇ ਹੁਣ ਸਜ਼ਾ ਤੋਂ ਨਹੀਂ ਬਚ ਸਕਣਗੇ। ਉਨ੍ਹਾਂ ਕਿਹਾ ਕਿ ਨਵਾਂ ਬੇਅਦਬੀ ਵਿਰੋਧੀ ਕਾਨੂੰਨ ਅਪਰਾਧੀਆਂ ਲਈ ਐਫ.ਆਈ.ਆਰ., ਉਮਰ ਕੈਦ ਅਤੇ 50 ਲੱਖ ਰੁਪਏ ਤੱਕ ਦੇ ਜੁਰਮਾਨੇ ਤੋਂ ਬਾਅਦ ਜ਼ਮਾਨਤ ਨਾ ਦੇਣ ਦੀ ਵਿਵਸਥਾ ਕਰਦਾ ਹੈ। ਪਿਛਲੀਆਂ ਸਰਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਆਜ਼ਾਦ ਘੁੰਮਣ ਅਤੇ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ▼ ਸਰਕਾਰ ਨੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦੀ ਰਾਖੀ ਅਤੇ ਸੂਬੇ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਦੇਸ਼ ਦਾ ਸਭ ਤੋਂ ਸਖ਼ਤ ਕਾਨੂੰਨ ਬਣਾਇਆ ਹੈ।

ਭਾਜਪਾ ਅਤੇ ਅਕਾਲੀਆਂ ▼ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਕਿ ਸਿਆਸੀ ਲਾਭ ਲਈ ਸਿੱਖਾਂ ਅਤੇ ਹਿੰਦੂਆਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਪੰਜਾਬ ਦੀ ਭਾਈਚਾਰਕ ਸਾਂਝ ਅਤੇ ਏਕਤਾ ਦੀ ਮਜ਼ਬੂਤ ਪਰੰਪਰਾ ਸਾਹਮਣੇ ਅਸਫ਼ਲ ਹੋ ਜਾਣਗੀਆਂ। ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹਾਲ ਹੀ ਵਿੱਚ ਹੋਏ ਬੰਬ ਧਮਾਕਿਆਂ ਨੂੰ ਪੰਜਾਬ ਵਿੱਚ ਭਾਜਪਾ ਦੇ ਰਾਜਨੀਤਿਕ ਦਾਖ਼ਲੇ ਨਾਲ ਜੋੜਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਜਿੱਥੇ ਵੀ ਜਾਂਦੀ ਹੈ, ਚੋਣਾਂ ਤੋਂ ਪਹਿਲਾਂ ਡਰ, ਅਸ਼ਾਂਤੀ ਅਤੇ ਵੰਡੀਆਂ ਪਵਾਉਂਦੀ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਬੇਅਦਬੀ ਵਿਰੋਧੀ ਕਾਨੂੰਨ ਤੋਂ ਬਾਅਦ ਪੰਜਾਬ ਸਰਕਾਰ ਜਲਦੀ ਨਸ਼ਿਆਂ ਵਿਰੁੱਧ ਸਖ਼ਤ ਕਾਨੂੰਨ ਲਿਆਏਗੀ, ਜਿਸ ਤਹਿਤ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ ਅਤੇ ਆਸਾਨ ਜ਼ਮਾਨਤ ਪੂਰੀ ਤਰ੍ਹਾਂ ਬੰਦ ਕੀਤੀ ਜਾਵੇਗੀ।

ਜਲੰਧਰ ਤੋਂ ਸ਼ੁਕਰਾਨਾ ਯਾਤਰਾ ਦੇ ਦੂਜੇ ਦਿਨ ਦੀ ਅਗਵਾਈ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਦਮਪੁਰ ਅਤੇ ਕਰਤਾਰਪੁਰ ਵਿਖੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਕਾਲੀ ਖ਼ੁਦ ਬੇਅਦਬੀ ਵਿੱਚ ਸ਼ਾਮਲ ਸਨ ਅਤੇ ਇਸ ਲਈ ਉਨ੍ਹਾਂ ਕੋਲ ਕਾਨੂੰਨ ਦਾ ਵਿਰੋਧ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ। ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਵੀ ਕਾਨੂੰਨ ਨੂੰ ਮਜ਼ਬੂਤ ਕਰ ਸਕਦੀਆਂ ਸਨ ਪਰ ਉਨ੍ਹਾਂ ਜਾਣ-ਬੁੱਝ ਕੇ ਅਜਿਹਾ ਨਹੀਂ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਲੋਕ ਅਕਾਲੀਆਂ ਨੂੰ ਇਹ ਮੰਨ ਕੇ ਵੋਟ ਪਾਉਂਦੇ ਰਹੇ ਕਿ ਉਹ ਬਾਬਾ ਨਾਨਕ ਦੇ ਆਦਰਸ਼ਾਂ ਦੀ ਨੁਮਾਇੰਦਗੀ ਕਰਦੇ ਹਨ, ਪਰ ਉਨ੍ਹਾਂ ਨੇ ਗੁਰੂਆਂ ਦੀਆਂ ਪਵਿੱਤਰ ਸਿੱਖਿਆਵਾਂ ਦਾ ਨਿਰਾਦਰ ਕੀਤਾ। ਅਕਾਲੀਆਂ ਨੂੰ ਛੱਡ ਕੇ ਪੂਰੀ ਸਿੱਖ ਸੰਗਤ ਇਸ ਬੇਅਦਬੀ ਵਿਰੋਧੀ ਕਾਨੂੰਨ ਦਾ ਸਵਾਗਤ ਕਰ ਰਹੀ ਹੈ।÷

ਯਾਤਰਾ ਦੌਰਾਨ ਲੋਕਾਂ ਵੱਲੋਂ ਦਿੱਤੇ ਗਏ ਅਥਾਹ ਪਿਆਰ ਅਤੇ ਸਨੇਹ ਲਈ ਧੰਨਵਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਬਖ਼ਸ਼ੀ ਹੈ।

ਉਨ੍ਹਾਂ ਅੱਗੇ ਕਿਹਾ, ਪਹਿਲਾਂ ਕੁੱਝ ਦਿਨਾਂ ਬਾਅਦ ਹੀ ਪੰਜਾਬੀਆਂ ਨੂੰ ਬੇਅਦਬੀ ਦੀਆਂ ਦਰਦਨਾਕ ਖ਼ਬਰਾਂ ਸੁਣਨੀਆਂ ਪੈਂਦੀਆਂ ਸਨ ਪਰ ਦੋਸ਼ੀ ਅਕਸਰ ਬਚ ਜਾਂਦੇ ਸਨ ਕਿਉਂਕਿ ਕਾਨੂੰਨ ਕਮਜ਼ੋਰ ਸੀ। ਲੋਕਾਂ ਦੇ ਆਸ਼ੀਰਵਾਦ ਅਤੇ ਪਰਮਾਤਮਾ ਦੀ ਮਿਹਰ ਸਦਕਾ ਸਾਨੂੰ ਇਸ ਕਾਨੂੰਨ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਾਰ-ਵਾਰ ਦਾਅਵਾ ਕਰਦੀਆਂ ਰਹੀਆਂ ਹਨ ਕਿ ਇਹ ਕਾਨੂੰਨ ਕਦੇ ਵੀ ਪਾਸ ਨਹੀਂ ਹੋਵੇਗਾ, ਰਾਸ਼ਟਰਪਤੀ ਕੋਲ ਫਸ ਜਾਵੇਗਾ ਜਾਂ ਰਾਜਪਾਲ ਦੀ ਪ੍ਰਵਾਨਗੀ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਦੇਸ਼ ਦੇ ਸਭ ਤੋਂ ਵਧੀਆ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਾਨੂੰਨ ਸੰਵਿਧਾਨਕ ਤੌਰ ▼ਤੇ ਮਜ਼ਬੂਤ ਅਤੇ ਭਵਿੱਖ ਲਈ ਢੁਕਵਾਂ ਹੋਵੇ। ਉਨ੍ਹਾਂ ਕਿਹਾ, ਹੁਣ ਜੇ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ ਹੈ ਤਾਂ ਐਫ.ਆਈ.ਆਰ. ਤੋਂ ਬਾਅਦ ਕੋਈ ਜ਼ਮਾਨਤ ਨਹੀਂ ਹੋਵੇਗੀ। ਘੱਟੋ-ਘੱਟ ਸਜ਼ਾ 10 ਸਾਲ ਦੀ ਕੈਦ ਹੋਵੇਗੀ ਅਤੇ ਇਹ ਉਮਰ ਕੈਦ ਤੱਕ ਵਧ ਸਕਦੀ ਹੈ। ਨਾਲ ਹੀ 50 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ।

ਭਾਜਪਾ ▼ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਥੇ ਵੀ ਭਾਜਪਾ ਸੱਤਾ ਵਿੱਚ ਆਉਂਦੀ ਹੈ, ਉਹ ਗਰੀਬਾਂ ਅਤੇ ਆਮ ਲੋਕਾਂ ਲਈ ਬਣਾਈਆਂ ਭਲਾਈ ਯੋਜਨਾਵਾਂ ਨੂੰ ਬੰਦ ਕਰ ਦਿੰਦੀ ਹੈ। ਉਨ੍ਹਾਂ ਕਿਹਾ, ਉਨ੍ਹਾਂ ਨੇ ਦਿੱਲੀ ਵਿੱਚ ਮੁਹੱਲਾ ਕਲੀਨਿਕ ਬੰਦ ਕਰ ਦਿੱਤੇ ਅਤੇ ਜੇ ਉਹ ਪੰਜਾਬ ਆਉਂਦੇ ਹਨ ਤਾਂ ਉਹ ਇੱਥੇ ਵੀ ਅਜਿਹਾ ਹੀ ਕਰਨਗੇ।

# ਪੰਜਾਬ ਪੁਲਿਸ ਦੇ 'ਯੁਵਾ ਸਾਂਝ ਪ੍ਰੋਗਰਾਮ' ਨੇ 2358 ਰਾਹ ਤੋਂ ਭਟਕੇ ਨੌਜਵਾਨਾਂ ਦੀ ਆਨਲਾਈਨ ਪਹਿਚਾਣ ਕਰਕੇ ਉਨ੍ਹਾਂ ਨੂੰ ਗੈਂਗਸਟਰਾਂ ਦੇ ਪ੍ਰਭਾਵ ਹੇਠ ਆਉਣ ਤੋਂ ਬਚਾਇਆ



ਚੰਡੀਗੜ੍ਹ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਮਿਊਨਿਟੀ ਪੁਲਿਸਿੰਗ ਨੂੰ ਅਗਲੇ ਪੱਧਰ 'ਤੇ ਲਿਜਾਂਦਿਆਂ ਪੰਜਾਬ ਪੁਲਿਸ ਨੇ ਆਪਣੇ 'ਯੁਵਾ ਸਾਂਝ ਪ੍ਰੋਗਰਾਮ' ਤਹਿਤ ਰਾਹ ਤੋਂ ਭਟਕੇ ਹੋਏ ਨੌਜਵਾਨਾਂ ਤੱਕ ਪਹੁੰਚ ਨੂੰ ਹੋਰ ਤੇਜ਼ ਕੀਤਾ ਹੈ। ਇਹ ਪਹਿਲ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਹੇਠ ਸੰਗਠਿਤ ਅਪਰਾਧ ਦੇ ਖ਼ਿਲਾਫ਼ ਚੱਲ ਰਹੀ ਕਾਰਵਾਈ ਦੇ ਨਾਲ-ਨਾਲ ਇੱਕ ਅਹਿਮ ਭੂਮਿਕਾ ਨਿਭਾ ਰਹੀ ਹੈ। ਜਨਵਰੀ ਤੋਂ ਹੁਣ ਤੱਕ, ਕਮਿਊਨਿਟੀ ਅਫੇਅਰਜ਼ ਡਿਵਿਜ਼ਨ (ਸੀ. ਏ. ਡੀ.) ਦੀ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ, ਗੁਰਪ੍ਰੀਤ ਕੌਰ ਦੇਓ ਦੀ ਅਗਵਾਈ ਹੇਠ ਕਈ ਮੀਟਿੰਗਾਂ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦਾ ਮਕਸਦ ਅਧਿਕਾਰੀਆਂ ਅਤੇ ਸਮੁਦਾਇਕ ਭਾਈਵਾਲਾਂ ਨੂੰ ਪ੍ਰੋਗਰਾਮ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਬਾਰੇ ਜਾਣੂ ਕਰਵਾਉਣਾ ਹੈ।

'ਗੈਂਗਸਟਰਾਂ 'ਤੇ ਵਾਰ' ਦੇ ਨਿਵਾਰਕ ਪੱਖ ਵਜੋਂ ਸਥਾਪਿਤ ਇਹ ਪ੍ਰੋਗਰਾਮ ਨੌਜਵਾਨਾਂ ਨੂੰ ਅੱਤਵਾਦ , ਗਨ ਕਲਚਰ , ਨਸ਼ਾਖੋਰੀ ਅਤੇ ਹੋਰ ਨਕਾਰਾਤਮਕ ਪ੍ਰਭਾਵਾਂ ਤੋਂ ਦੂਰ ਰੱਖਣ ਲਈ ਸਕਾਰਾਤਮਕ ਵਿਕਲਪ ਪ੍ਰਦਾਨ ਕਰਦਾ ਹੈ। ਪਿਛਲੇ ਚਾਰ ਮਹੀਨਿਆਂ ਵਿੱਚ ਪੰਜ ਸੰਵਾਦ ਸੈਸ਼ਨ ਕਰਵਾਏ ਗਏ ਹਨ ਅਤੇ ਅਗਲੇ ਅੱਠ ਮਹੀਨਿਆਂ ਵਿੱਚ ਹੋਰ 11 ਸੈਸ਼ਨ ਕਰਵਾਉਣ ਦੀ ਯੋਜਨਾ ਹੈ ਤਾਂ ਜੋ ਇਸਦੀ ਪਹੁੰਚ ਦਾ ਦਾਇਰਾ ਹੋਰ ਵਧਾਇਆ ਜਾ ਸਕੇ।

ਇਸ ਪਹਿਲ ਤਹਿਤ ਪੰਜਾਬ ਪੁਲਿਸ ਸਮੁਦਾਇਕ ਪੱਧਰ 'ਤੇ ਉਹਨਾਂ ਨੌਜਵਾਨਾਂ ਦੀ ਪਛਾਣ ਕਰਦੀ ਹੈ, ਜੋ ਆਨਲਾਈਨ ਅੱਤਵਾਦ , ਹਿੰਸਾ ਜਾਂ ਗੈਂਗਸਟਰ ਕਲਚਰ ਤੋਂ ਪ੍ਰਭਾਵਿਤ ਹੋ ਸਕਦੇ ਹਨ। ਹੁਣ ਤੱਕ 2,358 ਨੌਜਵਾਨਾਂ ਦੀ ਪਛਾਣ ਸੋਸ਼ਲ ਮੀਡੀਆ ਵਿਸ਼ਲੇਸ਼ਣ ਰਾਹੀਂ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 1519 ਦੀਆਂ ਪ੍ਰੋਫਾਈਲਾਂ ਰਾਜ ਪੱਧਰੀ 'ਯੁਵਾ ਸਾਂਝ ਸਾਫਟਵੇਅਰ' 'ਤੇ ਤਿਆਰ ਕੀਤੀਆਂ ਗਈਆਂ ਹਨ।

ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ ਨੇ ਕਿਹਾ, ਪੰਜਾਬ ਪੁਲਿਸ ਇੱਕ ਸੰਤੁਲਿਤ ਦੋ ਨੁਕਾਤੀ ਰਣਨੀਤੀ 'ਤੇ ਕੰਮ ਕਰ ਰਹੀ ਹੈ—'ਗੈਂਗਸਟਰਾਂ 'ਤੇ ਵਾਰ' ਰਾਹੀਂ ਸਖ਼ਤ ਕਾਰਵਾਈ ਅਤੇ 'ਯੁਵਾ ਸਾਂਝ' ਰਾਹੀਂ ਲਗਾਤਾਰ ਸੰਪਰਕ ਤੇ ਨਿਗਰਾਨੀ । ਮਨੋਵਿਗਿਆਨਕ ਪ੍ਰੋਫਾਈਲਿੰਗ, ਸੰਰਚਿਤ ਕਾਊਂਸਲਿੰਗ ਅਤੇ ਪਰਿਵਾਰ ਦੀ ਭਾਗੀਦਾਰੀ ਇਸ ਪਹਿਲ ਦਾ ਅਧਾਰ ਹਨ। ਜਿਨ੍ਹਾਂ ਮਾਮਲਿਆਂ ਵਿੱਚ ਹੋਰ ਡੂੰਘੀ ਦਖਲ ਦੀ ਲੋੜ ਹੁੰਦੀ ਹੈ, ਉਹਨਾਂ ਨੂੰ ਉਪ-ਮੰਡਲ ਪੱਧਰ ਦੇ ਸਮੁਦਾਇਕ ਕੇਂਦਰਾਂ ਨੂੰ ਭੇਜਿਆ ਜਾਂਦਾ ਹੈ ਤਾਂ ਜੋ ਨਿਰੰਤਰ ਦੇਖਭਾਲ ਯਕੀਨੀ ਬਣਾਈ ਜਾ ਸਕੇ । ਸਾਡਾ ਉਦੇਸ਼ ਸਪੱਸ਼ਟ ਹੈ-ਅਪਰਾਧਿਕ ਨੈੱਟਵਰਕਾਂ ਨੂੰ ਤੋੜਨਾ ਅਤੇ ਨੌਜਵਾਨਾਂ ਨੂੰ ਉਹਨਾਂ ਤੋਂ ਦੂਰ ਰੱਖਣਾ।

ਹੁਣ ਤੱਕ 1490 ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ ਹੈ, ਜਦਕਿ 1,109 ਨੇ ਕਾਊਂਸਲਿੰਗ ਸੈਸ਼ਨਾਂ ਵਿੱਚ ਹਿੱਸਾ ਲਿਆ ਹੈ। ਕੁੱਲ ਮਿਲਾ ਕੇ 1,836 ਨੌਜਵਾਨਾਂ ਦੀ ਜ਼ਿਲ੍ਹਾ ਖੁਫ਼ੀਆ ਇਕਾਈਆਂ ਵੱਲੋਂ ਕਾਊਂਸਲਿੰਗ ਕੀਤੀ ਗਈ ਹੈ, ਜਦਕਿ ਜ਼ਿਲ੍ਹਾ ਟੀਮਾਂ ਵੱਲੋਂ 522 ਹੋਰ ਅਜਿਹੇ ਨੌਜਵਾਨਾਂ ਦੀ ਪਛਾਣ ਕੀਤੀ ਗਈ ਹੈ।

ਜ਼ਮੀਨੀ ਪੱਧਰ 'ਤੇ, ਜ਼ਿਲ੍ਹਾ 'ਯੁਵਾ ਸਾਂਝ' ਕਮੇਟੀਆਂ ਦੀ ਅਗਵਾਈ ਕਮਿਸ਼ਨਰ ਆਫ ਪੁਲਿਸ/ਸੀਨੀਅਰ ਸੁਪਰਿੰਟੈਂਡੈਂਟ ਆਫ ਪੁਲਿਸ ਵੱਲੋਂ ਨਾਮਜ਼ਦ ਸੁਪਰਿੰਟੈਂਡੈਂਟ ਆਫ ਪੁਲਿਸ/ ਡਿਪਟੀ ਕਮਿਸ਼ਨਰ ਆਫ ਪੁਲਿਸ ਰੈਂਕ ਦੇ ਅਧਿਕਾਰੀ ਕਰਦੇ ਹਨ । ਇਹਨਾਂ ਕਮੇਟੀਆਂ ਰਾਹੀਂ ਸਿਵਲ ਸੋਸਾਇਟੀ ਦੇ ਮੈਂਬਰ, ਸੇਵਾਮੁਕਤ ਅਧਿਕਾਰੀ, ਮਨੋਵਿਗਿਆਨੀ, ਐਨਜੀਓ ਅਤੇ ਸਮੁਦਾਇਕ ਨੁਮਾਇੰਦੇ ਇਕੱਠੇ ਹੋ ਕੇ ਪੂਰਨ ਤਾਲਮੇਲ ਵਾਲੀ ਕਾਰਵਾਈ ਨੂੰ ਯਕੀਨੀ ਬਣਾਉਂਦੇ ਹਨ।

ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ ਗੁਰਪ੍ਰੀਤ ਕੌਰ ਦੇਓ ਨੇ ਕਿਹਾ, ਜਿੱਥੇ 'ਗੈਂਗਸਟਰਾਂ 'ਤੇ ਵਾਰ' ਦਾ ਮਕਸਦ ਸੰਗਠਿਤ ਅਪਰਾਧ ਨੂੰ ਖ਼ਤਮ ਕਰਨਾ ਹੈ, ਓਥੇ 'ਯੁਵਾ ਸਾਂਝ' ਦਾ ਮਕਸਦ ਰਾਹ ਤੋਂ ਭਟਕੇ ਨੌਜਵਾਨਾਂ ਦੀ ਸ਼ੁਰੂਆਤੀ ਪਛਾਣ ਕਰਕੇ ਉਹਨਾਂ ਨੂੰ ਸਹੀ ਰਾਹ 'ਤੇ ਲਿਆਉਣਾ ਹੈ। ਅਸੀਂ ਲੋੜ ਮੁਤਾਬਿਕ ਸਖ਼ਤੀ ਜਾਂ ਨਰਮੀ ਨਾਲ ਪੇਸ਼ ਆਉਂਦੇ ਹਾਂ ਤਾਂ ਜੋ ਸਮੇਂ ਸਿਰ ਦਖਲ ਰਾਹੀਂ ਕਿਸੇ ਨੌਜਵਾਨ ਦੀ ਜ਼ਿੰਦਗੀ ਦੀ ਦਿਸ਼ਾ ਬਦਲੀ ਜਾ ਸਕੇ ।

ਮੁੜਵਸੇਬੇ ਦੀ ਵਿਵਸਥਾ ਸੀਪੀ/ ਐੱਸਐੱਸਪੀ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਅਤੇ ਹੋਰ ਭਾਈਵਾਲ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਇਸ ਵਿੱਚ ਹੁਨਰ ਵਿਕਾਸ, ਰੋਜ਼ਗਾਰ ਨਾਲ ਜੋੜਨਾ ਅਤੇ ਲੋੜ ਅਨੁਸਾਰ ਵਿੱਤੀ ਸਹਾਇਤਾ ਸ਼ਾਮਲ ਹੈ ਤਾਂ ਜੋ ਨੌਜਵਾਨਾਂ ਨੂੰ ਨਕਾਰਾਤਮਕ ਪ੍ਰਭਾਵਾਂ ਤੋਂ ਦੂਰ ਰੱਖ ਕੇ ਸਥਿਰ ਅਤੇ ਖੁਸ਼ਹਾਲ ਜੀਵਨ ਵੱਲ ਪ੍ਰੇਰਿਤ ਕੀਤਾ ਜਾ ਸਕੇ।

ਫਾਜ਼ਿਲਕਾ ਦੇ ਐੱਸਐੱਸਪੀ ਗੁਰਮੀਤ ਸਿੰਘ ਨੇ ਕਿਹਾ, ਇਸ ਪਹਿਲ ਨੇ ਨਾ ਸਿਰਫ਼ ਜ਼ਮੀਨੀ ਪੱਧਰ 'ਤੇ ਅਪਰਾਧ ਦਰ ਘਟਾਉਣ ਵਿੱਚ ਮਦਦ ਕੀਤੀ ਹੈ, ਸਗੋਂ ਰਾਜ ਦੇ ਨੌਜਵਾਨਾਂ ਨੂੰ ਅਸਮਾਜਿਕ ਤੱਤਾਂ ਦਾ ਸਾਥ ਦੇਣ ਤੋਂ ਵੀ ਰੋਕਿਆ ਹੈ।

ਇਹ ਦੇਸ਼ ਵਿੱਚ ਕਿਸੇ ਵੀ ਰਾਜ ਪੁਲਿਸ ਵੱਲੋਂ ਸ਼ੁਰੂ ਕੀਤੀ ਗਈ ਆਪਣੀ ਕਿਸਮ ਦੀ ਨਵੇਕਲੀ ਪਹਿਲ ਹੋ ਸਕਦੀ ਹੈ। ਪੰਜਾਬ ਪੁਲਿਸ ਨੇ ਨੌਜਵਾਨਾਂ ਨੂੰ ਆਪਣੇ ਭਰਮ -ਭੁਲੇਖੇ ਦੂਰ ਕਰਨ ਅਤੇ ਹਕੀਕਤ ਨਾਲ ਰੂਬਰੂ ਹੋਣ ਲਈ ਇੱਕ ਵੱਡਾ ਮੰਚ ਪ੍ਰਦਾਨ ਕੀਤਾ ਹੈ।

ਉਹਨਾਂ ਅੱਗੇ ਕਿਹਾ, ਸਾਡੇ ਜ਼ਿਲ੍ਹੇ ਵਿੱਚ ਹੀ ਅਸੀਂ ਕਾਨੂੰਨ ਦੀ ਪਾਲਣਾ ਕਰਨ ਵਾਲੇ ਨੌਜਵਾਨਾਂ ਦਾ ਇੱਕ ਮਜ਼ਬੂਤ ਸਮੂਹ ਤਿਆਰ ਕੀਤਾ ਹੈ, ਜੋ ਰਾਜ ਦੀ ਤਾਕਤ ਨੂੰ ਹੋਰ ਮਜ਼ਬੂਤ ਕਰਦਾ ਹੈ।

# ਪੰਜਾਬ ਵਿੱਚ ਜਲਦੀ ਬਣੇਗੀ ਭਾਜਪਾ ਦੀ ਸਰਕਾਰ: ਜੈ ਇੰਦਰ ਕੌਰ

## ਭਾਜਪਾ ਪੰਜਾਬ ਲੋਕਲ ਬਾਡੀ ਸੈੱਲ ਨੇ ਤਿੰਨ ਰਾਜਾਂ ਵਿੱਚ ਬੀਜੇਪੀ ਦੀ ਜਿੱਤ ਦਾ ਮਨਾਇਆ ਜਸ਼ਨ ਅਤੇ ਵੰਡੇ ਲੱਡੂ



ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਲੋਕਲ ਬਾਡੀ ਸੈੱਲ ਦੇ ਪ੍ਰਧਾਨ ਕੇ.ਕੇ. ਮਲਹੋਤਰਾ ਦੀ ਰਹਿਨੁਮਾਈ ਅਤੇ ਇੰਦਰਾਣੀ ਸ਼ੁਕਲਾ ਦੀ ਪ੍ਰਧਾਨਗੀ ਹੇਠ ਪ੍ਰਤਾਪ ਨਗਰ ਵਿੱਚ ਜ਼ਿਲ੍ਹਾ ਸੈੱਲ ਦੇ ਸਾਰੇ ਹੀ ਮੈਂਬਰ ਵੱਲੋਂ ਭਾਜਪਾ ਨੂੰ ਬੰਗਾਲ, ਪੌਂਡੀਚੇਰੀ ਅਤੇ ਅਸਾਮ ਵਿੱਚ ਮਿਲੀ ਜਿੱਤ ਦਾ ਜਸ਼ਨ ਮਨਾਇਆ ਗਿਆ। ਇਸ ਮੌਕੇ 'ਤੇ ਮੈਂਬਰਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।

ਇਸ ਮੌਕੇ ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਬੀਬਾ ਜੈ ਇੰਦਰ ਕੌਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਨ੍ਹਾਂ ਨੇ ਮੌਕੇ ਤੇ ਹਾਜ਼ਰ ਸਾਰੇ ਹੀ ਮੈਂਬਰਾਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਤੇ ਇਹ ਇਤਿਹਾਸਿਕ ਜਿੱਤ ਇਸ ਗੱਲ ਦਾ ਪ੍ਰਤੀਕ ਹੈ, ਕਿ ਜਲਦ ਹੀ ਪੰਜਾਬ ਵਿੱਚ ਵੀ ਭਾਜਪਾ ਦੀ ਸਥਾਈ ਸਰਕਾਰ ਬਣੇਗੀ।

ਇਸ ਮੌਕੇ 'ਤੇ ਵਿਜੈ ਕੁਮਾਰ ਕੁਕਾ ਜਿਲ੍ਹਾ ਪ੍ਰਧਾਨ, ਸੰਜੀਵ ਸ਼ਰਮਾ ਮਹਾਂਮੰਤਰੀ , ਨਿਖਿਲ ਬਾਤਿਸ਼, ਸੰਦੀਪ ਯਾਦਵ, ਰਜਨੀ ਸ਼ਰਮਾ (ਤਿੰਨੇ ਮੰਡਲ ਪ੍ਰਧਾਨ), ਵਰਿੰਦਰ ਬੱਤਰਾ, ਪ੍ਰੇਮ ਸ਼ਰਮਾ (ਜ਼ਿਲ੍ਹਾ ਉਪ-ਪ੍ਰਧਾਨ, ਕਮਲੇਸ਼ ਮਲਹੋਤਰਾ, ਪੁਸ਼ਪੇਂਦਰ ਸੇਠ, ਸ਼ੰਭੂ ਮੰਡਲ, ਇੰਦੂ ਰਾਣਾ, ਰਮਨ ਸ਼ਰਮਾ, ਰਾਮਕਿਸ਼ਨ, ਗਾਇਤਰੀ ਮੰਡਲ, ਅਰਚਨਾ, ਪੂਜਾ, ਪਿੰਕੀ ਯਾਦਵ, ਨੇਹਾ, ਮਾਲਤੀ, ਅਨੀਤਾ, ਮਨਜੀਤ, ਵਿਜੈਲਕਸ਼ਮੀ, ਨਿਰਮਲਾ ਭਾਰਦਵਾਜ, ਉਸ਼ਾ ਸਿੰਘ, ਸੀਮਾ, ਪੂਨਮ ਦੁਬੇ, ਪ੍ਰੇਮਲਤਾ, ਕੋਮਲ, ਬਿਮਲਾ, ਮੋਨਿਕਾ ਰਾਣੀ, ਰੇਨੂ, ਹਰਿਸ਼ ਕੁਮਾਰ, ਰੇਚਲ, ਸੁਖਵਿੰਦਰ ਕੌਰ, ਵਿਨੀਤਾ, ਸਰੋਜ, ਅਵਤਾਰ ਕੌਰ, ਸਤਨਾਮ ਕੌਰ, ਪਰਮਜੀਤ ਕੌਰ, ਮਦਨ ਲਾਲ, ਹਰਿਸ਼ ਕੁਮਾਰ ਅਤੇ ਰਵਿਕਾਂਤ ਸ਼ਰਮਾ ਮੌਜੂਦ ਰਹੇ।

# ਸ਼ਿਵ ਸੈਨਾ (ਬਾਲ ਠਾਕਰੇ) ਵੱਲੋਂ ਕੀਤੀਆਂ ਗਈਆਂ ਮਹੱਤਵਪੂਰਨ ਨਿਯੁਕਤੀਆਂ



ਮਾਛੀਵਾੜਾ ਸਾਹਿਬ, 9 ਮਈ
-ਸਤੀਸ਼ ਕੁਮਾਰ-
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਬਾਲ ਠਾਕਰੇ ਦੀ ਇੱਕ ਮਹੱਤਵਪੂਰਨ ਮੀਟਿੰਗ ਵਾਰਡ ਨੰਬਰ 15, ਇੰਦਰਾ ਕਲੋਨੀ ਵਿਖੇ ਪੰਜਾਬ ਦੇ ਬੁਲਾਰੇ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੰਜਾਬ ਰਾਜ ਮੁਖੀ ਯੋਗ ਰਾਜ ਸ਼ਰਮਾ ਆਪਣੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ । ਜਿਸ ਵਿੱਚ ਜਨਰਲ ਸਕੱਤਰ ਰੁਤੇਸ਼,ਸਕੱਤਰ ਨਰਿੰਦਰ ਰਾਠੌਰ ਅਤੇ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਨਿਤਿਨ ਦੇ ਨਾਲ-ਨਾਲ ਨੀਰਜ ਗੁਪਤਾ, ਵਰੁਣ ਖੰਨਾ, ਪੀਯੂਸ਼ ਜੋਸ਼ੀ, ਨਿਤੀਸ਼ ਅਤੇ ਹੋਰ ਸ਼ਾਮਲ ਸਨ। ਮੋਰਿੰਡਾ ਦੇ ਉੱਚੀ ਘਾਟੀ ਦੇ ਮਹਿਕ ਮਹੰਤ ਨੇ ਇਸ ਮੀਟਿੰਗ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਕਾਰਵਾਈ ਦੌਰਾਨ ਆਰਜ਼ੂ ਕਰੂ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਪਾਲਾ ਨੂੰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੇ ਨਾਲ ਆਏ 31 ਮੈਂਬਰਾਂ ਨੂੰ ਭਗਵਾ ਸਕਾਰਫ਼ ਅਤੇ ਫੁੱਲਾਂ ਨਾਲ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਪੰਜਾਬ ਸੂਬਾ ਪ੍ਰਧਾਨ ਯੋਗ ਰਾਜ ਸ਼ਰਮਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ÷ਜਾਤ-ਪਾਤ ਦੀਆਂ ਜ਼ੰਜੀਰਾਂ ਤੋੜੋ ਸ਼ਿਵ ਸੈਨਾ ਨਾਲ ਇੱਕ ਸਾਂਝ ਬਣਾਓ÷ ਦੇ ਨਾਅਰੇ ਨਾਲ ਸੰਬੋਧਨ ਕੀਤਾ। ਇਸ ਸਮਾਗਮ ਵਿੱਚ ਬੋਲਦਿਆਂ ਯੋਗ ਰਾਜ ਸ਼ਰਮਾ ਨੇ ਪੰਜਾਬ ਦੇ ਨੌਜਵਾਨਾਂ ਨੂੰ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮੀ ਅਤੇ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਪੰਜਾਬ ਵਿੱਚ ਨਸ਼ਿਆਂ ਦੇ ਵਧ ਰਹੇ ਖ਼ਤਰੇ ਵਿਰੁੱਧ ਉੱਠਣ ਅਤੇ ਇੱਕਜੁੱਟ ਹੋਣ ਦਾ ਸੱਦਾ ਵੀ ਦਿੱਤਾ। ਇਸ ਮੌਕੇ 'ਤੇ ਮੌਜੂਦ ਹੋਰ ਪਤਵੰਤਿਆਂ ਵਿੱਚ ਜ਼ਿਲ੍ਹਾ ਪ੍ਰਧਾਨ ਕਰਨ ਗੁਪਤਾ, ਸਿਆਲੂ ਸਾਈਂ, ਮੇਵਾ ਸਿੰਘ, ਬਾਲਮ, ਟੋਨੀ, ਸ਼ਾਕਾ, ਸੁਭਾਸ਼, ਕਾਲਾ, ਸੰਜੇ, ਕਾਸ਼ ਅਤੇ ਹੋਰ ਸ਼ਾਮਲ ਸਨ। ਸਮਾਗਮ ਦੇ ਅੰਤ ਵਿੱਚ, ਪ੍ਰਧਾਨ ਯੋਗ ਰਾਜ ਸ਼ਰਮਾ ਅਤੇ ਉਨ੍ਹਾਂ ਦੀ ਪੂਰੀ ਟੀਮ ਨੇ ਨਵ-ਨਿਯੁਕਤ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ।

# ਮੇਅਰ ਨੇ ਪੁਰਾਣੇ ਬੱਸ ਸਟੈਂਡ ਨੇੜੇ ਭਗਵਾਨ ਸਵਰੂਪ ਗੋਇਲ ਪਾਰਕ ਵਿੱਚ ਰੋਸ਼ਨੀ ਦਾ ਪ੍ਰਬੰਧ ਕੀਤਾ



ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭ;ਰਤ ਵਿਕਾਸ ਪ੍ਰੀਸ਼ਦ ਇੱਕ ਸਮਾਜ ਸੇਵੀ ਸੰਸਥਾ ਹੈ ਜੋ ਸਮਾਜਿਕ ਕਾਰਜਾਂ ਦਾ ਲਗਾਤਾਰ ਸਮਰਥਨ ਕਰਦੀ ਹੈ। ਨਗਰ ਨਿਗਮ ਪਟਿਆਲਾ ਵੱਲੋਂ ਕੌਂਸਲ ਦੀ ਭਗਤ ਸਿੰਘ ਸ਼ਾਖਾ ਨੂੰ ਪੁਰਾਣੇ ਬੱਸ ਸਟੈਂਡ ਨੇੜੇ ਭਗਵਾਨ ਸਵਰੂਪ ਗੋਇਲ ਪਾਰਕ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਪਟਿਆਲਾ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ ਦੇ ਯਤਨਾਂ ਸਦਕਾ, ਪਾਰਕ ਵਿੱਚ ਲਾਈਟਾਂ ਲਗਾਈਆਂ ਗਈਆਂ। ਪਾਰਕ ਦਾ ਉਦਘਾਟਨ ਪਟਿਆਲਾ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ ਨੇ ਕੀਤਾ। ਪਹਿਲਾਂ, ਮਾਨਯੋਗ ਸ਼੍ਰੀ ਕੁੰਦਨ ਗੋਗੀਆ ਦੇ ਅਣਥੱਕ ਯਤਨਾਂ ਸਦਕਾ, ਪਾਰਕ ਨੂੰ ਰੁੱਖ ਲਗਾਉਣ ਅਤੇ ਸਫਾਈ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਹੈ।

ਕੌਂਸਲ ਦੇ ਮੈਂਬਰ ਹਰ ਸਵੇਰੇ ਪਾਰਕ ਵਿੱਚ ਯੋਗਾ ਅਭਿਆਸ ਵੀ ਕਰਦੇ ਹਨ। ਇਸ ਤੋਂ ਇਲਾਵਾ, ਪਾਰਕ ਵਿੱਚ ਪੰਛੀਆਂ ਲਈ ਪਾਣੀ ਅਤੇ ਅਨਾਜ ਦੇ ਡੱਬਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਕੌਂਸਲ ਸ਼ਹਿਰ ਵਿੱਚ ਹੋਣ ਵਾਲੇ ਵੱਖ-ਵੱਖ ਧਾਰਮਿਕ ਸਮਾਗਮਾਂ ਵਿੱਚ ਲੰਗਰ ਵੰਡਣ ਵਾਲੇ ਵਜੋਂ ਵੀ ਕੰਮ ਕਰਦੀ ਹੈ। ਸਹਿਯੋਗ ਪ੍ਰੋਜੈਕਟ ਦੇ ਤਹਿਤ, ਕੌਂਸਲ ਮਈ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 200 ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਅਧਿਐਨ ਸਮੱਗਰੀ ਵੰਡੇਗੀ।

# ਹਲਕਾ ਨਾਭਾ ਦੇ ਪਿੰਡ ਅਲੋਹਰਾ ਕਲਾਂ ਵਿਖੇ ਬਣਾਏ ਗਏ ਨਵੇਂ ਖੇਡ ਸਟੇਡੀਅਮ ਦਾ ਦੇਵ ਮਾਨ ਨੇ ਕੀਤਾ ਉਦਘਾਟਨ




ਨਾਭਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਨਾਭਾ ਦੇ ਪਿੰਡ ਅਲੋਹਰਾ ਕਲਾਂ ਵਿੱਚ ਅੱਜ ਖੇਡਾਂ ਨੂੰ ਉਤਸਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਹਲਕੇ ਦਾ ਪਹਿਲਾ ਖੇਡ ਸਟੇਡੀਅਮ 38 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕਰਕੇ ਖੇਤਰ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਖੇਡ ਮੈਦਾਨ ਸਕੀਮ ਦੇ ਤਹਿਤ ਸੰਤ ਬਾਬਾ ਸੁਖਦੇਵ ਸਿੰਘ ਮਾਹਾਰਾਜ ਖੇਡ ਗਰਾਊਂਡ ਦਾ ਉਦਘਾਟਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕ, ਨੌਜਵਾਨ ਅਤੇ ਖਿਡਾਰੀ ਹਾਜਰ ਸਨ। ਉਦਘਾਟਨ ਉਪਰੰਤ ਵਿਧਾਇਕ ਦੇਵ ਮਾਨ ਨੇ ਖੇਡ ਗਰਾਊਂਡ ਦਾ ਨਿਰੀਖਣ ਵੀ ਕੀਤਾ ਅਤੇ ਉਥੇ ਉਪਲੱਬਧ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ ਸਰੀਰਕ ਤੰਦਰੁਸਤੀ ਲਈ ਜਰੂਰੀ ਹਨ, ਸਗੋਂ ਇਹ ਨੌਜਵਾਨਾਂ ਵਿੱਚ ਅਨੁਸਾਸਨ, ਆਤਮ ਵਿਸਵਾਸ ਅਤੇ ਟੀਮ ਭਾਵਨਾ ਵੀ ਪੈਦਾ ਕਰਦੀਆਂ ਹਨ ਉਨ੍ਹਾਂ ਕਿਹਾ ਕਿ ਪਿੰਡ ਅਲੋਹਰਾਂ ਕਲਾਂ ਵਿੱਚ ਬਣਿਆ ਇਹ ਖੇਡ ਸਟੇਡੀਅਮ ਇਲਾਕੇ ਦੇ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਲਈ ਉਚਿਤ ਮੰਚ ਪ੍ਰਦਾਨ ਕਰੇਗਾ। ਉਹਨਾਂ ਕਿਹਾ ਕਿ ਵਿਧਾਨ ਸਭਾ ਹਲਕਾ ਨਾਭਾ ਦੇ ਅੰਦਰ ਸਕੀਮ ਦੇ ਤਹਿਤ ਸੰਤ ਬਾਬਾ ਸੁਖਦੇਵ ਸਿੰਘ ਮਾਹਾਰਾਜ ਖੇਡ ਗਰਾਊਂਡ ਦਾ ਉਦਘਾਟਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕ, ਨੌਜਵਾਨ ਅਤੇ ਖਿਡਾਰੀ ਹਾਜਰ ਸਨ। ਉਦਘਾਟਨ ਉਪਰੰਤ ਵਿਧਾਇਕ ਦੇਵ ਮਾਨ ਨੇ ਖੇਡ ਗਰਾਊਂਡ ਦਵੱਖ ਵੱਖ ਪਿੰਡਾਂ ਦੇ ਅੰਦਰ ਨਵੇਂ ਖੇਡ ਸਟੇਡੀਅਮ ਦੀ ਉਸਾਰੀ ਕਰਵਾਈ ਜਾ ਰਹੀ ਹੈ ਅਤੇ ਅੱਜ ਵਿਧਾਨ ਸਭਾ ਹਲਕਾ ਨਾਭਾ ਨੂੰ ਪਹਿਲਾ ਖੇਡ ਸਟੇਡੀਅਮ ਤਿਆਰ ਕਰਕੇ ਦਿੱਤਾ ਗਿਆ ਹੈ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਖੇਡ ਸਟੇਡੀਅਮ ਜਿਨਾਂ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ ਮੁਕੰਮਲ ਕਰਕੇ ਲੋਕਾਂ ਨੂੰ ਇਹ ਖੇਡ ਸਟੇਡੀਅਮ ਸਮਰਪਿਤ ਕੀਤੇ ਜਾਣਗੇ। ਇਸ ਮੌਕੇ ਕਿਰਨਪਾਲ ਕੌਰ ਸਰਪੰਚ, ਗੁਰਪ੍ਰੀਤ ਸਿੰਘ ਜੋਗਾ ਮੈਂਬਰ ਪ੍ਰਧਾਨ ਯੂਥ ਕਲੱਬ, ਸੁਰਿੰਦਰਪਾਲ ਸਿੰਘ ਮੈਂਬਰ, ਨਿਰਭੈ ਸਿੰਘ, ਗੁਰਜੰਟ ਸਿੰਘ ਮੈਂਬਰ, ਹਰਮੇਲ ਕੌਰ ਮੈਂਬਰ,ਬਲਜਿੰਦਰ ਕੌਰ ਮੈਂਬਰ, ਮਨਜੀਤ ਕੌਰ ਮੈਂਬਰ, ਤਜਿੰਦਰ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰਮਾਜਰੀ, ਕਰਮਜੀਤ ਭੋਲੀ, ਦੀਪਾ ਰਾਮਗੜ੍ਹ, ਸੈਕੀ ਸਿੰਗਲਾ, ਕਮਲ ਭਾਦਸੋ, ਹਰਮੇਸ ਮੈਸੀ, ਅਮਰੀਕ ਸਿੰਘ ਮਾਸਟਰ, ਗੁਰਚਰਨ ਸਿੰਘ, ਸਿਮਰਨ ਅੜਕ ਚੋਹਾਨ ਆਦਿ ਹਾਜਰ ਸਨ।

# ਫਾਇਰ ਸੇਫਟੀ ਵੀਕ ਦੇ ਤਹਿਤ ਜੀਐੱਮਐੱਸਐੱਚ( GMSH )-16 ਵਿਖੇ ਫਾਇਰ ਸੇਫਟੀ ਮੌਕ ਡ੍ਰਿਲ ਦਾ ਆਯੋਜਨ




ਚੰਡੀਗੜ੍ਹ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਫਾਇਰ ਸੇਫਟੀ ਵੀਕ (04 ਤੋਂ 10 ਮਈ 2026) ਦੇ ਤਹਿਤ ਅੱਜ 06 ਮਈ 2026 ਨੂੰ ਗਵਰਨਮੈਂਟ ਮਲਟੀ-ਸਪੈਸ਼ਲਿਟੀ ਹਸਪਤਾਲ (ਜੀਐੱਮਐੱਸਐੱਚ/GMSH), ਸੈਕਟਰ 16, ਚੰਡੀਗੜ੍ਹ ਵਿਖੇ ਇੱਕ ਫਾਇਰ ਸੇਫਟੀ ਮੌਕ ਡ੍ਰਿਲ ਦਾ ਸਫ਼ਲ ਆਯੋਜਨ ਕੀਤਾ ਗਿਆ।

ਇਹ ਮੌਕ ਡ੍ਰਿਲ ਡਾ. ਦੀਪਿੰਦਰ ਸਿੰਘ, ਨੋਡਲ ਅਫ਼ਸਰ (ਫਾਇਰ ਸੇਫਟੀ)-ਅਤੇ-ਅਪ੍ਰੇਸ਼ਨਸ ਹੈੱਡ ਦੀ ਨਿਗਰਾਨੀ ਵਿੱਚ ਅਤੇ ਡਾ. ਗੌਰਵ ਪਵਾਰ, ਨੋਡਲ ਅਫ਼ਸਰ (ਆਪਦਾ ਪ੍ਰਬੰਧਨ)-ਅਤੇ-ਇੰਚਾਰਜ, ਕੈਜ਼ੁਅਲਟੀ ਵਿਭਾਗ ਦੇ ਤਾਲਮੇਲ ਨਾਲ ਆਯੋਜਿਤ ਕੀਤੀ ਗਈ, ਜਿਨ੍ਹਾਂ ਨੇ ਇਸ ਅਭਿਆਸ ਦੇ ਦੌਰਾਨ ਇੰਸੀਡੈਂਟ ਕਮਾਂਡਰ ਦੀ ਭੂਮਿਕਾ ਨਿਭਾਈ।

ਮੌਕ ਡ੍ਰਿਲ ਦੇ ਦੌਰਾਨ ਬਹੁ-ਮੰਜ਼ਿਲਾ ਭਵਨ ਦੀ 5ਵੀਂ ਮੰਜ਼ਿਲ 'ਤੇ ਅੱਗ ਲਗਣ ਦੀ ਕਾਲਪਨਿਕ ਸਥਿਤੀ ਬਣਾਈ ਗਈ। ਐਮਰਜੈਂਸੀ ਪ੍ਰਤੀਕਿਰਿਆ ਪ੍ਰਣਾਲੀ ਸਰਗਰਮ ਹੁੰਦਿਆਂ ਹੀ ਤੇਜ਼ ਅਤੇ ਤਾਲਮੇਲ ਵਾਲੀ ਕਾਰਵਾਈ ਕੀਤੀ ਗਈ। ਕੈਜ਼ੁਅਲਟੀ ਵਿਭਾਗ ਦੀ ਹਸਪਤਾਲ ਇਨਕੁਆਰੀ ਦੁਆਰਾ ਤੁਰੰਤ ਹਸਪਤਾਲ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਗਿਆ ਅਤੇ ERSS-112 ਅਤੇ ਫਾਇਰ ਸਟੇਸ਼ਨ, ਸੈਕਟਰ 17 ਨੂੰ ਵੀ ਸਮੇਂ 'ਤੇ ਸੂਚਨਾ ਦਿੱਤੀ ਗਈ।

ਇਸ ਅਭਿਆਸ ਵਿੱਚ ਹਸਪਤਾਲ ਪ੍ਰਸ਼ਾਸਨ ਦੇ ਸਾਰੇ ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਰਹੇ, ਜਿਨ੍ਹਾਂ ਵਿੱਚ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ-ਅਤੇ-ਪ੍ਰਿੰਸੀਪਲ ਮੈਡੀਕਲ ਅਫ਼ਸਰ, ਮੈਡੀਕਲ ਸੁਪਰਡੈਂਟ-ਅਤੇ-ਜੁਆਇੰਟ ਪੀਐੱਮਓ, ਡਿਪਟੀ ਮੈਡੀਕਲ ਸੁਪਰਡੈਂਟ, ਵਿਭਿੰਨ ਵਿਭਾਗਾਂ ਦੇ ਮੁਖੀ, ਨਰਸਿੰਗ ਸੁਪਰਡੈਂਟ, ਸੀਨੀਅਰ ਨਰਸਿੰਗ ਅਫ਼ਸਰ, ਪਬਲਿਕ ਹੈਲਥ ਇੰਜੀਨੀਅਰਿੰਗ (ਪਬਲਿਕ ਹੈਲਥ ਅਤੇ ਇਲੈਕਟ੍ਰੀਕਲ ਵਿੰਗ) ਦੇ ਅਧਿਕਾਰੀ ਅਤੇ ਸੁਰੱਖਿਆ ਕਰਮੀ ਸ਼ਾਮਲ ਸਨ।

ਡ੍ਰਿਲ ਦਾ ਇੱਕ ਮੁੱਖ ਆਕਰਸ਼ਣ ਪ੍ਰਭਾਵਿਤ 5ਵੀਂ ਮੰਜ਼ਿਲ ਤੋਂ ਛੇ ਮਰੀਜ਼ਾਂ ਦਾ ਸੁਰੱਖਿਅਤ ਅਤੇ ਸੁਵਿਵਸਥਿਤ ਨਿਕਾਸੀ (evacuation) ਰਿਹਾ। ਇਹ ਪ੍ਰਕਿਰਿਆ ਪੌੜੀਆਂ ਅਤੇ ਇੱਕ ਖਿੜਕੀ ਰਾਹੀਂ ਨਿਗਰਾਨੀ ਵਿੱਚ ਸੰਪੰਨ ਕੀਤੀ ਗਈ ਅਤੇ ਮਰੀਜ਼ਾਂ ਨੂੰ ਸੁਰੱਖਿਅਤ ਤਰੀਕੇ ਨਾਲ ਨਿਰਧਾਰਿਤ ਅਸੈਂਬਲੀ ਖੇਤਰ ਤੱਕ ਪਹੁੰਚਾਇਆ ਗਿਆ। ਤੁਰੰਤ ਡਾਕਟਰੀ ਸਹਾਇਤਾ ਲਈ ਐਮਰਜੈਂਸੀ ਪ੍ਰੋਟੋਕੋਲ ਅਨੁਸਾਰ ਉੱਥੇ ਰੈੱਡ, ਯੈਲੋ, ਗ੍ਰੀਨ ਅਤੇ ਬਲੈਕ ਸ਼੍ਰੇਣੀਆਂ ਵਿੱਚ ਟ੍ਰਾਈਜ (Triage) ਕੀਤਾ ਗਿਆ।

ਫਾਇਰ ਵਿਭਾਗ ਅਤੇ ਫਾਇਰ ਬ੍ਰਿਗੇਡ ਦੀ ਟੀਮ ਨੇ ਤੇਜ਼ ਪ੍ਰਤੀਕਿਰਿਆ ਦਿੰਦੇ ਹੋਏ ਨਿਰਧਾਰਿਤ ਸਮੇਂ ਦੇ ਅੰਦਰ ਸਾਇਟ 'ਤੇ ਪਹੁੰਚ ਕੇ ਸਥਿਤੀ ਨੂੰ ਪ੍ਰਭਾਵੀ ਢੰਗ ਨਾਲ ਨਿਯੰਤ੍ਰਿਤ ਕੀਤਾ। ਅਲਰਟ, ਸੰਚਾਰ, ਨਿਕਾਸੀ ਅਤੇ ਫਾਇਰ ਸਰਵਿਸ ਦੀ ਪ੍ਰਤੀਕਿਰਿਆ ਨਾਲ ਸਬੰਧਿਤ ਸਾਰੇ ਮਹੱਤਵਪੂਰਨ ਪ੍ਰਤੀਕਿਰਿਆ ਮਾਪਦੰਡਾਂ ਨੂੰ ਮੁੱਲਾਂਕਣ ਹਿਤ ਦਰਜ ਕੀਤਾ ਗਿਆ।

ਇਸ ਮੌਕ ਡ੍ਰਿਲ ਦਾ ਸਫ਼ਲ ਆਯੋਜਨ ਹਸਪਤਾਲ ਦੀ ਮਰੀਜ਼ ਸੁਰੱਖਿਆ, ਸਟਾਫ਼ ਦੀ ਤਤਪਰਤਾ ਅਤੇ ਐਮਰਜੈਂਸੀ ਪ੍ਰਤੀਕਿਰਿਆ ਤੰਤਰ ਨੂੰ ਮਜ਼ਬੂਤ ਕਰਨ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਅਜਿਹੇ ਅਭਿਆਸ ਵਿਭਿੰਨ ਵਿਭਾਗਾਂ ਦੇ ਦਰਮਿਆਨ ਤਾਲਮੇਲ ਵਧਾਉਣ ਅਤੇ ਅਸਲ ਐਮਰਜੈਂਸੀ ਸਥਿਤੀਆਂ ਵਿੱਚ ਜੋਖਮ ਨੂੰ ਘੱਟ ਕਰਨ ਵਿੱਚ ਸਹਾਇਕ ਹੁੰਦੇ ਹਨ।

ਡਾ. ਸੁਮਨ ਸਿੰਘ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ, ਯੂਟੀ ਚੰਡੀਗੜ੍ਹ, ਨੇ ਸਾਰੇ ਪ੍ਰਤੀਭਾਗੀਆਂ ਦੇ ਪ੍ਰਯਾਸਾਂ ਦੀ ਸ਼ਲਾਘਾ ਕੀਤੀ ਅਤੇ ਨਿਯਮਿਤ ਤੌਰ 'ਤੇ ਇਸ ਤਰ੍ਹਾਂ ਦੀਆਂ ਮੌਕ ਡ੍ਰਿਲਸ ਆਯੋਜਿਤ ਕਰਨ ਦੀ ਜ਼ਰੂਰਤ 'ਤੇ ਬਲ ਦਿੱਤਾ, ਤਾਕਿ ਉੱਚ ਪੱਧਰ ਦੀਆਂ ਤਿਆਰੀਆਂ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ ਅਤੇ ਇੱਕ ਮਜ਼ਬੂਤ ਸਿਹਤ ਸੰਭਾਲ਼ ਤੰਤਰ ਵਿਕਸਿਤ ਹੋ ਸਕੇ।

# ਜਨਗਣਨਾ ਹਾਊਸ ਲਿਸਟਿੰਗ ਬਲਾਕਸ (ਐੱਚਐੱਲਬੀ/HLB) ਦੇ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਹਿਤ ਮੀਟਿੰਗ ਆਯੋਜਿਤ



ਚੰਡੀਗੜ੍ਹ,9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਯੂਟੀ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਦੀ ਪ੍ਰਧਾਨਗੀ ਵਿੱਚ ਜਨਗਣਨਾ ਹਾਊਸ ਲਿਸਟਿੰਗ ਬਲਾਕਸ (ਐੱਚਐੱਲਬੀ/HLB) ਦੇ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਹਿਤ ਇੱਕ ਮੀਟਿੰਗ ਆਯੋਜਿਤ ਕੀਤੀ ਗਈ।

ਮੀਟਿੰਗ ਦੀ ਸ਼ੁਰੂਆਤ ਵਿੱਚ ਚੇਅਰਪਰਸਨ ਨੂੰ ਚੰਡੀਗੜ੍ਹ ਵਿੱਚ 1 ਮਈ, 2026 ਨੂੰ ਸ਼ੁਰੂ ਹੋਈ ਹਾਊਸ ਲਿਸਟਿੰਗ ਬਲਾਕਸ (ਐੱਚਐੱਲਬੀ/HLB) ਦੇ ਕਾਰਜਾਂ ਦੀ ਪ੍ਰਗਤੀ ਬਾਰੇ ਜਾਣੂ ਕਰਵਾਇਆ ਗਿਆ।

ਡਿਪਟੀ ਕਮਿਸ਼ਨਰ ਨੇ ਜਨਗਣਨਾ ਕਾਰਜ ਦੀ ਧੀਮੀ ਗਤੀ 'ਤੇ ਗੰਭੀਰ ਚਿੰਤਾ ਅਤੇ ਅਸੰਤੁਸ਼ਟੀ ਵਿਅਕਤ ਕੀਤੀ ਅਤੇ ਸਥਿਤੀ ਦਾ ਸਖ਼ਤ ਨੋਟਿਸ ਲਿਆ। ਇਹ ਵੀ ਦੱਸਿਆ ਗਿਆ ਕਿ ਕੁਝ ਅਧਿਆਪਕ ਅਵਿਵਸਥਾ ਉਤਪੰਨ ਕਰ ਰਹੇ ਹਨ ਅਤੇ ਦੂਜਿਆਂ ਨੂੰ ਜਨਗਣਨਾ ਡਿਊਟੀਆਂ ਨਿਭਾਉਣ ਤੋਂ ਬਚਣ ਲਈ ਉਕਸਾ ਰਹੇ ਹਨ।

ਲਏ ਗਏ ਨਿਰਣੇ:

1. ਚਾਰਜ ਅਫ਼ਸਰਾਂ ਨੂੰ ਨਿਰਦੇਸ਼ਿਤ ਕੀਤਾ ਗਿਆ ਕਿ ਉਹ ਅਨੁਸ਼ਾਸਨਹੀਣਤਾ ਅਤੇ ਅਸਹਿਯੋਗ ਵਿੱਚ ਸ਼ਾਮਲ ਅਧਿਆਪਕਾਂ ਦੇ ਨਾਮ ਪ੍ਰਸਤੁਤ ਕਰਨ।

ਅਜਿਹੇ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣਗੇ ਅਤੇ ਨਿਯਮਾਂ ਅਨੁਸਾਰ ਅਨੁਸ਼ਾਸਨਾਤਮਕ ਕਾਰਵਾਈ ਕੀਤੀ ਜਾਵੇਗੀ।

2. ਸਾਰੇ ਚਾਰਜ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਹਰੇਕ ਹਾਊਸ ਲਿਸਟਿੰਗ ਬਲਾਕ ਵਿੱਚ ਕਾਰਜ ¸ ਮਈ, 2026 ਤੱਕ ਹਰ ਹਾਲ ਵਿੱਚ ਸ਼ੁਰੂ ਕਰਨਾ ਸੁਨਿਸ਼ਚਿਤ ਕੀਤਾ ਜਾਵੇ।

3. ਡਿਪਟੀ ਕਮਿਸ਼ਨਰ ਨੇ ਸੁਝਾਅ ਦਿੱਤਾ ਕਿ ਚਾਰਜ ਅਫ਼ਸਰ ਸਥਾਨਕ ਖੇਤਰ ਦੇ ਕੌਂਸਲਰਾਂ ਦਾ ਸਹਿਯੋਗ ਲੈ ਕੇ ਨਾਗਰਿਕਾਂ ਨੂੰ ਜਾਗਰੂਕ ਕਰਨ ਅਤੇ ਸੁਚਾਰੂ ਡੇਟਾ ਇਕੱਠਾ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ।

# ਪੰਜਵਾ ਦਿਨ:- ਜਲਾਲਾਬਾਦ ਵਾਸੀਆਂ ਲਈ ਇੱਕ ਹੋਰ ਖੁਸ਼ਖਬਰੀ

ਫਾਜ਼ਿਲਕਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਜਲਾਲਾਬਾਦ ਸ੍ਰੀ. ਜਗਦੀਪ ਕੰਬੋਜ ਗੋਲਡੀ ਨੇ ਅੱਜ ਪੰਜਵੇਂ ਦਿਨ ਜਲਾਲਾਬਾਦ ਵਿਖੇ ਪੁਰਾਣਾ ਸਿਵਲ ਹਸਪਤਾਲ ਦੀ ਥਾਂ ਤੇ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਸ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਬਣਨ ਨਾਲ ਇੱਥੋਂ ਦੇ ਵਸਨੀਕ ਆਪਣਾ ਇਲਾਜ ਕਰਵਾ ਸਕਣਗੇ।

ਵਿਧਾਇਕ ਗੋਲਡੀ ਕੰਬੋਜ ਨੇ ਜਲਾਲਾਬਾਦ ਵਾਸੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ ਤੇ ਅੱਜ ਦਾ ਦਿਨ ਜਲਾਲਾਬਾਦ ਵਾਸੀਆਂ ਲਈ ਖੁਸ਼ਖਬਰੀ ਦਾ ਦਿਨ ਹੈ ਜੋ ਪੰਜਾਬ ਸਰਕਾਰ ਵੱਲੋਂ ਪੁਰਾਣਾ ਸਿਵਲ ਹਸਪਤਾਲ ਦੀ ਥਾਂ ਤੇ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਮਨਜ਼ੂਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇੱਥੇ ਪੁਰਾਣ ਸਿਵਲ ਹਸਪਤਾਲ 13-14 ਸਾਲਾਂ ਤੋਂ ਬੰਦ ਪਿਆ ਸੀ ਤੇ ਪਹਿਲੀਆਂ ਸਰਕਾਰਾਂ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਪਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰ ਬਣਦਿਆਂ ਸਾਰ ਹੀ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਤੇ ਪਿੰਡਾਂ ਵਿੱਚ ਆਮ ਆਦਮੀ ਕਲੀਨਕ ਬਣਾਏ ਤਾਂ ਜੋ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਸਾਰੀਆਂ ਸਿਹਤ ਸਹੂਲਤਾਂ ਮਿਲ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਦੀ ਨੁਹਾਰ ਬਦਲਣ ਦੇ ਨਾਲ-ਨਾਲ ਆਧੁਨਿਕ ਸਹੂਲਤਾਂ ਨਾਲ ਨਵੇਂ ਹਸਪਤਾਲਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਮਰੀਜ਼ ਨੂੰ ਇਲਾਜ ਕਰਵਾਉਣ ਲਈ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਅਤੇ ਦੂਸਰੇ ਸ਼ਹਿਰਾਂ ਵਿੱਚ ਨਾ ਜਾਣਾ ਪਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਮਨੋਰਥ ਪੰਜਾਬ ਨੂੰ ਰੰਗਲਾ ਤੇ ਸਿਹਤਮੰਦ ਬਣਾਉਣਾ ਹੈ ਤੇ ਇਸੇ ਤਹਿਤ ਹੀ ਜਿੱਥੇ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਲੱਗੀ ਹੋਈ ਹੈ ਉੱਥੇ ਹੀ ਸੂਬੇ ਦੇ ਲੋਕਾਂ ਨੂੰ ਸਿਹਤਮੰਦ ਬਣਾਉਣ ਲਈ ਨਵੇਂ ਹਸਪਤਾਲ ਆਧੁਨਿਕ ਤਕਨੀਕਾਂ ਨਾਲ ਲੈੱਸ ਕਰਕੇ ਬਣਵਾ ਰਹੀ ਹੈ ਤਾਂ ਜੋ ਲੋਕ ਮੁਫ਼ਤ ਵਿੱਚ ਆਪਣਾ ਇਲਾਜ ਕਰਵਾ ਸਕਣ।

# ਚੰਡੀਗੜ੍ਹ ਪ੍ਰਸ਼ਾਸਨ ਨੇ 'ਅਪ੍ਰੇਸ਼ਨ ਸਿੰਦੂਰ' ਦੇ ਇੱਕ ਸਾਲ ਦੇ ਪੂਰੇ ਹੋਣ 'ਤੇ ਸਿਵਲ ਡਿਫੈਂਸ ਵਲੰਟੀਅਰਾਂ ਦੇ ਦੂਜੇ ਬੈਚ ਲਈ ਭਰਤੀ ਮੁਹਿੰਮ ਦਾ ਐਲਾਨ ਕੀਤਾ

ਚੰਡੀਗੜ੍ਹ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅਪ੍ਰੇਸ਼ਨ ਸਿੰਦੂਰ ਦੀ ਪਹਿਲੀ ਵਰ੍ਹੇਗੰਢ ਦੇ ਅਵਸਰ 'ਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਸਿਵਲ ਡਿਫੈਂਸ ਵਲੰਟੀਅਰਾਂ (ਸੀਡੀਵੀਜ਼/CDVs) ਦੇ ਦੂਜੇ ਬੈਚ ਲਈ ਭਰਤੀ ਮੁਹਿੰਮ ਦਾ ਐਲਾਨ ਕੀਤਾ ਹੈ। ਇਹ ਪਹਿਲ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਐਮਰਜੈਂਸੀ ਪ੍ਰਤੀਕਿਰਿਆ ਪ੍ਰਣਾਲੀ ਅਤੇ ਆਪਦਾ ਪ੍ਰਬੰਧਨ ਸਮਰੱਥਾਵਾਂ ਨੂੰ ਹੋਰ ਅਧਿਕ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਸੰਨ 2025 ਵਿੱਚ ਸਿਵਲ ਡਿਫੈਂਸ ਵਲੰਟੀਅਰਾਂ ਦੇ ਪਹਿਲੇ ਬੈਚ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਕੁੱਲ 419 ਵਲੰਟੀਅਰਾਂ ਨੂੰ ਟ੍ਰੇਨਿੰਗ ਦਿੱਤੀ ਗਈ ਸੀ। ਇਨ੍ਹਾਂ ਵਲੰਟੀਅਰਾਂ ਨੇ ਮਹਾਤਮਾ ਗਾਂਧੀ ਸਟੇਟ ਇੰਸਟੀਟਿਊਟ ਆਵ ? ਪਬਲਿਕ ਐਡਮਿਨਿਸਟ੍ਰੇਸ਼ਨ (ਐੱਮਜੀਐੱਸਆਈਪੀਏ/MGSIPA), ਚੰਡੀਗੜ੍ਹ ਵਿਖੇ 7 ਦਿਨਾਂ ਦਾ ਤੀਬਰ ਟ੍ਰੇਨਿੰਗ ਪ੍ਰੋਗਰਾਮ ਪੂਰਾ ਕੀਤਾ। ਟ੍ਰੇਨਿੰਗ ਵਿੱਚ ਪ੍ਰੈਕਟੀਕਲ ਸੈਸ਼ਨ, ਸਰੀਰਕ ਦਕਸ਼ਤਾ ਪਰੀਖਣ, ਲਿਖਤੀ ਪਰੀਖਿਆਵਾਂ ਅਤੇ ਮੌਕ ਡ੍ਰਿਲ ਸ਼ਾਮਲ ਸਨ।

ਇਹ ਟ੍ਰੇਨਿੰਗ ਫਾਇਰ ਡਿਪਾਰਟਮੈਂਟ, ਸਿਹਤ ਵਿਭਾਗ, ਰਾਸ਼ਟਰੀ ਆਪਦਾ ਪ੍ਰਤੀਕਿਰਿਆ ਬਲ (ਐੱਨਡੀਆਰਐੱਫ/NDRF), ਅਤੇ ਪੱਛਮੀ ਕਮਾਂਡ, ਭਾਰਤੀ ਫ਼ੌਜ ਦੇ ਮਾਹਰਾਂ ਦੁਆਰਾ ਦਿੱਤੀ ਗਈ ਸੀ। ਟ੍ਰੇਨਿੰਗ ਦੇ ਪ੍ਰਮੁੱਖ ਖੇਤਰਾਂ ਵਿੱਚ ਆਪਦਾ ਪ੍ਰਤੀਕਿਰਿਆ, ਮੁੱਢਲੀ ਸਹਾਇਤਾ, ਬਚਾਅ ਕਾਰਜ, ਨਿਕਾਸੀ ਪ੍ਰਕਿਰਿਆਵਾਂ, ਟ੍ਰੈਫਿਕ ਪ੍ਰਬੰਧਨ, ਸੰਕਟ ਸੰਚਾਰ ਅਤੇ ਅੱਗ ਬੁਝਾਉਣ ਦੇ ਮੂਲਭੂਤ ਉਪਾਅ ਸ਼ਾਮਲ ਰਹੇ। ਟ੍ਰੇਨਿੰਗ ਦੇ ਸਫ਼ਲਤਾਪੂਰਵਕ ਸੰਪੂਰਨ ਹੋਣ 'ਤੇ ਵਲੰਟੀਅਰਾਂ ਨੂੰ ਸਿਵਲ ਡਿਫੈਂਸ ਵਰਦੀਆਂ ਅਤੇ ਬੇਰੇਟਸ (berets) ਪ੍ਰਦਾਨ ਕੀਤੇ ਗਏ।

ਸਿਵਲ ਡਿਫੈਂਸ ਦੇ ਸੰਗਠਨਾਤਮਕ ਢਾਂਚੇ ਵਿੱਚ ਚੀਫ਼ ਵਾਰਡਨ, ਡਿਪਟੀ ਚੀਫ਼ ਵਾਰਡਨ, ਡਿਵੀਜ਼ਨਲ ਵਾਰਡਨ, ਡਿਪਟੀ ਡਿਵੀਜ਼ਨਲ ਵਾਰਡਨ, ਪੋਸਟ ਵਾਰਡਨ, ਡਿਪਟੀ ਪੋਸਟ ਵਾਰਡਨ ਅਤੇ ਸੈਕਟਰ ਵਾਰਡਨ ਸ਼ਾਮਲ ਹਨ।

ਸਿਵਲ ਡਿਫੈਂਸ ਵਲੰਟੀਅਰਾਂ ਦੇ ਦੂਜੇ ਬੈਚ ਲਈ ਨਾਮਾਂਕਣ ਮੁਹਿੰਮ¸ ਮਈ 2026 ਨੂੰ ਦੁਪਹਿਰ 12:00 ਵਜੇ ਤੋਂ ਮਹਿਲਾ ਭਵਨ, ਸੈਕਟਰ 38-ਸੀ, ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਜਾਵੇਗੀ।ਇਸ ਅਵਸਰ 'ਤੇ ਮਾਣਯੋਗ ਪ੍ਰਸ਼ਾਸਕ, ਯੂਟੀ ਚੰਡੀਗੜ੍ਹ, ਸ਼੍ਰੀ ਗੁਲਾਬ ਚੰਦ ਕਟਾਰੀਆ, ਮੁੱਖ ਮਹਿਮਾਨ ਦੇ ਰੂਪ ਵਿੱਚ ਇਸ ਸਮਾਗਮ ਵਿੱਚ ਸ਼ਾਮਲ ਹੋਣਗੇ। ਪ੍ਰੋਗਰਾਮ ਦੇ ਦੌਰਾਨ ਆਪਦਾ ਪ੍ਰਬੰਧਨ ਅਤੇ ਸਿਵਲ ਡਿਫੈਂਸ ਦੀਆਂ ਉਪਲਬਧੀਆਂ 'ਤੇ ਅਧਾਰਿਤ ਇੱਕ ਕੌਫੀ ਟੇਬਲ ਬੁੱਕ ਵੀ ਜਾਰੀ ਕੀਤੀ ਜਾਵੇਗੀ ਅਤੇ ਦੂਜੇ ਬੈਚ ਦੇ ਵਲੰਟੀਅਰਾਂ ਦਾ ਰਸਮੀ ਨਾਮਾਂਕਣ ਕੀਤਾ ਜਾਵੇਗਾ।

ਨਾਮਾਂਕਣ ਹਿਤ ਬਿਨੈਕਾਰ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ, ਜਿਸ ਦੀ ਉਮਰ 18 ਵਰ੍ਹੇ ਜਾਂ ਉਸ ਤੋਂ ਅਧਿਕ ਹੋਵੇ ਅਤੇ ਜੋ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਹੋਵੇ ਅਤੇ ਨਿਰਧਾਰੀਤ ਟ੍ਰੇਨਿੰਗ ਪ੍ਰਾਪਤ ਕਰਨ ਲਈ ਇੱਛੁਕ ਹੋਵੇ।

ਚੰਡੀਗੜ੍ਹ ਪ੍ਰਸ਼ਾਸਨ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਇਸ ਪਹਿਲ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਜਨਤਕ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਉਣ।

# ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਫਾਜ਼ਿਲਕਾ ਦੇ ਗਾਂਧੀ ਨਗਰ ਵਾਰਡ ਨੰ. 15 ਵਿਖੇ ਪਾਰਕ ਦੇ ਸੁੰਦਰੀਕਰਨ ਦਾ ਕੰਮ ਸ਼ੁਰੂ ਕਰਵਾਇਆ

ਫਾਜ਼ਿਲਕਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕਾ ਫਾਜ਼ਿਲਕਾ ਦੇ ਗਾਂਧੀ ਨਗਰ ਵਾਰਡ ਨੰ. 15 ਵਿਖੇ ਮੌਜੂਦ ਮੇਨ ਪਾਰਕ ਦੇ ਸੁਧਾਰ ਤੇ ਸੁੰਦਰੀਕਰਨ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਬੋਲਦਿਆ ਵਿਧਾਇਕ ਸਵਨਾ ਨੇ ਇਹ ਪਾਰਕ ਲਾਈਟਾਂ, ਬੈਠਣ ਲਈ ਬੈਂਚ, ਸਾਫ ਪੀਣ ਯੋਗ ਪਾਣੀ ਤੇ ਸੈਰ ਕਰਨ ਲਈ ਘਾਹ ਆਦਿ ਸਾਰੀਆਂ ਆਧੁਨਿਕ ਸਹੂਲਤਾਂ ਨਾਲ ਲੈੱਸ ਹੋਵੇਗਾ ਤੇ ਇਹ ਪਾਰਕ ਆਉਣ ਵਾਲੇ 1 ਮਹੀਨੇ ਵਿੱਚ ਪੂਰਾ ਹੋ ਜਾਵੇਗਾ। ਪਾਰਕ ਬਣਨ ਤੋਂ ਬਾਅਦ ਮੁਹੱਲਾ ਗਾਂਧੀ ਨਗਰ ਦੇ ਬਜ਼ੁਰਗ ਤੇ ਬੱਚੇ ਆ ਕੇ ਆਪਣੀਆਂ ਕਸਰਤਾਂ ਤੇ ਮਨੋਰੰਜਨ ਕਰ ਸਕਣਗੇ।

ਉਨ੍ਹਾਂ ਕਿਹਾ ਕਿ ਗਾਂਧੀ ਨਗਰ ਵਾਸੀਆਂ ਦੀ ਬੜੇ ਲੰਬੇ ਸਮੇਂ ਤੋਂ ਮੰਗ ਸੀ ਸਾਡੇ ਪਾਰਕ ਦਾ ਸੁੰਦਰੀਕਰਨ ਕੀਤਾ ਜਾਵੇ ਤੇ ਅੱਜ ਇਨ੍ਹਾਂ ਦੀ ਇਹ ਮੰਗ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਹਲਕੇ ਦਾ ਵਿਕਾਸ ਇਨ੍ਹਾਂ ਕਿਸੇ ਵੀ ਸਰਕਾਰ ਸਮੇਂ ਨਹੀਂ ਹੋਇਆ ਜਿਨ੍ਹਾਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਮੇ ? ਹੋਇਆ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਸਾਰੇ ਵਿਕਾਸ ਦੇ ਕੰਮ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਨੂੰ ਖੁ?ਸੀ ਹੈ ਸਾਡੇ ਹਲਕੇ ਤੇ ਸਹਿਰ ਦੇ ਲੋਕ ਅੱਜ ਵੀ ਆਮ ਆਦਮੀ ਪਾਰਟੀ ਦੇ ਨਾਲ ਖੜੇ ਹਨ।

# ਤੂੰ ਮੇਰੀ ਖ਼ੁਸ਼ਬੋ ਮਾਹੀਆ

ਸੁਖਦੇਵ ਮਾਦਪੁਰੀ

'ਮਾਹੀਆ' ਲੋਕ ਪ੍ਰਤਿਭਾ ਦੇ ਮੁੱਢ ਕਦੀਮੀਂ ਸਰੋਦੀ ਸੋਮਿਆਂ ਵਿੱਚੋਂ ਵਿਕਸਤ ਹੋਇਆ ਛੋਟੀ ਸਿਨਫ਼ ਦਾ ਲੋਕ ਕਾਵਿ-ਰੂਪ ਹੈ ਜਿਸ ਨੇ ਮਨੁੱਖੀ ਪਿਆਰ, ਰਿਸ਼ਤਿਆਂ ਦੀ ਸਦੀਵੀ ਮੁਹੱਬਤ ਅਤੇ ਅਣਪੱਤ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ। ਅਸਲ ਵਿਚ 'ਮਾਹੀਆ' ਪਿਆਰ ਦਾ ਗੀਤ ਹੈ ਜਿਸ ਨੂੰ ਬਹੁਤ ਹੀ ਸਰਲ ਅਤੇ ਸਾਦਾ ਭਾਸ਼ਾ ਵਿਚ ਸ਼ਿੰਗਾਰ ਰਸ ਅਤੇ ਕਰੁਣਾ ਰਸ ਦੀ ਚਾਸ਼ਨੀ ਵਿਚ ਗਲੇਫ਼ ਕੇ ਲੋਕ ਪ੍ਰਤਿਭਾ ਨੇ ਸਿਰਜਿਆ ਹੈ। ਇਹ ਪੰਜਾਬ ਦੀਆਂ ਸਾਰੀਆਂ ਉਪ ਬੋਲੀਆਂ ਵਿਚ ਰਚਿਆ ਹੋਇਆ ਮਿਲਦਾ ਹੈ। ਮੁਲਤਾਨ, ਸਿਆਲਕੋਟ, ਪੋਠੋਹਾਰ ਅਤੇ ਜੰਮੂ ਦੇ ਪਹਾੜੀ ਖੇਤਰਾਂ ਵਿਚ ਇਹ ਪੁਰਾਤਨ ਕਾਲ ਤੋਂ ਹੀ ਲੋਕਪ੍ਰਿਆ ਰਿਹਾ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਇਸ ਦਾ ਰੂਪ ਵਿਧਾਨ ਤੇ ਗਾਉਣ ਦੀ ਪ੍ਰਥਾ ਇਕਸਾਰ ਹੈ।

### ਬਾਲੋ ਮਾਹੀਏ

ਪੰਜਾਬ ਵਿਚ ਵਿਸ਼ੇਸ਼ ਕਰਕੇ ਪੋਠੋਹਾਰ ਵਿਚ ਮਾਹੀਏ ਦਾ ਇਕ ਹੋਰ ਰੂਪ ਵੀ ਪ੍ਰਚੱਲਤ ਹੈ, ਜਿਸ ਨੂੰ 'ਬਾਲੋ ਮਾਹੀਏ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਰੂਪ ਕਿਸੇ ਸਮੇਂ ਬੜਾ ਪ੍ਰਚੱਲਤ ਹੋਇਆ ਸੀ। ਬਾਲੋ ਗੁੱਜਰਾਂਵਾਲੇ ਦੀ ਰਹਿਣ ਵਾਲੀ ਇਕ ਸੁੰਦਰ ਮੁਟਿਆਰ ਸੀ ਜਿਸ ਦਾ ਪਿਆਰ ਮੁਹੰਮਦ ਅਲੀ ਨਾਂ ਦੇ ਗੱਭਰੂ ਨਾਲ ਸੀ, ਜਿਸ ਨੂੰ ਉਹ ਪਿਆਰ ਨਾਲ 'ਮਾਹੀਆ' ਸੱਦਿਆ ਕਰਦੀ ਸੀ। ਦੋਹਾਂ ਦਾ ਆਪੋ ਵਿਚ ਅਮੁੱਕ ਪਿਆਰ ਸੀ ਤੇ ਰੱਬ ਨੇ ਇਨ੍ਹਾਂ ਦੋਹਾਂ ਨੂੰ ਹੁਸਨ ਦੇ ਨਾਲ ਆਵਾਜ਼ ਵੀ ਸੁਰੀਲੀ ਬਖ਼ਸ਼ੀ ਸੀ। ਇਨ੍ਹਾਂ ਦੋਹਾਂ ਨੇ ਮਾਹੀਏ ਦੀਆਂ ਨਵੀਆਂ ਧੁਨਾਂ ਪ੍ਰਚੱਲਤ ਕੀਤੀਆਂ, ਜੋ ਸਵਾਲਾਂ-ਜਵਾਬਾਂ ਵਿਚ ਹਨ। ਇਕ ਟੱਪੇ ਵਿਚ ਬਾਲੋ ਦਾ ਨਾਂ ਆਉਂਦਾ ਹੈ ਤੇ ਦੂਜੇ ਵਿਚ ਮਾਹੀਆ ਸ਼ਬਦ ਆਉਂਦਾ ਹੈ। ਇਸ ਵਿਚ ਹੁਸਨ ਇਸ਼ਕ ਦੀ ਚਰਚਾ ਹੁੰਦੀ ਹੈ ਜਿਵੇਂ :

ਹੱਟੀਆਂ 'ਤੇ ਫੀਤਾ ਈ
ਸੱਚ ਦੱਸ ਨੀ ਬਾਲੋ
ਕਦੇ ਯਾਦ ਵੀ ਕੀਤਾ ਈ...
ਮੈਂ ਖੜ੍ਹੀ ਆਂ ਵਿਚ ਬੇਲੇ
ਕਸਮ ਖ਼ੁਦਾ ਦੀ ਮਾਹੀਆ
ਯਾਦ ਕਰਨੀ ਆਂ ਹਰ ਵੇਲੇ...

ਇਹ ਸਵਾਲਾਂ-ਜਵਾਬਾਂ ਵਾਲਾ ਮਾਹੀਆਂ ਅੱਜ ਵੀ 'ਬਾਲ੍ਹੋ-ਮਾਹੀਆ' ਦੇ ਨਾਂ ਨਾਲ ਪ੍ਰਸਿੱਧ ਹੈ। ਅਸਲ ਵਿਚ 'ਮਾਹੀਆ' ਜਜ਼ਬਿਆਂ ਭਰਪੂਰ ਕਾਵਿ-ਰੂਪ ਹੈ ਜਿਸ ਵਿਚ ਮੁੱਖ ਤੌਰ 'ਤੇ ਰੁਮਾਂਚਿਕ ਵਿਸ਼ਿਆਂ ਨੂੰ ਹੀ ਰੂਪਮਾਨ ਕੀਤਾ ਗਿਆ ਹੈ। ਇਸ ਵਿਚ ਮੁਹੱਬਤ ਦੀਆਂ ਕੂਲ੍ਹਾਂ ਵਹਿ ਰਹੀਆਂ ਹਨ। ਇਨ੍ਹਾਂ ਗੀਤਾਂ ਵਿਚ ਪੰਜਾਬ ਦੀ ਮੁਟਿਆਰ ਆਪਣੇ ਮਾਹੀਏ ਦੇ ਹੁਸਨ ਦੇ ਵਾਰੇ ਜਾਂਦੀ ਹੋਈ ਉਸ ਲਈ ਆਪਣੀ ਬੇਪਨਾਹ ਮੁਹੱਬਤ ਦਾ ਇਜ਼ਹਾਰ ਹੀ ਨਹੀਂ ਕਰਦੀ ਬਲਕਿ ਸ਼ਿਕਵਿਆਂ, ਨਿਹੋਰਿਆਂ ਦੇ ਬਾਣਾਂ ਅਤੇ ਵਿਛੋੜੇ ਦੇ ਸੱਲ੍ਹਾਂ ਦਾ ਵਰਣਨ ਵੀ ਬੜੇ ਅਨੂਠੇ ਅਤੇ ਦਰਦੀਲੇ ਬੋਲਾਂ ਵਿਚ ਕਰਦੀ ਹੈ :

ਕੋਠੇ 'ਤੇ ਖਲੋ ਮਾਹੀਆ
ਤੂੰ ਫੁੱਲ ਤੋਰੀਏ ਦਾ
ਮੈਂ ਤੇਰੀ ਖ਼ੁਸ਼ਬੋ ਮਾਹੀਆ...

ਪਿਆਰ ਤਾਂ ਇਕ ਰੱਬੀ ਦਾਤ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ :

ਪੱਤੇ ਪਿੱਪਲਾਂ ਦੇ ਹਿਲਦੇ ਨੇ
ਰੱਬ ਜਦੋਂ ਮਿਹਰ ਕਰੇ
ਓਦੋਂ ਦੋ ਦਿਲ ਮਿਲਦੇ ਨੇ...

ਮਾਹੀ ਵੀ ਹੁਣ ਉਸ ਲਈ ਸਭੋ ਕੁਝ ਏ। ਉਸ ਦੇ ਤੁਲ ਦੁਨੀਆਂ 'ਚ ਕੋਈ ਹੋਰ ਸ਼ੈਅ ਨਹੀਂ :

ਰਿਹਾ ਚਮਕ ਸਤਾਰਾ ਈ
ਓਡਾ ਮੈਨੂੰ ਹੋਰ ਕੋਈ ਨਾ
ਜਿੱਡਾ ਮਾਹੀ ਪਿਆਰਾ ਈ...
-ਫੁੱਲ ਵੇ ਗੁਲਾਬ ਦਿਆ
ਤੈਨੂੰ ਸੀਨੇ ਨਾਲ ਲਾਵਾਂ
ਮੇਰੇ ਮਾਹੀਏ ਦੇ ਬਾਗ਼ ਦਿਆ...
-ਛਤਰੀ ਦੀ ਛਾਂ ਕਰ ਲੈ
ਇੱਥੇ ਮਾਹੀ ਆਪ ਵਸੇਂ
ਉੱਥੇ ਸਾਡੀ ਵੀ ਥਾਂ ਕਰ ਲੈ...

ਉਹ ਤਾਂ ਆਪਣੇ ਮਾਹੀ ਲਈ ਸੈਆਂ ਜਫਰ ਝੱਲਣ ਲਈ ਤਤਪਰ ਹੈ :

ਫੁੱਲਾਂ ਦੀ ਫਲਾਈ ਮਾਹੀਆ
ਇਕ ਤੇਰੀ ਜਿੰਦ ਬਦਲੇ
ਜਿੰਦ ਕੰਢਿਆਂ 'ਤੇ ਪਾਈ ਮਾਹੀਆ...

ਉਹ ਤਾਂ ਆਪਣੇ ਮਹਿਬੂਬ ਲਈ ਆਪਣੀ ਜਿੰਦੜੀ ਦਾ ਹਰ ਕਿਣਕਾ ਕੁਰਬਾਨ ਕਰਨ ਲਈ ਤਿਆਰ ਹੈ। ਉਸ ਨੂੰ ਤਾਂ ਮਾਹੀਏ ਵਿੱਚੋਂ ਰੱਬ ਦੇ ਦੀਦਾਰ ਹੁੰਦੇ ਹਨ। ਕਿੰਨੀ ਇੰਤਹਾ ਹੈ ਮੁਹੱਬਤ ਦੀ :

ਨਾ ਲਿਖਿਆ ਮਿਟਦਾ ਏ
ਮੈਨੂੰ ਤਾਂ ਰੱਬ ਮਾਹੀਆ
ਬਸ ਤੇਰੇ 'ਚੋਂ ਦਿਸਦਾ ਏ

ਮਾਹੀ ਦੇ ਮਿਲਾਪ ਨਾਲ ਉਹ ਸ਼ਰਸ਼ਾਰ ਹੋ ਜਾਂਦੀ ਹੈ :

ਪਾਣੀ ਨਹਿਰਾਂ ਦਾ ਵਗਦਾ ਏ
ਅੱਜ ਮੇਰਾ ਮਾਹੀ ਮਿਲਿਆ
ਭੁੰਜੇ ਪੈਰ ਨਾ ਲੱਗਦਾ ਏ

ਮੋਹ-ਮੁਹੱਬਤਾਂ ਭਰੀ ਮੁਟਿਆਰ ਨਾਲ ਦੋ ਬੋਲ ਸਾਂਝੇ ਕਰਨ ਲਈ ਮਾਹੀਆ ਵੀ ਆਪਣੀ ਤੜਪ ਦਾ ਪ੍ਰਗਟਾਵਾ ਕਿਉਂ ਨਾ ਕਰੇ :

ਲਾਡਾਂ ਨਾਲ ਪਲੀਏ ਨੀ
ਮਿੱਠੀ-ਮਿੱਠੀ ਗੱਲ ਕਰ ਜਾਅ
ਮਿਸ਼ਰੀ ਦੀਏ ਡਲੀਏ ਨੀ...

ਉਹ ਉਸ ਦੀ ਮੁਹੱਬਤ ਅਤੇ ਹੁਸਨ 'ਤੇ ਵਾਰੇ-ਵਾਰੇ ਜਾਂਦਾ ਹੈ :

ਚੰਦ ਚੜ੍ਹਿਆ ਲੋਈ ਵਾਲਾ
ਤੂੰ ਮੇਰੀ ਬੁਲਬੁਲ ਨੀ
ਮੈਂ ਫੁੱਲ ਖ਼ੁਸ਼ਬੋਈ ਵਾਲਾ...

ਬੇਮੁਹੱਬਤੇ ਸਮਾਜ ਵਿਚ ਇਸ਼ਕ ਪਾਲਣਾ ਕਿਹੜਾ ਸੌਖਾ ਏ :

ਪਾਣੀ ਖਾਰੇ ਨੇ ਸਮੁੰਦਰਾਂ ਦੇ
ਨੀ ਯਾਰੀ ਤੇਰੀ ਦੋ ਦਿਨ ਦੀ
ਮਿਹਣੇ ਖੱਟ ਲਏ ਉਮਰਾਂ ਦੇ...

ਕਦੀ-ਕਦੀ ਜਦੋਂ ਮਾਹੀ ਨੂੰ ਆਪਣੇ ਪਿਆਰ ਦਾ ਵਸਲ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਵੀ ਮਿਹਣਾ ਮਾਰਦਾ ਹੈ :

ਕੰਨੀਂ ਬੁੰਦੇ ਪਾਏ ਹੋਏ ਨੇ
ਸਾਡੇ ਨਾਲੋਂ ਬਟਨ ਚੰਗੇ
ਜਿਹੜੇ ਹਿੱਕ ਨਾਲ ਲਾਏ ਹੋਏ ਨੇ...

ਪੁਰਾਣੇ ਸਮਿਆਂ ਵਿਚ ਗੱਭਰੂਆਂ ਨੂੰ ਰੁਜ਼ਗਾਰ ਲਈ ਦੂਰ-ਦੁਰਾਡੇ ਜਾਣਾ ਪੈਂਦਾ ਹੈ। ਕਈ-ਕਈ ਵਰ੍ਹੇ ਉਹ ਆਪਣੇ ਘਰਾਂ ਨੂੰ ਨਹੀਂ ਸੀ ਪਰਤਦੇ, ਜਿਸ ਕਾਰਨ ਆਪਣੇ ਪਿਆਰਿਆਂ ਦੇ ਪਿਛੋੜੇ ਦੇ ਪਲਾਂ ਨੂੰ ਸਹਿਣਾ ਅਸਹਿ ਹੋ ਜਾਂਦਾ ਸੀ। ਵਿਯੋਗ ਦੇ ਇਨ੍ਹਾਂ ਪਲਾਂ ਨੂੰ ਪੰਜਾਬ ਦੀ ਮੁਟਿਆਰ ਨੇ ਬੜੇ ਦਰਦੀਲੇ ਬੋਲਾਂ ਨਾਲ ਬਿਆਨ ਕੀਤਾ ਹੈ :

ਦੋ ਪੱਤਰ ਅਨਾਰਾਂ ਦੇ
ਮਾਹੀਏ ਦੇ ਹਿਜਰ ਸੜਾਂ
ਹੋ ਗਏ ਢੇਰ ਅੰਗਿਆਰਾਂ ਦੇ...
-ਚੁੰਨੀ ਹੋ ਗਈ ਲੀਰਾਂ ਵੇ
ਆ ਕੇ ਅੱਖੀਂ ਵੇਖ ਚੰਨਾ
ਹੋਇਆ ਹਾਲ ਫ਼ਕੀਰਾਂ ਵੇ...

ਸੈਂਕੜਿਆਂ ਦੀ ਗਿਣਤੀ ਵਿਚ ਇਹ ਗੀਤ ਲੋਕ ਮਾਨਸ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ ਗੀਤਾਂ ਵਿਚ ਵਰਤੀਆਂ ਤਸ਼ਬੀਹਾਂ ਅਲੇ-ਦੁਆਲੇ ਵਿੱਚੋਂ ਹੀ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖ਼ਮ ਬਿੰਬਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ। ਮਧੁਰ ਸੁਰ ਵਿਚ ਗਾਏ ਜਾਣ ਵਾਲੇ ਇਨ੍ਹਾਂ ਗੀਤਾਂ ਦੇ ਬੋਲ ਸਰੋਤੇ ਦੇ ਧੁਰ ਅੰਦਰ ਲਹਿ ਜਾਂਦੇ ਹਨ ਤੇ ਉਹ ਇਕ ਅਨੂਠਾ ਤੇ ਅਗੰਮੀ ਸੁਆਦ ਮਾਣਦਾ ਹੋਇਆ ਆਪਣੇ ਆਪ ਵਿਚ ਲੀਨ ਹੋ ਜਾਂਦਾ ਹੈ। •

94630-34472



### ਮਾਹੀ ਦੇ ਸ਼ਾਬਦਿਕ ਅਰਥ

*ਮਾਹੀ ਦੇ ਸ਼ਾਬਦਕ ਅਰਥ ਮੱਝਾਂ ਚਰਾਉਣ ਵਾਲਾ ਹਨ। ਰਾਂਝਾ ਬਾਰਾਂ ਵਰ੍ਹੇ ਹੀਰ ਲਈ ਮੱਝਾਂ ਚਰਾਉਂਦਾ ਰਿਹਾ ਜਿਸ ਕਰਕੇ ਹੀਰ ਉਸ ਨੂੰ ਮਾਹੀ ਆਖ ਕੇ ਬੁਲਾਉਂਦੀ ਸੀ। ਹੀਰ ਰਾਂਝੇ ਦੀ ਪ੍ਰੀਤ ਕਥਾ ਦਾ ਪੰਜਾਬ ਦੇ ਜਨ ਜੀਵਨ 'ਤੇ ਅਮਿੱਟ ਪ੍ਰਭਾਵ ਪਿਆ ਹੈ, ਜਿਸ ਕਰਕੇ ਮਾਹੀ ਸ਼ਬਦ ਦਾ ਪਦਮਾਨ ਮਹਿਬੂਬ ਅਤੇ ਪਤੀ ਲਈ ਪ੍ਰਚੱਲਤ ਹੋ ਗਿਆ। ਪੰਜਾਬ ਦੀ ਮੁਟਿਆਰ ਆਪਣੇ ਮਹਿਬੂਬ ਨੂੰ ਬੜੇ ਚਾਅ ਨਾਲ 'ਮਾਹੀਆ' ਆਖ ਕੇ ਸੱਦਦੀ ਹੈ।*

**ਸੈਂਕੜੇ ਗੀਤ ਲੋਕ ਮਾਨਸ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ 'ਚ ਵਰਤੀਆਂ ਤਸ਼ਬੀਹਾਂ ਆਲੇ-ਦੁਆਲੇ ਵਿੱਚੋਂ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖ਼ਮ ਬਿੰਬਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ...**



### ਦੋ ਸਤਰਾਂ ਦਾ ਗੀਤ...

ਮਾਹੀਆ ਗੀਤ-ਰੂਪ ਦਾ ਆਪਣਾ ਰੂਪ ਵਿਧਾਨ ਹੈ। ਕਰਤਾਰ ਸਿੰਘ ਸ਼ਮਸ਼ੇਰ ਅਨੁਸਾਰ ਇਸ ਦੀਆਂ ਤਿੰਨ ਤੁਕਾਂ ਹੁੰਦੀਆਂ ਹਨ ਪਰ ਡਾਕਟਰ ਵਣਜਾਰਾ ਬੇਦੀ ਅਨੁਸਾਰ ਇਹ ਛੋਟੇ ਆਕਾਰ ਦਾ ਦੋ ਸਤਰਾਂ ਦਾ ਗੀਤ ਹੈ। ਪਹਿਲੀ ਸਤਰ ਆਕਾਰ ਵਿਚ ਦੂਜੀ ਸਤਰ ਨਾਲੋਂ ਅੱਧੀ ਹੁੰਦੀ ਹੈ। ਦੂਜੀ ਸਤਰ ਦੇ ਦੋ ਤੁਕਾਂਤ ਹੁੰਦੇ ਹਨ। ਇਨ੍ਹਾਂ ਦੋ ਤੁਕਾਂਤਾਂ ਨੂੰ ਕਈ ਦੋ ਸਤਰਾਂ ਮੰਨ ਕੇ ਮਾਹੀਏ ਦੀਆਂ ਤਿੰਨ ਤੁਕਾਂ ਗਿਣਦੇ ਹਨ। ਕਰਤਾਰ ਸਿੰਘ ਸ਼ਮਸ਼ੇਰ ਦੇ ਸ਼ਬਦਾਂ ਵਿਚ : ਸਾਧਾਰਨ ਤੱਤ ਇਸ ਦੀਆਂ ਤਿੰਨ ਤੁਕਾਂ ਹਨ। ਪਹਿਲੀ ਤੁਕ ਵਿਚ ਕੋਈ ਦ੍ਰਿਸ਼ਟਾਂਤ ਹੁੰਦਾ ਹੈ। ਕਲਾ ਦੇ ਪੱਖ ਤੋਂ ਉੱਤਮ ਪ੍ਰਕਾਰ ਦੇ ਮਾਹੀਆ ਲੋਕ ਗੀਤਾਂ ਵਿਚ ਪਹਿਲੀ ਤੁਕ ਵੀ ਓਨੀ ਹੀ ਅਰਥਪੂਰਨ ਤੇ ਭਾਵਪੂਰਨ ਹੁੰਦੀ ਹੈ ਜਿੰਨੀਆਂ ਕੁ ਬਾਕੀ ਦੀਆਂ ਤੁਕਾਂ। ਕਈਆਂ ਵਿਚ ਇਹ ਤੁਕ ਨਿਰਾਥਕ ਹੀ ਹੁੰਦੀ ਹੈ ਅਤੇ ਅਨੁਪਰਾਸ ਮੇਲਣ ਲਈ ਹੀ ਵਰਤੀ ਜਾਂਦੀ ਹੈ। ਜਜ਼ਬੇ ਦੀ ਤਸਵੀਰ ਹੇਠਲੀਆਂ ਦੋ ਤੁਕਾਂ ਵਿਚ ਖਿੱਚੀ ਹੁੰਦੀ ਹੈ। ਪਹਿਲੀ ਅਤੇ ਤੀਜੀ ਤੁਕ ਦਾ ਅਨੁਪਰਾਸ ਮਿਲਦਾ ਹੈ। ਵਿਚਲੀ ਤੁਕ ਕੁਝ ਛੋਟੀ ਹੁੰਦੀ ਹੈ। ਇਨ੍ਹਾਂ ਦੋ ਤੁਕਾਂ ਵਿਚ ਜਜ਼ਬਿਆਂ ਨੂੰ ਠੋਸ ਚਿੱਤਰਾਂ ਵਿਚ ਸਾਕਾਰ ਕਰਨਾ ਹੁੰਦਾ ਹੈ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਕੁੱਜੇ ਵਿਚ ਦਰਿਆ ਨੂੰ ਬੰਦ ਕਰਨਾ ਇਨ੍ਹਾਂ ਲੋਕ ਕਲਾਕਾਰਾਂ ਦੀ ਪ੍ਰਤਿਭਾ ਹੈ। ਜਜ਼ਬਿਆਂ ਨੂੰ ਸਾਕਾਰ ਕਰਨ ਲਈ ਜਿਹੜੇ ਚਿੱਤਰ ਖਿੱਚੇ ਜਾਂਦੇ ਹਨ, ਉਨ੍ਹਾਂ ਵਿਚਲੀ ਘਟਨਾ ਦੀ ਚੋਣ ਪ੍ਰਤਿਭਾ ਦੀ ਅਸਲ ਕਸੌਟੀ ਹੈ।

**ਮਗ਼ਰੂਰਿਆ ਵਿਅਕਤੀ ਇਸ ਸਚਾਈ ਤੋਂ ਮੂੰਹ ਮੋੜ ਲੈਂਦਾ ਹੈ ਕਿ ਦੁਨੀਆ ਦੇ ਰੰਗਮੰਚ ਦੇ ਸੂਤਰਧਾਰ ਨੇ ਉਸ ਨੂੰ ਆਪਣਾ ਕਿਰਦਾਰ ਨਿਭਾਉਣ ਲਈ ਕੇਵਲ ਗਿਣਤੀ ਦੇ ਚਾਰ ਦਿਹਾੜੇ ਦਿੱਤੇ ਹਨ ...**

# ਆਕੜ ਸੱਤ ਅਸਮਾਨਾਂ ਜਿੱਡੀ...

ਬਜ਼ੁਰਗਾਂ ਨੇ ਫ਼ਰਮਾਇਆ ਕਿ ਖ਼ੁਦ ਨੂੰ ਅਸ਼ਰੁਫੁਲ ਮਖ਼ਲੂਕਾਤ ਕਹਾਉਣ ਵਾਲਾ ਇਨਸਾਨ ਗਰੂਰ ਨੂੰ ਵਿਸਾਰ ਕੇ ਜੇਕਰ ਉਸ ਪਰਵਦਗਾਰ ਦੇ ਭੈਅ ਵਿਚ ਜਿਊਣਾ ਸਿੱਖ ਲਵੇ ਤਾਂ ਨਿਸ਼ਚਿਤ ਤੌਰ 'ਤੇ ਉਸ ਦਾ ਜਿਊਣਾ ਵੀ ਸਫ਼ਲ ਹੈ ਅਤੇ ਮਰਨਾ ਵੀ ਸਫਲ ਹੈ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਕਮਜ਼ਰਫ ਲੋਕ ਆਪਣੀ ਹੈਂਕੜ ਦੀ ਉੱਚੀ ਟੀਸੀ ਉੱਪਰ ਬੈਠ ਕੇ ਇਰਦ-ਗਿਰਦ ਦੇ ਲੋਕਾਂ ਨੂੰ ਆਪਣੇ ਨਾਲੋਂ ਤੁੱਛ, ਕਮਜ਼ੋਰ, ਨੀਵਾਂ ਅਤੇ ਕਮ ਹੈਸੀਅਤ ਵਾਲਾ ਮੰਨਦੇ ਹੋਏ ਖ਼ੁਦ ਨੂੰ ਤਾਕਤਵਰ ਅਤੇ ਸਰੇਸ਼ਟ ਮੰਨਣ ਦੇ ਨਸ਼ੇ ਵਿਚ ਇੰਨੇ ਮਦ ਮਸਤ ਹੋ ਜਾਂਦੇ ਹਾਂ ਕਿ ਨਾ ਕਿਸੇ ਦਾ ਭੈਅ, ਲਿਹਾਜ਼, ਨਾ ਹਮਦਰਦੀ, ਤੇ ਨਾ ਹੀ ਵਕਤ ਦੇ ਬਦਲਣ ਦਾ ਖ਼ਿਆਲ ਸਾਨੂੰ ਰਹਿੰਦਾ ਹੈ। ਆਪਣੀ ਹੀ ਮਗ਼ਰੂਰੀ ਤੇ ਧੁੰਨ ਵਿਚ ਅੱਜ ਦਾ ਮਨੁੱਖ ਵਿਚਾਰਾਤਮਕ ਵੱਖਰਤਾ, ਧਾਰਮਿਕ-ਸੱਭਿਆਚਾਰਕ ਭਿੰਨਤਾਵਾਂ ਅਤੇ ਵਿਰੋਧ ਦਾ ਸਤਿਕਾਰ ਕਰਨ ਅਤੇ ਸ਼ਾਂਤਮਈ ਸਹਿਹੋਂਦ ਤੇ ਸਹਿਣਸ਼ੀਲਤਾ ਦੇ ਗੁਣਾਂ ਨੂੰ ਭੁਲਾ ਕੇ ਸਿਰਫ਼ ਆਪਣੇ ਨੁਕਤੇ ਨਿਗਾਹ ਨੂੰ ਸਹੀ ਠਹਿਰਾਉਣ ਦੀ ਜ਼ਿੱਦ ਪੁਗਾਉਂਦਾ ਹੋਇਆ ਖ਼ੁਦ ਕਹਿਣਾ ਤਾਂ ਬਹੁਤ ਚਾਹੁੰਦਾ ਹੈ ਪਰ ਕਿਸੇ ਦੂਸਰੇ ਨੂੰ ਨਾਂ ਤਾਂ ਬਰਦਾਸ਼ਤ ਕਰਦਾ ਹੈ ਅਤੇ ਨਾ ਕਿਸੇ ਦੂਸਰੇ ਦੀ ਕੁਝ ਸੁਣਨਾ ਚਾਹੁੰਦਾ ਹੈ। ਉਹ ਸਭ ਕੁਝ ਜਾਣਦਿਆਂ ਬੁੱਝਦਿਆਂ ਅਣਜਾਣ ਹੋਣ ਦਾ ਢੌਂਗ ਰਚਾਉਂਦਾ ਹੋਇਆ ਇਕ ਫਰੇਬੀ ਦੀ ਜ਼ਿੰਦਗੀ ਨੂੰ ਜਿਊਣ ਨੂੰ ਜ਼ਿੰਦਗੀ ਸਮਝ ਕੇ ਤਮਾਮ ਉਮਰ ਖ਼ੁਦ ਨੂੰ ਧੋਖਾ ਦਿੰਦਾ ਹੈ। ਯਾਦ ਰੱਖੋ ਕਿ ਅਸੀਂ ਲੋਕ ਸਮੁੱਚੇ ਨਿਜ਼ਾਮ ਦਾ ਇਕ ਅਦਨਾ ਜਿਹਾ ਹਿੱਸਾ ਹੁੰਦੇ ਹਾਂ ਅਤੇ ਜਦੋਂ ਅਸੀਂ ਸਮੁੱਚੇ ਨਿਜ਼ਾਮ ਨੂੰ ਆਪਣੀ ਇੱਛਾ ਅਨੁਸਾਰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਦੇ ਜੀਵਨ ਵਿਚ ਕਈ ਮੁਸ਼ਕਿਲਾਂ ਖੜੀਆਂ ਕਰ ਦਿੰਦੇ ਹਨ । ਸਾਡਾ ਗ਼ਰੂਰ ਹੀ ਸਾਡੇ ਗਲ਼ ਦਾ ਫੰਦਾ ਬਣ ਜਾਂਦਾ ਹੈ। ਸਾਡਾ ਲਾਲਚ ਅਤੇ ਹਉਮੈ ਸਾਨੂੰ ਆਮ ਤੋਂ ਖ਼ਾਸ ਬਣਨ ਦੇ ਲਈ ਅੰਨ੍ਹਿਆਂ ਕਰ ਦਿੰਦਾ ਹੈ ਅਤੇ ਅਸੀਂ ਖ਼ਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੇ ਹੋਏ ਆਪਣੀਆਂ ਅੱਖਾਂ ਉੱਪਰ ਗ਼ਰੂਰ ਦੀ ਪੱਟੀ ਬਣ ਕੇ ਕੁਰਾਹੇ ਪੈ ਜਾਂਦੇ ਹਾਂ। ਕਾਸ਼ ! ਪਰਮਾਤਮਾ ਸਾਨੂੰ ਸਰਲ ਤਰੀਕੇ ਨਾਲ ਜ਼ਿੰਦਗੀ ਨੂੰ ਗੁਜ਼ਾਰਨ ਦਾ ਬਲ, ਬੁੱਧੀ ਤੇ ਪ੍ਰੇਰਣਾ ਦੇਵੇ ਕਿ ਅਸੀਂ ਉਸ ਨਿਰੰਕਾਰ ਦੇ ਭੈਅ ਵਿਚ ਇਕ ਅਜਿਹਾ ਜੀਵਨ ਗੁਜ਼ਾਰ ਪਾਈਏ ਕਿ ਅਸੀਂ ਖ਼ੁਦ ਵੀ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੋਈਏ ਅਤੇ ਆਪਣੇ ਆਸ-ਪਾਸ ਦੇ ਲੋਕਾਂ ਨੂੰ ਵੀ ਇਨ੍ਹਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਕਰੀਏ। ਹਉਮੈ ਦੇ ਤਿਆਗ ਦੇ ਸੁਝਾ ਵਾਲੇ ਬਾਬਾ ਨਜਮੀ ਦੇ ਇਸ ਸ਼ਿਅਰ ਨਾਲ ਸਮਾਮਤੀ ਕਰਦਾ ਹੈ :

ਆਕੜ ਸੱਤ ਅਸਮਾਨਾਂ ਜਿੱਡੀ
ਪਲੇ ਚਾਰ ਦਿਹਾੜੇ,
ਕਦ ਤਕ ਜੀਣਗੇ ਬਾਬਾ ਨਜਮੀ
ਭੁੱਬਲ ਦੇ ਚੰਗਿਆੜੇ।

• ਡਾ. ਅਰਵਿੰਦਰ ਸਿੰਘ
94630-62603

**ਕਈ ਵਾਰ ਗ਼ਰੂਰ ਸਾਡੇ ਗਲ਼ ਦਾ ਫੰਦਾ ਬਣ ਜਾਂਦਾ ਹੈ। ਹਉਮੈ ਸਾਨੂੰ ਅੰਨ੍ਹਿਆਂ ਕਰ ਦਿੰਦੀ ਹੈ। ਅਸੀਂ ਖ਼ਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਣ ਲੱਗਦੇ ਹਾਂ...**



**ਤੁਸੀਂ ਹੁਸ਼ਿਆਰ ਹੋ ਚੰਗੀ ਗੱਲ ਹੈ ਪਰ ਹੋਰਾਂ ਨੂੰ ਮੂਰਖ ਨਾ ਸਮਝੋ। ਕਿਸੇ ਦਾ ਸਰਲ ਸੁਭਾਅ ਉਸ ਦੀ ਕਮਜ਼ੋਰੀ ਨਹੀਂ ਹੁੰਦਾ ਬਲਕਿ ਉਸ ਦੇ ਮਾਤਾ-ਪਿਤਾ ਵੱਲੋਂ ਮਿਲੇ ਸੰਸਕਾਰ ਹੁੰਦੇ ਹਨ...**



# ਅੰਨ੍ਹੀ ਦੌੜ 'ਚ ਗੁਆਚਾ ਮਨੁੱਖ

ਇਨਸਾਨ ਪਰਮਾਤਮਾ ਦੀ ਅਨੋਖੀ ਰਚਨਾ ਹੈ ਜਿਸ ਨੂੰ ਪਰਮਾਤਮਾ ਨੇ ਅਨੇਕਾਂ ਗੁਣਾਂ ਦੇ ਨਾਲ-ਨਾਲ ਇਕ ਖ਼ੂਬਸੂਰਤ ਦਿਮਾਗ਼ ਵੀ ਪ੍ਰਦਾਨ ਕੀਤਾ ਹੈ ਤਾਂ ਕਿ ਇਸ ਦੀ ਬਾਖ਼ੂਬੀ ਵਰਤੋਂ ਕਰ ਕੇ ਆਪਣੇ ਗੁਣਾਂ ਨੂੰ ਲੋਕਾਂ ਦੀ ਭਲਾਈ ਲਈ ਵਰਤ ਕੇ ਖ਼ੁਸ਼ਗਵਾਰ ਜੀਵਨ ਬਤੀਤ ਕਰ ਸਕੇ ਕਿਉਂਕਿ ਜੀਵਨ ਦੀ ਸਾਰਥਿਕਤਾ ਲੋਕ ਭਲਾਈ ਨਾਲ ਹੀ ਸਿੱਧ ਹੁੰਦੀ ਹੈ। ਇਨਸਾਨ ਦੇ ਕਰਮ ਹੀ ਉਸ ਦੀ ਪਛਾਣ ਹੁੰਦੇ ਹਨ ਅਤੇ ਵਿਅਕਤੀ ਦਾ ਆਦਰ ਉਸ ਦੀ ਸੰਪਤੀ ਦੇ ਕਾਰਨ ਨਹੀਂ ਬਲਕਿ ਉਸ ਦੀ ਉਦਾਰਤਾ ਦੇ ਕਾਰਨ ਹੀ ਹੁੰਦਾ ਹੈ। ਵਿਅਕਤੀ ਕਾਰਨ ਨਹੀਂ ਬਲਕਿ ਉਸ ਦੀ ਇਨਸਾਨੀਅਤ ਕਾਰਨ ਹੀ ਇਨਸਾਨ ਦੀ ਕੀਮਤ ਹੁੰਦੀ ਹੈ। ਆਪਣੇ ਲਈ ਜਿਊਣਾ ਸਰਲ ਹੈ, ਦੂਜਿਆਂ ਲਈ ਜਿਊਣਾ ਕਠਿਨ ਹੈ ਪਰ ਦੂਜਿਆਂ ਦਾ ਦੁੱਖ ਦੂਰ ਕਰਨ ਵਿਚ ਹੀ ਅਲੌਕਿਕ ਅਨੰਦ ਆਉਂਦਾ ਹੈ।ਸਿਆਣੇ ਕਹਿੰਦੇ ਹਨ ਕਿ ਸਾਨੂੰ ਇਨਸਾਨੀਅਤ ਨੂੰ ਅਪਣਾਉਣ ਅਤੇ ਗ਼ੈਰ ਮਰਿਆਦਾ ਕੰਮਾਂ ਨੂੰ ਛੱਡਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਇਸ ਨਾਲ ਅਗਿਆਨ, ਗਿਆਨ ਵਿੱਚ ਬਦਲ ਜਾਵੇਗਾ, ਨਿੱਤ ਦਿਨ ਖ਼ੁਸ਼ੀ ਅਤੇ ਉਤਸ਼ਾਹ ਦਾ ਰਲੇਵਾਂ ਹੋਵੇਗਾ ਤੇ ਜੀਵਨ ਯਾਤਰਾ ਅਦਭੁੱਤ ਹੋ ਜਾਵੇਗੀ। ਅਜੋਕਾ ਮਨੁੱਖ ਪਦਾਰਥ ਦੀ ਦੌੜ ਵਿਚ ਆਪਣੇ ਪਿਛੋਕੜ ਨੂੰ ਤਿਆਗ ਰਿਹਾ ਹੈ। ਉਹ ਆਪਣੇ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਨੂੰ ਤਿਆਗ ਕੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਗਿਆ ਹੈ। ਸਰਮਾਏਦਾਰੀ ਦੇ ਸੱਭਿਆਚਾਰ ਨੇ ਇਨਸਾਨ ਵਿੱਚੋਂ ਇਨਸਾਨੀਅਤ ਦਾ ਜਜ਼ਬਾ ਲਗਪਗ ਖ਼ਤਮ ਕਰ ਦਿੱਤਾ ਹੈ। ਉਸ ਨੇ ਆਪਣੇ-ਆਪ ਨੂੰ ਸਮਾਜ, ਪਰਿਵਾਰ ਅਤੇ ਖ਼ੁਦ ਤੋਂ ਤੋੜ ਲਿਆ ਹੈ। ਇਨਸਾਨੀਅਤ ਦੇ ਕਰਮਾਂ ਨੂੰ ਅਣਡਿੱਠ ਕਰ ਕੇ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਆਪਣੀਆਂ ਅੰਦਰਲੀਆਂ ਤੇ ਬਾਹਰਲੀਆਂ ਅੱਖਾਂ ਗੁਆਉਣ ਲੱਗਿਆ ਹੈ ਜਿਸ ਕਾਰਨ ਅਜੋਕੇ ਮਨੁੱਖ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਸਾਨੀਅਤ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਨਾਲ ਸਨੇਹ ਉਪਜਦਾ ਹੈ ਜਿਸ ਕਾਰਨ ਸਹਿਜਤਾ, ਸਹਿਣਸ਼ੀਲਤਾ ਅਤੇ ਤਾਲਮੇਲ ਵਰਗੇ ਗੁਣ ਵਿਕਸਤ ਹੁੰਦੇ ਹਨ ਜਿਸ ਨਾਲ ਜੀਵਨ ਦੀ ਗਤੀ ਉਚਾਈ ਵੱਲ ਜਾਂਦੀ ਹੈ। ਜਿਸ ਇਨਸਾਨ ਦੇ ਹਿਰਦੇ ਵਿਚ ਸੱਚੀ ਇਨਸਾਨੀਅਤ ਹੋਵੇਗੀ ਉਸ ਦੀ ਸੋਚ ਸਦਾ ਇਹੀ ਹੋਵੇਗੀ ਕਿ ਮੈਨੂੰ ਮਿਲਿਆ ਦੁੱਖ ਹੋਰ ਕਿਸੇ ਨੂੰ ਨਾ ਮਿਲੇ ਅਤੇ ਮੈਨੂੰ ਮਿਲਿਆ ਸੁੱਖ ਹਰ ਕਿਸੇ ਨੂੰ ਨਸੀਬ ਹੋਵੇ ਪਰ ਅੱਜ ਦਾ ਇਨਸਾਨ, ਇਨਸਾਨ ਨਹੀਂ ਰਹਿ ਗਿਆ। ਡਾ. ਰਾਧਾ ਕ੍ਰਿਸ਼ਨਨ ਦੇ ਕਥਨ ਅਨੁਸਾਰ ਅਸੀਂ ਪੰਛੀ ਵਾਂਗ ਉੱਡਣਾ ਅਤੇ ਮੱਛੀ ਵਾਂਗ ਤੈਰਨਾ ਤਾਂ ਸਿਖ ਲਿਆ ਹੈ ਪਰ ਇਨਸਾਨੀਅਤ ਦੇ ਗੁਣਾਂ ਨਾਲ ਲਿਬਰੇਜ਼ ਹੁੰਦੇ ਹੋਏ ਵੀ ਧਰਤੀ 'ਤੇ ਚੱਲਣਾ ਅਤੇ ਜਿਊਣਾ ਨਹੀਂ ਸਿੱਖਿਆ। ਅੱਜ ਦਾ ਇਨਸਾਨ, ਇਨਸਾਨੀਅਤ ਨੂੰ ਛੱਡ ਕੇ ਸ਼ੈਤਾਨ ਬਣਦਾ ਜਾ ਰਿਹਾ ਹੈ। ਉਹ ਦਿਸਣ ਵਿਚ ਤਾਂ ਭਗਤ ਲੱਗਦਾ ਹੈ ਪਰ ਪਾਪ, ਨਿੰਦਿਆ ਵਰਗੀ ਹਰ ਬੁਰਿਆਈ ਵਿਚ ਗੜੁੱਚ ਹੁੰਦਾ ਜਾ ਰਿਹਾ ਹੈ। ਉਹ ਦੋਗਲਾ ਜੀਵਨ ਬਤੀਤ ਕਰਦਾ ਹੈ, ਘਰ ਵਿਚ ਹੋਰ ਤਰ੍ਹਾਂ ਅਤੇ ਬਾਹਰ ਹੋਰ ਤਰ੍ਹਾਂ। ਇਸ ਲਈ ਉਸ ਦੀ ਅਸਲੀਅਤ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਉਹ ਦੂਸਰਿਆਂ ਦਾ ਸਭ ਕੁਝ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਕਾਰਨ ਇਨਸਾਫ਼ ਵੀ ਅਜੋਕੇ ਜੀਵਨ ਵਿਚ ਲੁਕ-ਲੁਕ ਕੇ ਜੀਅ ਰਿਹਾ ਹੈ। ਅਜਿਹੇ ਦੋਗਲੇ ਵਿਅਕਤੀਆਂ ਦੀ ਇਨਸਾਨੀਅਤ ਦੇ ਸ਼ਿਕੰਜੇ ਵਿਚ ਆਏ ਇਕ ਵਿਅਕਤੀ ਨੇ ਆਪਣੀ ਵੇਦਨਾ ਨੂੰ ਕੁਝ ਅਜਿਹੇ ਸ਼ਬਦਾਂ ਨਾਲ ਬਿਆਨ ਕੀਤਾ ਹੈ :

ਸ਼ਤਰੰਜ ਕਾ ਸ਼ੁਕੀਨ ਨਹੀਂ ਥਾ
ਇਸੀ ਲੀਏ ਧੋਖਾ ਖਾ ਗਿਆ।
ਵੋ ਮੋਹਰੇ ਚੱਲ ਰਹੇ ਥੇ
ਮੈਂ ਇਨਸਾਨੀਅਤ ਨਿਭਾ ਰਿਹਾ ਥਾ।

• ਕੈਲਾਸ਼ ਚੰਦਰ ਸ਼ਰਮਾ
80540-16816

# ਖ਼ੁਸ਼ੀਆਂ ਦੀ ਨੀਂਹ ਪਿਆਰ ਤੇ ਭਰੋਸਾ

ਡਾ. ਰਣਜੀਤ ਸਿੰਘ

ਪਰਿਵਾਰ ਵਿਚ ਰਹਿੰਦਿਆਂ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰਕ ਜੀਵਨ ਵਿਚ ਕੇਵਲ ਸੁਖ ਹੀ ਨਹੀਂ ਸਗੋਂ ਦੁੱਖ ਵੀ ਇਸ ਦਾ ਅਨਖਿੜਵਾਂ ਅੰਗ ਹਨ। ਘਰ ਵਿਚ ਬਿਮਾਰੀ, ਮਾਇਕ ਔਕੜਾਂ, ਆਪਸੀ ਝਗੜਾ, ਬੱਚਿਆਂ ਦੀ ਸਾਂਭ ਸੰਭਾਲ ਆਦਿ ਬਹੁਤ ਸਾਰੇ ਮਸਲੇ ਹਨ। ਜਿਹੜੇ ਹਮੇਸ਼ਾਂ ਫ਼ਿਕਰ ਦਾ ਕਾਰਨ ਬਣਦੇ ਹਨ। ਜਦੋਂ ਤਕ ਕੋਈ ਮਸਲਾ ਸੁਲਝ ਨਾ ਜਾਵੇ ਫ਼ਿਕਰ ਅਤੇ ਤਣਾਅ ਬਣਿਆ ਹੀ ਰਹਿੰਦਾ ਹੈ। ਅਸੀਂ ਹਮੇਸ਼ਾਂ ਸੁੱਖ ਦੀ ਪ੍ਰਾਪਤੀ ਲਈ ਯਤਨ ਕਰਦੇ ਹਾਂ ਪਰ ਜੇ ਆਪਣੇ ਆਪ ਨੂੰ ਸੰਭਾਵੀ ਦੁਖਾਂ ਲਈ ਵੀ ਤਿਆਰ ਰੱਖਿਆ ਜਾਵੇ ਤਾਂ ਪਰੇਸ਼ਾਨੀ ਘੱਟ ਹੁੰਦੀ ਹੈ। ਜੇਕਰ ਪਰਿਵਾਰ ਦਾ ਮੁੱਖੀ ਸੁਝਵਾਨ ਹੈ ਤਾਂ ਉਹ ਆਪਣੇ ਆਪ ਨੂੰ ਆਉਣ ਵਾਲੀਆਂ ਸਮੱਸਿਆਵਾਂ ਲਈ ਤਿਅਰ ਕਰਕੇ ਰੱਖਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਬਿਮਾਰ ਹੋ ਸਕਦਾ ਹੈ, ਜੇਕਰ ਪਰਿਵਾਰ ਦੇ ਮੁਖੀ ਨੇ ਇਸ ਸਬੰਧੀ ਕੋਈ ਯੋਜਨਾ ਬਣਾ ਕੇ ਰੱਖੀ ਹੈ ਜਿਵੇਂ ਸਿਹਤ ਬੀਮਾ ਜਾਂ ਬਿਮਾਰੀ ਲਈ ਕੁਝ ਰਾਖਵੀਂ ਰਕਮ ਜਾਂ ਕਿਸੇ ਡਾਕਟਰ ਨਾਲ ਜਾਣ ਪਛਾਣ ਤਾਂ ਘੱਟ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਬਾਕੀ ਔਕੜਾਂ ਬਾਰੇ ਵੀ ਸੋਚਿਆ ਜਾ ਸਕਦਾ ਹੈ।

### ਮੁਸ਼ਕਲਾਂ ਦਾ ਸਾਹਮਣਾ

ਕੋਈ ਪਰਿਵਾਰ ਅਜਿਹਾ ਨਹੀਂ ਹੈ ਜਿਸ ਨੂੰ ਦੁੱਖਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪੈਂਦਾ ਹੋਵੇ ਪਰ ਜੇਕਰ ਆਪਣੇ ਆਪ ਉੱਤੇ ਭਰੋਸਾ ਤੇ ਵਿਸ਼ਵਾਸ ਹੋਵੇ ਕਿ ਔਖੀ ਘੜੀ ਹਮੇਸ਼ਾਂ ਨਹੀਂ ਰਹਿੰਦੀ ਤੇ ਯਤਨ ਕੀਤਿਆਂ ਇਸ ਉੱਤੇ ਛੇਤੀ ਹੀ ਕਾਬੂ ਪਾਇਆ ਜਾ ਸਕਦਾ ਹੈ ਤਾਂ ਔਖੀ ਘੜੀ 'ਤੇ ਕਾਬੂ ਹੋ ਜਾਂਦਾ ਹੈ।

ਜੇਕਰ ਘਬਰਾ ਕੇ ਯਤਨ ਨਾ ਕੀਤੇ ਜਾਣ ਜਾਂ ਦੂਜਿਆਂ ਉੱਤੇ ਦੋਸ਼ ਮੜ੍ਹੇ ਜਾਣ ਫਿਰ ਤਾਂ ਦੁੱਖਾਂ ਦੀ ਘੁੰਮਣਘੇਰੀ ਹੋਰ ਗੰਭੀਰ ਹੋ ਜਾਵੇਗੀ ਤੇ ਉਸ ਵਿੱਚੋਂ ਨਿਕਲਣਾ ਮੁਸ਼ਕਲ ਹੋ ਜਾਵੇਗਾ। ਪਰਿਵਾਰ ਦੇ ਮੈਂਬਰਾਂ ਦਾ ਆਪਸੀ ਪਿਆਰ, ਇਕ ਦੂਜੇ ਉੱਤੇ ਭਰੋਸਾ ਸਾਰੀਆਂ ਮੁਸ਼ਕਿਲਾਂ ਨੂੰ ਸੁਲਝਾਉਣਾ ਸਹਿਜ ਕਰ ਦਿੰਦੇ ਹਨ। ਦੁੱਖ ਕੇਵਲ ਕਿਸੇ ਇਕ ਪਰਿਵਾਰ ਉੱਤੇ ਹੀ ਨਹੀਂ ਆਉਂਦੇ ਜਾਂ ਔਖੀ ਘੜੀ ਕਿਸੇ ਇਕ ਉੱਤੇ ਨਹੀਂ ਆਉਂਦੀ, ਇਹ ਤਾਂ ਸਾਰਿਆਂ ਉੱਤੇ ਹੀ ਆਉਂਦੀ ਹੈ।



### ਸਲਾਹ ਮਸ਼ਵਰਾ

*ਮਨੁੱਖੀ ਜੀਵਨ ਨੂੰ ਸਰਵ ਸ੍ਰੇਸ਼ਟ ਮੰਨਿਆ ਗਿਆ ਹੈ। ਸਿਰਜਣਹਾਰ ਨੇ ਮਨੁੱਖ ਨੂੰ ਇਤਨੀ ਸ਼ਕਤੀ ਪ੍ਰਦਾਨ ਕੀਤੀ ਹੈ ਉਹ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰ ਸਕਦਾ ਹੈ। ਇਸ ਸ਼ਕਤੀ ਨੂੰ ਉਜਾਗਰ ਕਰ ਕੇ ਉਸ ਦੀ ਸਹੀ ਵਰਤੋਂ ਕਰਨ ਦੀ ਲੋੜ ਹੈ। ਜਿਹੜਾ ਪਰਿਵਾਰ ਸਲਾਹ ਮਸ਼ਵਰਾ ਕਰ ਕੇ ਯਤਨ ਕਰਦਾ ਹੈ ਉਸ ਨੂੰ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਸੋਚ ਵਿਚਾਰ ਕੇ ਯਤਨ ਨਹੀਂ ਕੀਤੇ ਜਾਂਦੇ ਤਾਂ ਫਿਰ ਔਕੜਾਂ ਦੂਰ ਨਹੀਂ ਹੋਣਗੀਆਂ। ਇਹ ਮੰਨਿਆ ਗਿਆ ਹੈ ਕਿ ਉਦਾਸ ਤੇ ਨਿਰਾਸ਼ ਬੰਦਿਆਂ ਦੇ ਪੱਲੇ ਹਾਰ ਹੀ ਪੈਂਦੀ ਹੈ।*

### ਅਗਾਂਹਵਧੂ ਸੋਚ

*ਮੁਸ਼ਕਿਲਾਂ ਦੇ ਹੱਲ ਸਬੰਧੀ ਕੁਝ ਪਰਿਵਾਰਾਂ ਨਾਲ ਸੰਪਰਕ ਕੀਤਾ ਗਿਆ। ਇਸ ਪੜਤਾਲ ਤੋਂ ਗਿਆਤ ਹੋਇਆ ਕਿ ਮੁਸ਼ਕਿਲਾਂ ਤਾਂ ਹਰੇਕ ਪਰਿਵਾਰ ਉੱਤੇ ਆਉਂਦੀਆਂ ਹਨ ਪਰ ਜਿਸ ਪਰਿਵਾਰ ਦੇ ਮੈਂਬਰ ਹਿੰਮਤ, ਅਗਾਂਹਵਧੂ ਸੋਚ ਅਤੇ ਆਤਮ ਵਿਸ਼ਵਾਸ ਨਾਲ ਇਨ੍ਹਾਂ ਦਾ ਮੁਕਾਬਲਾ ਕਰਦੇ ਹਨ ਉਹ ਕੋਈ ਨਾ ਕੋਈ ਹਲ ਜ਼ਰੂਰ ਲੱਭ ਲੈਂਦੇ ਹਨ।*

### ਚੜ੍ਹਦੀ ਕਲਾ ਦਾ ਮੰਤਰ

ਚੜ੍ਹਦੀ ਕਲਾ ਦਾ ਮੰਤਰ ਮਨੁੱਖ ਨੂੰ ਹਿੰਮਤ ਅਤੇ ਹੌਸਲੇ ਦੀ ਬਖ਼ਸ਼ਿਸ਼ ਕਰਦਾ ਹੈ ਇਸ ਨਾਲ ਮਨੁੱਖ ਮੁਸ਼ਕਿਲ ਨੂੰ ਵੇਖ ਘਬਰਾਉਂਦਾ ਨਹੀਂ ਸਗੋਂ ਹਿੰਮਤ ਨਾਲ ਉਸ ਦਾ ਮੁਕਾਬਲਾ ਕਰਦਾ ਹੈ ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਇਸ ਉੱਤੇ ਜ਼ਰੂਰ ਕਾਬੂ ਪਾ ਲਵੇਗਾ।

ਆਤਮ ਵਿਸ਼ਵਾਸ ਹੀ ਸਫਲਤਾ ਦਾ ਆਧਾਰ ਬਣਦਾ ਹੈ। ਜਿਸ ਨੂੰ ਆਪਣੇ ਆਪ ਉੱਤੇ ਭਰੋਸਾ ਨਹੀਂ ਹੈ ਉਸ ਦੇ ਇਰਾਦੇ ਕਦੇ ਪੱਕੇ ਨਹੀਂ ਹੋ ਸਕਦੇ, ਉਹ ਫ਼ੈਸਲੇ ਲੈਣ ਤੋਂ ਝਿਜਕਦਾ ਰਹਿੰਦਾ ਹੈ ਅਤੇ ਕਦੇ ਵੀ ਪੂਰੇ ਹੌਸਲੇ ਅਤੇ ਹਿੰਮਤ ਨਾਲ ਕਿਸੇ ਕੰਮ ਨੂੰ ਹੱਥ ਨਹੀਂ ਪਾ ਸਕਦਾ। ਹਨ।

### ਵਚਨਬੱਧਤਾ

ਨਵੀਂ ਬਣਾਈ ਯੋਜਨਾ ਉੱਤੇ ਜੇਕਰ ਬਚਨ ਬੱਧਤਾ ਨਾਲ ਮਿਹਨਤ ਕੀਤੀ ਜਾਵੇ ਤਾਂ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਅਧੂਰੇ ਯਤਨ ਸਫਲਤਾ ਯਕੀਨੀ ਨਹੀਂ ਬਣਾਉਂਦੇ ਸਗੋਂ ਮਿੱਥੀ ਯੋਜਨਾ ਅਨੁਸਾਰ ਪੂਰੀ ਸ਼ਕਤੀ ਦੀ ਵਰਤੋਂ ਕੀਤਿਆਂ ਹੀ ਸਫਲਤਾ ਪ੍ਰਾਪਤ ਹੋ ਸਕਦੀ ਹੈ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਸ ਕਰ ਕੇ ਮੁਸ਼ਕਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਇਹ ਤਾਂ ਸਗੋਂ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ। ਚੜ੍ਹਦੀ ਕਲਾ ਅਤੇ ਆਤਮ- ਵਿਸ਼ਵਾਸ ਹੀ ਮਨੁੱਖ ਨੂੰ ਜਿੱਤ ਬਾਰੇ ਸੋਚਣ ਲਈ ਹਿੰਮਤ ਬਖ਼ਸ਼ਦੇ ਹਨ। ਜਦੋਂ ਜਿੱਤ ਸੋਚੀ ਜਾਵੇ ਤਾਂ ਜਿੱਤ ਹੀ ਪ੍ਰਾਪਤ ਹੁੰਦੀ ਹੈ। ਚੜ੍ਹਦੀ ਕਲਾ ਅਤੇ ਆਤਮ ਵਿਸ਼ਵਾਸ ਦੇ ਨਾਲ ਗਿਆਨ, ਬਚਨਬੱਧਤਾ ਅਤੇ ਮਿਹਨਤ ਵੀ ਜ਼ਰੂਰੀ ਹੈ। ਇਨ੍ਹਾਂ ਦੇ ਸਹਾਰੇ ਜਦੋਂ ਅੱਗੇ ਵਧਿਆ ਜਾਵੇ ਤਾਂ ਮੰਜ਼ਿਲ ਜ਼ਰੂਰ ਮਿਲ ਜਾਂਦੀ ਹੈ। ਇਹ ਗੁਣ ਇਨਸਾਨ ਅੰਦਰ ਊਰਜਾ ਪੈਦਾ ਕਰਦੇ ਹਨ।

### ਸੰਗੀ ਸਾਥੀਆਂ ਦਾ ਸਹਾਰਾ

ਸਮੱਸਿਆ ਦੇ ਕਾਰਨਾਂ ਦਾ ਪਤਾ ਲੱਗ ਜਾਵੇ ਤਾਂ ਇਨ੍ਹਾਂ ਨੂੰ ਦੂਰ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਬਾਰੇ ਸਾਰਿਆਂ ਨੂੰ ਰਲ ਕੇ ਸੋਚਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਆਪਣੇ ਗਿਆਨ, ਮਾਹਰਾਂ ਅਤੇ ਸੰਗੀ ਸਾਥੀਆਂ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਸਾਰੀਆਂ ਸੰਭਾਵਨਾਵਾਂ ਦੀ ਸੂਚੀ ਤਿਆਰ ਕੀਤੀ ਜਾਵੇ। ਜਦੋਂ ਸੂਚੀ ਤਿਆਰ ਹੋ ਜਾਵੇ ਤਾਂ ਇਨ੍ਹਾਂ ਯਤਨਾਂ ਲਈ ਲੋੜੀਂਦੇ ਸਾਧਨਾਂ ਦੀ ਸੂਚੀ ਤਿਆਰ ਕੀਤੀ ਜਾਵੇ। ਤਿਆਰ ਕੀਤੀ ਸੂਚੀ ਵਿਚਲੇ ਸਾਰੇ ਯਤਨਾਂ ਦੀ ਘੋਖ ਕਰੋ। ਇਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਵਿਚਾਰਾਂ ਦੀ ਚੋਣ ਕਰੋ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਨ੍ਹਾਂ ਵਿੱਚੋਂ ਵੀ ਉਨ੍ਹਾਂ ਵਿਚਾਰਾਂ ਜਾਂ ਯਤਨਾਂ ਦੀ ਚੋਣ ਕਰੋ ਜਿਨ੍ਹਾਂ ਨੂੰ ਨੇਪਰੇ ਚੜ੍ਹਾਉਣ ਲਈ ਵਸੀਲੇ ਜੁਟਾਏ ਜਾ ਸਕਦੇ ਹਨ। ਚੁਣੇ ਗਏ ਯਤਨਾਂ ਉਤੇ ਪੂਰੀ ਇਮਾਨਦਾਰੀ, ਹਿੰਮਤ ਅਤੇ ਸਮਾਂ ਸਾਰਣੀ ਬਣਾ ਕੇ ਮਿਹਨਤ ਨਾਲ ਕੰਮ ਸ਼ੁਰੂ ਕੀਤਾ ਜਾਵੇ। ਯਤਨ ਸਾਥੀ ਜਾਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਰਲ ਕੇ ਕਰਨੇ ਚਾਹੀਦੇ ਹਨ। ਜੇਕਰ ਕਿਸੇ ਦੀ ਸਹਾਇਤਾ ਲੋੜੀਂਦੀ ਹੋਵੇ ਤਾਂ ਝਿਜਕਣਾ ਨਹੀਂ ਚਾਹੀਦਾ। ਸਮਾਜਿਕ ਜੀਵਨ ਵਿਚ ਸਾਥੀ ਹੀ ਕੰਮ ਆਉਂਦੇ ਹਨ। ਅਸਲ ਵਿਚ ਇਕ ਦੂਜੇ ਦੇ ਕੰਮ ਆਉਣਾ ਹੀ ਇਨਸਾਨੀਅਤ ਹੈ। ਉਤਸ਼ਾਹ ਥਕਣ ਨਹੀਂ ਦਿੰਦਾ ਤੇ ਭਰੋਸਾ ਕਮਜ਼ੋਰ ਨਹੀਂ ਹੋਣ ਦਿੰਦਾ। ਸਾਰਾ ਪਰਿਵਾਰ ਜਦੋਂ ਰਲ ਮਿਲ ਕੇ ਮੁਸ਼ਕਲ ਦਾ ਸਾਹਮਣਾ ਕਰਦਾ ਹੈ ਤਾਂ ਮੁਸ਼ਕਲਾਂ ਆਪਣੇ ਆਪ ਹੱਲ ਹੋ ਜਾਂਦੀਆਂ ਹਨ। ਆਪਸੀ ਪਿਆਰ ਤੇ ਭਰੋਸਾ ਹੀ ਖ਼ੁਸ਼ੀਆਂ ਦੀ ਨੀਂਹ ਰੱਖਦੇ ਹਨ। •

ਕੌਮੀ ਪੱਤ੍ਰਿਕਾ

# ਕੇਰਲਾ ਸਟੇਟ ਵਾਂਗ ਪੰਜਾਬ ਚ ਵੀ ਬਣੇਗੀ ਕਾਂਗਰਸ ਦੀ ਸਰਕਾਰ : ਮਹੰਤ ਖਨੌੜਾ

## ਪਟਿਆਲਾ ਦਿਹਾਤੀ ਹਲਕੇ ਚ ਕਾਂਗਰਸ ਨੂੰ ਮਜਬੂਤ ਕਰਨ ਲਈ ਮਹੰਤ ਖਰੋੜਾ ਵੱਲੋਂ ਮੀਟਿੰਗਾਂ ਦੌਰ ਜਾਰੀ



ਪਟਿਆਲਾ, 9 ਮਈ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਕੇਰਲਾ ਸਟੇਟ ਵਾਂਗ ਪੰਜਾਬ ਚ ਵੀ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਬਣਨਾ ਤੈ ਹੈ ਹੁਣ ਤੋਂ ਹੀ ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀ ਸਰਕਾਰ ਲਿਆਉਣ ਲਈ ਪਾਰਟੀ ਨੂੰ ਮਜਬੂਤ ਕਰਨ ਲਈ ਯਤਨ ਜਾਰੀ ਕਰ ਦਿੱਤੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਹੰਤ ਹਰਵਿੰਦਰ ਸਿੰਘ ਖਨੌੜਾ ਸਾਬਕਾ ਚੇਅਰਮੈਨ ਟਿਊਬਵੈੱਲ ਕਾਰਪੋਰੇਸ਼ਨ ਪੰਜਾਬ ਤੇ ਸਾਬਕਾ ਪ੍ਰਧਾਨ ਜਿਲ੍ਹਾ ਦਿਹਾਤੀ ਨੇ ਮਿਸ਼ਨ 2027 ਤਹਿਤ ਪਟਿਆਲਾ ਦਿਹਾਤੀ ਦੇ ਸ਼ਹਿਰੀ ਖੇਤਰ ਅਮਨ ਵਿਹਾਰ ਚ ਗੁਰਮੀਤ ਸਿੰਘ ਰੈਹਲ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਮਹੰਤ ਖਨੌੜਾ ਨੇ ਕਿਹਾ ਕਿ ਪਟਿਆਲਾ ਦਿਹਾਤੀ ਹਲਕੇ ਅੰਦਰ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਮੀਟਿੰਗਾਂ ਜਾਰੀ ਰਹਿਣਗੇ ਲਿਹਾਜਾ ਸ਼ਹਿਰੀ ਅਤੇ ਦਿਹਾਤੀ ਖੇਤਰ ਵਿੱਚ ਕਾਂਗਰਸ ਪਾਰਟੀ ਵੱਲੋਂ ਕੀਤੀਆ ਜਾ ਰਹੀ ਮੀਟਿੰਗਾਂ ਅੰਦਰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾ ਰਿਹਾ ਹੈ ਉਨ੍ਹਾ ਕਿਹਾ ਕੀ ਮੀਟਿੰਗਾਂ ਵਿੱਚ ਹੁੰਦੇ ਇਕੱਠ ਨੂੰ ਦੇਖ ਸਾਫ ਪਤਾ ਚੱਲਦਾ ਹੈ ਕਿ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਦੀ ਸਰਕਾਰ ਦੇਖਣ ਲਈ ਉਤਾਵਲੇ ਹਨ ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ ਰੈਹਲ , ਕਰਨ ਸਿੰਘ ,ਪ੍ਰੋਫੈਸਰ ਜਗਜੀਤ ਸਿੰਘ ਕਾਹਲੋ , ਮਨੂੰ ਸੇਠ, ਗੁਰੀ ਬਰਸਟ, ਹਰਪ੍ਰੀਤ ਸਿੰਘ ਢੀਢਸਾ ਮੀਤ ਪ੍ਰਧਾਨ ਕਿਸਾਨ ਸੈਲ, ਯਾਦਵਿੰਦਰ ਸਿੰਘ ਢੀਂਡਸਾ, ਰਾਜੂ ਮੈਡੀਕਲ ,ਹੈਪੀ,ਲਖਵੀਰ ਸਿੰਘ ਤੂਰ ਦੀਪ ਨਗਰ ,ਬਲਵੀਰ ਸਿੰਘ ਰੈਹਿਲ, ਨਾਜਰ ਸਿੰਘ, ਗੁਲਜਾਰ ਸਿੰਘ, ਹਰਚੰਦ ਸਿੰਘ , ਕਰਮਜੀਤ ਸਿੰਘ ਆਨੰਦ ਨਗਰ ,ਸੁਖਜੀਤ ਸਿੰਘ ਭੰਗੂ ,ਦਵਿੰਦਰ ਸਿੰਘ ਲਚਕਾਣੀ ,ਤਰਸੇਮ ਸਿੰਘ ਰੈਹਿਲ , ਨਿਰਮਲ ਸਿੰਘ ਰੈਹਿਲ ,ਡਾਕਟਰ ਕਰਮਜੀਤ ਸਿੰਘ ਲਵਲੀ, ਗੁਲਜਾਰ ਸਿੰਘ , ਜਗਮੇਲ ਸਿੰਘ,ਪ੍ਰਿਤਪਾਲ ਸਿੰਘ , ਜਸਵੰਤ ਰੰਧਾਵਾ ਅਮਨ ਵਿਹਾਰ ,ਹਰਮੇਸ਼ ਸ਼ਰਮਾ ਸਰਪੰਚ ਦੀਪ ਨਗਰ, ਅਮਰਜੀਤ ਸਿੰਘ ਡਕੌਂਦਾ ,ਲਾਭ ਸਿੰਘ,ਧਰਮਪਾਲ ਸਿੰਘ ਮਰੋੜ ,ਭੀਮ ਸਿੰਘ, ਮੇਜਰ ਸਿੰਘ ਆਦਰਸ਼ ਕਲੋਨੀ ,ਕਿਰਪਾਲ ਸਿੰਘ ,ਗੁਰਮੀਤ ਸਿੰਘ ਦੀਪ ਨਗਰ ,ਗੁਰਦੀਪ ਸਿੰਘ ਗਗਨ ਵਿਹਾਰ,ਨਪਿੰਦਰ ਸਿੰਘ ਤੂਰ ਦੀਪ ਨਗਰ ਆਦਿ ਵੀ ਹਾਜ਼ਰ ਸਨ।

# ਕਾਂਗਰਸ ਦੇ ਸੀਨੀਅਰ ਆਗੂ ਨੀਟੂ ਸਕਸੈਨਾ ਆਪਣੇ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ



ਸੁਨਾਮ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਨਾਮ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਮਜ਼ਬੂਤੀ ਮਿਲੀ ਜਦੋਂ ਕਾਂਗਰਸ ਦੇ ਪੁਰਾਣੇ ਤੇ ਸਰਗਰਮ ਆਗੂ ਸ਼੍ਰੀ ਨੀਟੂ ਸਕਸੈਨਾ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਨੀਟੂ ਸਕਸੈਨਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਤੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਨੀਟੂ ਸਕਸੈਨਾ ਦੀ ਸ਼ਮੂਲੀਅਤ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤੀ ਮਿਲੇਗੀ ਅਤੇ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਪ੍ਰਾਪਤ ਹੋਵੇਗੀ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਚੁੱਕੀ ਹੈ ਅਤੇ ਵਿਕਾਸ ਦੇ ਕੰਮ ਬਿਨਾਂ ਕਿਸੇ ਭੇਦਭਾਵ ਦੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੁਨਾਮ ਸ਼ਹਿਰ ਦੇ ਹਰ ਵਾਰਡ ਵਿੱਚ ਬੁਨਿਆਦੀ ਸੁਵਿਧਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਪੂਰਾ ਸਹਿਯੋਗ ਕਰਨ ਤਾਂ ਜੋ ਸ਼ਹਿਰ ਦੇ ਵਿਕਾਸ ਕਾਰਜ ਹੋਰ ਤੇਜ਼ੀ ਨਾਲ ਕਰਵਾਏ ਜਾ ਸਕਣ। ਉਨ੍ਹਾਂ ਭਰੋਸਾ ਦਿੱਤਾ ਕਿ ਜਿੱਤਣ ਵਾਲੇ ਐਮ.ਸੀ. ਰਾਹੀਂ ਹਰ ਵਾਰਡ ਵਿੱਚ ਵਿਕਾਸ ਦੇ ਕੰਮਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਨੀਟੂ ਸਕਸੈਨਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਲੋਕਹਿਤੀ ਨੀਤੀਆਂ ਅਤੇ ਮੁੱਖ ਮੰਤਰੀ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਜਿੱਤ ਯਕੀਨੀ ਬਣਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।

ਇਸ ਮੌਕੇ ਆਪ ਵਿੱਚ ਸ਼ਾਮਲ ਹੋਣ ਵਾਲਿਆਂ ਅਤੇ ਹਾਜ਼ਰੀਨ ਵਿੱਚ ਚਰਨਜੀਤ ਕੌਰ, ਦਰਸ਼ਨ ਦਰਸ਼ੀ, ਸੋਨੂ, ਕਾਕਾ ਸਕਸੈਨਾ, ਗੁਰਜੀਤ ਗੱਗੀ, ਅਮਰਜੀਤ ਰਾਣੀ, ਪੱਪੂ, ਚਰਨਾ, ਪੂਨਮ ਰਾਣੀ, ਕੁਸਮਲਤਾ ਡੌਲੀ, ਆਰਤੀ, ਸਨੀ ਖਟੱਕ, ਡਾ. ਬੁੱਧਰਾਮ, ਰੂਪਰੇਖਾ, ਮੰਗਲ ਸਿੰਘ ਕਾਲਾ, ਤਰਸ਼ੇਮ ਚੌਧਰੀ, ਸ਼ਿੰਦਰ ਕੌਰ, ਘਨੱਈਆ ਲਾਲ, ਬਿੰਦੀ ਕੁਮਾਰ, ਬੰਟੀ ਸਿੰਘ, ਭਾਨੌ ਪ੍ਰਤਾਪ, ਮੁਕੇਸ਼ ਜੁਨੇਜਾ, ਅਮਰੀਕ ਧਾਲੀਵਾਲ, ਮਨਪ੍ਰੀਤ ਬਾਂਸਲ, ਹਰਵਿੰਦਰ ਨਾਮਧਾਰੀ, ਰਵੀ ਕੰਵਲ, ਸੋਨੂੰ ਵਰਮਾ, ਸਾਬ ਸਿੰਘ, ਕੁਲਵੀਰ ਭੰਗੂ ਸਮੇਤ ਪਾਰਟੀ ਦੇ ਹੋਰ ਆਗੂ ਅਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਐਡਵੋਕੇਟ ਖੱਟੜਾ ਨੇ ਕੀਤੀ ਸਿਰਕਤ



ਗੁਰੂ ਨਾਨਕ ਨਗਰ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਕੀਰਤਨੀ ਜੱਥਾ ਸੰਗਤਾਂ ਨੂੰ ਗੁਰਬਾਣੀ ਰਾਹੀਂ ਕਥਾ ਕੀਰਤਨ ਕਰਦਾ ਹੋਇਆ ਨਾਲ ਐਡਵੋਕੇਟ ਸਤਬੀਰ ਸਿੰਘ ਖੱਟੜਾ ਨਤਮਸਤਕ ਹੋਣ ਸਮੇਂ

ਪਟਿਆਲਾ, 9 ਮਈ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦਿਹਾਤੀ ਹਲਕੇ ਦੇ ਗੁਰਦੁਆਰਾ ਸਾਹਿਬ ਭਾਈ ਲਾਲੋ ਜੀ ਗੁਰੂ ਨਾਨਕ ਨਗਰ ਵਿਖੇ ਰਾਮਗੜ੍ਹੀਆ ਭਵਨ ਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਨੂੰ ਸਮਰਪਿਤ ਰਾਮਗੜ੍ਹੀਆ ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ ਜਿਨ੍ਹਾਂ ਦੀ ਸੰਪੂਰਨਤਾ ਮੌਕੇ ਪਟਿਆਲਾ ਦੇ ਦਿਹਾਤੀ ਹਲਕੇ ਦੇ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਏ ਅਤੇ ਸਮੁੱਚੀ ਸੰਗਤ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਉੱਥੇ ਹੀ ਸਮਾਗਮ ਮੌਕੇ ਗ੍ਰੰਥੀ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਜਿਸ ਉਪਰੰਤ ਵੱਖ-ਵੱਖ ਰਾਗੀ ਸਿੰਘਾਂ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਸਮਾਗਮ ਮੌਕੇ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਦੇ ਦਰਸਾਏ ਮਾਰਗ ਤੇ ਚੱਲਣਾ ਸਮੇਂ ਦੀ ਮੁੱਖ ਲੋੜ ਹੈ ਉੱਥੇ ਹੀ ਸਮੁੱਚੀ ਸੰਗਤ ਨੂੰ ਅਤੇ ਅੱਜ ਦੀ ਨੌਜਵਾਨ ਪੀੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੁੜਨਾ ਚਾਹੀਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰੇ ਵਜੋਂ ਕੰਮ ਕਰਦੀ ਹੈ।

ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣਾ ਚਾਹੀਦਾ ਹੈ ਇਸ ਮੌਕੇ ਰਾਮਗੜ੍ਹੀਆ ਬਿਰਾਦਰੀ ਦੀ ਸੰਗਤ ਨੇ ਵੱਧ ਚੜ ਕੇ ਸਮਾਗਮ ਵਿੱਚ ਸੇਵਾ ਨਿਭਾਈ

# ਕਰਮਜੀਤ ਸਿੰਘ ਸੰਗਤਪੁਰਾ ਦੇ ਭੋਗ ਸਮਾਗਮ 'ਚ ਪੁੱਜੇ ਰਾਜਨੀਤਕ ਅਤੇ ਧਾਰਮਿਕ ਆਗੂ



ਨਾਭਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨੀਂ ਸਿੱਖ ਪ੍ਰਚਾਰਕ ਰਾਗੀ ਭਾਈ ਜਗਜੀਤ ਸਿੰਘ ਸੰਗਤਪੁਰਾ 'ਤੇ ਪੱਤਰਕਾਰ ਅੰਮ੍ਰਿਤਪਾਲ ਸਿੰਘ ਸੰਗਤਪੁਰਾ ਦੇ ਸਤਿਕਾਰਯੋਗ ਵੱਡੇ ਭਰਾ ਸ: ਕਰਮਜੀਤ ਸਿੰਘ ਸੰਗਤਪੁਰਾ (ਵਾਟਰ ਸਪਲਾਈ ਡਿਪਾਰਟਮੇਂਟ) ਜੀ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਨਮਿਤ ਸ੍ਰੀ ਸਹਿਜਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਦੇ ਮੌਕੇ 'ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਅਤੇ ਧਾਰਮਿਕ ਸੰਸਥਾਵਾਂ ਦੇ ਸੰਤ ਮਹਾਂਪੁਰਸ਼ ਅਤੇ ਇਲਾਕੇ ਦੇ ਆਗੂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਸ ਮੌਕੇ ਤੇ ਵੱਖ ਵੱਖ ਆਗੂਆਂ ਨੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਕਿਹਾ ਕਿ ਸ: ਕਰਮਜੀਤ ਸਿੰਘ ਸੰਗਤਪੁਰਾ ਨੇ ਪੂਰਾ ਜੀਵਨ ਹੀ ਨੌਕਰੀ ਦੇ ਨਾਲ ਨਾਲ ਗੁਰਮਤਿ ਦੇ ਲੇਖੇ ਲਾਇਆ। ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਨੂੰ ਹਮੇਸ਼ਾ ਹੀ ਵੱਡਿਆਂ ਦਾ ਸਤਿਕਾਰ ਕਰਨ ਦੀ ਗੁੜ੍ਹਤੀ ਦਿੱਤੀ। ਉਨ੍ਹਾਂ ਕਿਹਾ ਕਿ ਕਰਮਜੀਤ ਸਿੰਘ ਸੰਗਤਪੁਰਾ ਦਾ ਅਚਨਚੇਤ ਸਦੀਵੀ ਵਿਛੋੜਾ ਪਰਿਵਾਰ ਲਈ ਨਾਂ ਪੂਰਾ ਹੋਣ ਵਾਲਾ ਘਾਟਾ ਹੈ। ਇਸ ਮੌਕੇ ਹੋਰਨਾਂ ਸਮੇਤ ਸਿੱਖ ਪ੍ਰਚਾਰਕ ਰਾਗੀ ਭਾਈ ਜਗਜੀਤ ਸਿੰਘ ਸੰਗਤਪੁਰਾ ਨੇ ਜਥੇ ਸਮੇਤ ਕੀਰਤਨ ਕੀਤਾ ਅਤੇ ਇਸ ਮੌਕੇ ਹੈੱਡ ਗ੍ਰੰਥੀ ਭਾਈ ਤਰਲੋਚਨ ਸਿੰਘ ਜੀ ਗੁ: ਅਲੌਹਰਾਂ ਸਾਹਿਬ ਵਾਲੇ,ਸੰਤ ਬਾਬਾ ਨਾਮਦੇਵ ਸਿੰਘ ਜੀ ਘੱਗੇ ਵਾਲੇ, ਬਾਬਾ ਕਿ ?ਸਨ ਸਿੰਘ ਜੀ ਅਲੌਹਰਾਂ ਸਾਹਿਬ ਵਾਲੇ,ਸੰਤ ਬਾਬਾ ਬਲਕਾਰ ਸਿੰਘ ਜੀ ਰੱਖੜੇ ਵਾਲੇ,ਸੰਤ ਬਾਬਾ ਨੈਬ ਸਿੰਘ ਜੀ ਬਹਾਦਰਗੜ ਵਾਲੇ,ਸੰਤ ਬਾਬਾ ਰਘਵੀਰ ਸਿੰਘ ਜੀ ਸ਼ੇਖੂਪੁਰ ਵਾਲੇ, ਸ਼੍ਰੀ ਵਿਜੇ ਇੰਦਰ ਸਿੰਗਲਾ ਸਾਬਕਾ ਕੈਬਨਿਟ ਮੰਤਰੀ ਪੰਜਾਬ, ਪ੍ਰਧਾਨ ਦਰਸ਼ਨ ਕਾਂਗੜਾ ਭਾਰਤੀ ਅੰਬੇਡਕਰ ਮਿਸ਼ਨ ਪੰਜਾਬ, ਡੀਐਸਪੀ ਦਰਸ਼ਨ ਸਿੰਘ, ਕਰਮਵੀਰ ਸਿੰਘ ਟੋਹੜਾ ਭਾਰਤੀਆਂ ਜੰਤਾ ਪਾਰਟੀ ਹਲਕਾ ਇੰਚਾਰਜ ਅਮਲੋਹ,ਬਾਬਾ ਹਰਕੇਸ਼ ਸਿੰਘ ਜੀ ਬੱਤੀ ਵਾਲੇ,ਕਥਾ ਵਾਚਕ ਭਾਈ ਪਾਲ ਸਿੰਘ ਜੀ ਮਸਤੂਆਣਾ ਸਾਹਿਬ, ਹੈੱਡ ਗ੍ਰੰਥੀ ਭਾਈ ਹਰਦੇਵ ਸਿੰਘ ਜੀ ਬਾਰਨ ਵਾਲੇ, ਭਾਈ ਬਚਿੱਤਰ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ,( ਸ਼ੋਕ ਸੰਦੇਸ਼ ਵਿੱਚ - ਗੁਰਤੇਜ ਸਿੰਘ ਬੂਹੀ ਪ੍ਰਧਾਨ ਅਜਾਦ ਪ੍ਰੈਸ ਕਲੱਬ ਨਾਭਾ,ਜੱਸੀ ਸੋਹੀਆਂ ਵਾਲਾ ਚੇਅਰਮੈਨ ਇੰਮਰਵੂਮੈਂਟ ਟਰੱਸਟ ਨਾਭਾ, ਪਰਮਜੀਤ ਸਿੰਘ ਸਹੋਲੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੁਤੰਤਰ, ਸਾਬਕਾ ਮੰਤਰੀ ਅਰਵਿੰਦ ਖੰਨਾ, ਡੀਐਸਪੀ ਗੁਰਿੰਦਰ ਸਿੰਘ ਬੱਲ, ਡੀਐਸਪੀ ਰਾਜਵਿੰਦਰ ਕੌਰ ਮੋਹਾਲੀ, ਡੀਜੀਪੀ ਏ ਐਸ ਰਾਏ ਚੰਡੀਗੜ੍ਹ, ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਅਲੌਹਰਾਂ ਸਾਹਿਬ, ਕੁਲਵਿੰਦਰ ਸਿੰਘ ਗੋਲਡੀ ਕਨੈਡਾ ਨਿਵਾਸੀ, ਬਾਬਾ ਪ੍ਰੀਤਮ ਸਿੰਘ ਜੀ ਰਾਜਪੁਰਾ ਵਾਲੇ, ਥਾਣੇਦਾਰ ਰਜਿੰਦਰ ਸਿੰਘ, ਥਾਣੇਦਾਰ ਬਲਵਿੰਦਰ ਸਿੰਘ, ਥਾਣੇਦਾਰ ਬਲਜੀਤ ਸਿੰਘ,ਜੋਰਾ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਡੀ.ਏ.ਵੀ. ਪਬਲਿਕ ਸਕੂਲ ਦੇ ਵਿਦਿਆਰਥੀ ਆਰਵ ਕੁਮਾਰ ਨੇ ਕੈਡੇਟ-17 ਸਟੇਟ ਫੈਨਸਿੰਗ ਚੈਂਪੀਅਨਸ਼ਿਪ ਵਿੱਚ ਜਿੱਤਿਆ ਸਿਲਵਰ ਮੈਡਲ



ਪਟਿਆਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਏ.ਵੀ. ਪਬਲਿਕ ਸਕੂਲ ਦੇ 7ਵੀਂ ਜਮਾਤ ਦੇ 13 ਸਾਲਾ ਹੋਣਹਾਰ ਵਿਦਿਆਰਥੀ ਆਰਵ ਕੁਮਾਰ ਨੇ ਕੈਡਟ ਅੰਡਰ-17 ਸਟੇਟ ਫੈਨਸਿੰਗ ਚੈਂਪੀਅਨਸ਼ਿਪ-2026, ਸੰਗਰੂਰ ਵਿਖੇ ਸੇਬਰ ਈਵੈਂਟ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਿਲਵਰ ਮੈਡਲ ਜਿੱਤ ਕੇ ਸਕੂਲ, ਮਾਪਿਆਂ ਅਤੇ ਪਟਿਆਲਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਪ੍ਰਾਪਤੀ ਦੇ ਆਧਾਰ 'ਤੇ ਆਰਵ ਕੁਮਾਰ ਦੀ ਚੋਣ ਕੈਡਟ-17 ਨੈਸ਼ਨਲ ਫੈਨਸਿੰਗ ਚੈਂਪੀਅਨਸ਼ਿਪ ਲਈ ਹੋਈ ਹੈ, ਜੋ 23 ਮਈ ਤੋਂ 2 ਮਈ 2026 ਤੱਕ ਰੁਦਰਪੁਰ, ਉਤਰਾਖੰਡ ਵਿਖੇ ਕਰਵਾਈ ਜਾਵੇਗੀ। ਇਸ ਮੁਕਾਬਲੇ ਵਿੱਚ ਉਹ ਪੰਜਾਬ ਦੀ ਨੁਮਾਇੰਦਗੀ ਕਰਨ ਦਾ ਮਾਣ ਹਾਸਲ ਕਰੇਗਾ।

ਇਥੇ ਦੱਸਣਯੋਗ ਹੈ ਕਿ ਆਰਵ ਕੁਮਾਰ ਨੇ ਕੈਡਟ ਅੰਡਰ-17 ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ। ਆਰਵ ਕੁਮਾਰ ਨੇ ਇੰਫਾਲ, ਮਨੀਪੁਰ ਵਿਖੇ 27ਵੀਂ ਸਬ-ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਜੋ ਕਿ 3 ਤੋਂ 8 ਨਵੰਬਰ 2025 ਨੂੰ ਹੋਈ ਸੀ। ਉਸ ਵਿੱਚ ਸੇਬਰ ਦੇ ਟੀਮ ਮੁਕਾਬਲਿਆਂ ਵਿੱਚ ਗੋਲਡ ਮੈਡਲ ਜਿੱਤਿਆ ਸੀ।

ਵਰਤਮਾਨ ਵਿੱਚ ਉਹ ਐਨ.ਐਸ.ਐਨ.ਆਈ.ਐਸ. ਪਟਿਆਲਾ ਵਿੱਚ ਕਮ-ਐਂਡ-ਪਲੇ ਸਕੀਮ ਅਧੀਨ ਫੈਨਸਿੰਗ ਖੇਡ ਦੀ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰ ਰਿਹਾ ਹੈ।

ਆਰਵ ਕੁਮਾਰ ਨੇ ਆਪਣੀ ਇਸ ਉਪਲਬਧੀ ਦਾ ਸਹਿਰਾ ਆਪਣੇ ਕੋਚਾਂ, ਅਧਿਆਪਕਾ ਅਤੇ ਐਨ.ਐਸ.ਐਨ.ਆਈ.ਐਸ ਦੇ ਸੀਨੀਅਰ ਐਗਜ਼ਿਕਿਊਟਿਵ ਡਾਇਰੈਕਟਰ (ਏ) ਵਿਨੀਤ ਕੁਮਾਰ ਜੀ ਦੀ ਪ੍ਰੇਰਣਾ ਅਤੇ ਸਹਿਯੋਗ ਨੂੰ ਦਿੱਤਾ। ਸਕੂਲ ਪ੍ਰਿੰਸੀਪਲ, ਵਿਵੇਕ ਤਿਵਾਰੀ ਅਤੇ ਸਟਾਫ ਨੇ ਵੀ ਵਿਦਿਆਰਥੀ ਦੀ ਇਸ ਸਫਲਤਾ 'ਤੇ ਖੁਸ਼ੀ ਜਤਾਉਂਦਿਆਂ ਉਸਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਮਾਤਮ 'ਚ ਬਦਲੀਆਂ ਖ਼ੁਸ਼ੀਆਂ: ਸੜਕ ਹਾਦਸੇ ਨੇ ਖੋਹਿਆ ਘਰ ਦਾ ਚਿਰਾਗ, ਤਿੰਨ ਭੈਣਾਂ ਦੇ ਸਿਰ ਤੋਂ ਉੱਠਿਆ ਭਰਾ ਦਾ ਸਾਇਆ

ਲੁਧਿਆਣਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਨੰਦਪੁਰ ਇਲਾਕੇ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਦੇ ਦੌਰਾਨ ਤਿੰਨ ਭੈਣਾਂ ਦੇ ਇਕਲੌਤੇ ਭਰਾ ਦੀ ਮੌਤ ਹੋ ਗਈ। ਇਹ ਭਿਆਨਕ ਦੁਰਘਟਨਾ ਇੱਕ ਕੈਂਟਰ ਚਾਲਕ ਦੀ ਲਾਪਰਵਾਹੀ ਦੇ ਕਾਰਨ ਵਾਪਰੀ ਹੈ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਨੌਜਵਾਨ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਰ ਜਾ ਰਿਹਾ ਸੀ। ਮ੍ਰਿਤਕ ਦੀ ਪਛਾਣ ਸਾਹਨੇਵਾਲ ਇਲਾਕੇ ਦੇ ਵਾਸੀ ਪਵਨ ਕੁਮਾਰ ਸ਼ਰਮਾ ਵਜੋਂ ਹੋਈ ਹੈ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਸਾਹਨੇਵਾਲ ਦੀ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਉਂਦਿਆਂ ਸਾਹਨੇਵਾਲ ਕਲਾਂ ਦੇ ਵਾਸੀ ਪ੍ਰਿੰਸ ਕੁਮਾਰ ਨੇ ਦੱਸਿਆ ਕਿ ਬੀਤੇ ਦਿਨ ਉਹ ਆਪਣੇ ਦੋਸਤ ਪਵਨ ਸ਼ਰਮਾ ਨਾਲ ਕੰਮ ਤੋਂ ਘਰ ਆ ਰਿਹਾ ਸੀ। ਉਹ ਦੋਵੇਂ ਆਪੋ-ਆਪਣੇ ਮੋਟਰਸਾਈਕਲਾਂ 'ਤੇ ਸਵਾਰ ਸਨ। ਪਵਨ ਉਸ ਤੋਂ ਥੋੜਾ ਜਿਹਾ ਅੱਗੇ ਚੱਲ ਰਿਹਾ ਸੀ। ਪ੍ਰਿੰਸ ਨੇ ਦੱਸਿਆ ਕਿ ਪਵਨ ਜਿਵੇਂ ਹੀ ਨੰਦਪੁਰ ਵਿੱਚ ਪੈਂਦੇ ਭਾਰਤ ਪੈਟਰੋਲ ਪੰਪ ਦੇ ਲਾਗੇ ਪਹੁੰਚਿਆ ਤਾਂ ਇੱਕ ਕੈਂਟਰ ਬਿਨਾਂ ਇੰਟੀਕੇਟਰ ਲਗਾਏ ਸੜਕ ਦੇ ਵਿਚਕਾਰ ਖੜਾ ਹੋਇਆ ਸੀ। ਹਨੇਰਾ ਹੋਣ ਕਾਰਨ ਪਵਨ ਸ਼ਰਮਾ ਨੂੰ ਕੈਂਟਰ ਸਬੰਧੀ ਜਾਣਕਾਰੀ ਨਹੀਂ ਮਿਲ ਸਕੀ ਅਤੇ ਉਸਦਾ ਤੇਜ਼ ਰਫਤਾਰ ਮੋਟਰਸਾਈਕਲ ਕੈਂਟਰ ਦੇ ਪਿੱਛੇ ਟਕਰਾ ਗਿਆ। ਹਾਦਸਾ ਇਸ ਕਦਰ ਭਿਆਨਕ ਸੀ ਕਿ ਪਵਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਮਾਤਾ-ਪਿਤਾ ਅਤੇ ਤਿੰਨ ਭੈਣਾਂ ਛੱਡ ਗਿਆ ਹੈ।

ਮੌਕਾ ਦੇਖਦੇ ਹੀ ਕੈਂਟਰ ਦਾ ਡਰਾਈਵਰ ਵਾਹਨ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਉਧਰੋਂ ਇਸ ਮਾਮਲੇ ਵਿੱਚ ਜਾਂਚ ਅਧਿਕਾਰੀ ਪਵਨਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਮ੍ਰਿਤਕ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਲਾਕੇ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਜਲਦੀ ਹੀ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

# ਮੋਦੀ ਦੀ ਅਗਵਾਈ ਚ ਭਾਜਪਾ ਨੇ ਹਰ ਸਟੇਟ ਵਿੱਚ ਖਿਲਾਇਆ ਕਮਲ ਦਾ ਫੁੱਲ: ਰਮਨਦੀਪ ਭਿਲੋਵਾਲ



ਪਟਿਆਲਾ, 9 ਮਈ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪੂਰੇ ਦੇਸ਼ ਅੰਦਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਨੇ ਭਾਜਪਾ ਨੂੰ ਉਚਾਈਆਂ ਵੱਲ ਤੋਰਦੇ ਹੋਏ ਹਰ ਸਟੇਟ ਅੰਦਰ ਕਮਲ ਦਾ ਫੁੱਲ ਖਿਲਾਇਆ ਹੈ ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਦੇਸ਼ ਦੇ ਲੋਕ ਹਰ ਪਾਸੇ ਭਾਜਪਾ ਨੂੰ ਹੀ ਚਾਹੁੰਦੇ ਹਨ ਤਾਂ ਹੀ ਆਏ ਚੋਣ ਨਤੀਜਿਆਂ ਵਿੱਚੋਂ ਤਿੰਨ ਸਟੇਟਾਂ ਵਿੱਚ ਭਾਜਪਾ ਦੀ ਹੂੰਜਾ ਫੇਰ ਜਿੱਤ ਹੋਈ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਯੂਥ ਆਗੂ ਰਮਨਦੀਪ ਸਿੰਘ ਭਿੱਲੋਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਉਹਨਾਂ ਕਿਹਾ ਕਿ ਪੰਜਾਬ ਅੰਦਰ ਵੀ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਭਾਜਪਾ ਦੀ ਸਰਕਾਰ ਬਣਨਾ ਤੈਅ ਹੈ ਕਿਉਂਕਿ ਪੰਜਾਬ ਦੇ ਲੋਕਾਂ ਨੇ ਵੀ ਹੋਰਨਾ ਸਟੇਟਾਂ ਵਾਂਗ ਹੁਣ ਤੋਂ ਹੀ ਮਨ ਬਣਾ ਲਿਆ ਹੈ ਕਿ ਸੂਬੇ ਅੰਦਰ ਵੀ ਭਾਜਪਾ ਦੀ ਸਰਕਾਰ ਕਮਾਂਡ ਸੰਭਾਲੇ ਤਾਂ ਜੋ ਡਬਲ ਇੰਜਨ ਦੀ ਸਰਕਾਰ ਸੂਬੇ ਦਾ ਵਿਕਾਸ ਕਾਰਜ ਜੰਗੀ ਪੱਧਰ ਤੇ ਕਰ ਸਕੇ ਕਿਉਂਕਿ ਕਾਂਗਰਸ ਅਤੇ ਆਪ ਦੇ ਰਾਜ ਦੌਰਾਨ ਪੰਜਾਬ ਦਾ ਵਿਕਾਸ ਨਾ ਹੋਣ ਕਾਰਨ ਭਾਰੀ ਨੁਕਸਾਨ ਹੋਇਆ ਜਿਸ ਦਾ ਖਾਮਿਆਜਾ ਪੰਜਾਬ ਦੇ ਲੋਕਾ ਨੂੰ ਭੁਗਤਣ ਲਈ ਮਜਬੂਰ ਹੋਣਾ ਪਿਆ ਉਨਾ ਕਿਹਾ ਕਿ ਭਾਜਪਾ ਨੇ ਹੁਣ ਤੋਂ ਹੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ ਅਤੇ ਬੂਥ ਪੱਧਰ ਤੇ ਭਾਜਪਾ ਨੂੰ ਮਜਬੂਤ ਕਰਕੇ 2027 ਅੰਦਰ ਇਕੱਲਿਆਂ ਭਾਜਪਾ ਦੀ ਸਰਕਾਰ ਬਣੇਗੀ ਲਿਹਾਜਾ ਭਾਜਪਾ ਦੀ ਸਰਕਾਰ ਬਣਨ ਉਪਰੰਤ ਹੀ ਸੂਬੇ ਅੰਦਰ ਖੁਸ਼ਹਾਲੀ ਤੇ ਤਰੱਕੀ ਆਵੇਗੀ।

# ਕੈਨੇਡਾ ਦੀ ਆਪਣੀ ਏਜੰਸੀ ਨੇ ਖਾਲਿਸਤਾਨੀ ਕੱਟੜਪੰਥੀ ਨੈੱਟਵਰਕਾਂ ਦੇ ਵਧ ਰਹੇ ਖਤਰੇ ਨੂੰ ਕਬੂਲਿਆ: ਭਾਰਤ

ਨਵੀਂ ਦਿੱਲੀ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਨੇ ਕੈਨੇਡੀਅਨ ਖੁਫੀਆ ਰਿਪੋਰਟ ਵਿੱਚ ਲਗਾਏ ਗਏ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਦੋਸ਼ਾਂ ਨੂੰ ਸਖ਼ਤੀ ਨਾਲ ਖਾਰਜ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਇਹ ਦੋਸ਼ ਪੂਰੀ ਤਰ੍ਹਾਂ 'ਬੇਬੁਨਿਆਦ' ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਰਤ ਇੱਕ ਅਜਿਹਾ ਲੋਕਤੰਤਰ ਹੈ ਜੋ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਦੂਜੇ ਦੇਸ਼ਾਂ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਦਾ ਹੈ। ਭਾਰਤ ਦੀ ਨੀਤੀ ਕਦੇ ਵੀ ਦੂਜੇ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਨਹੀਂ ਰਹੀ ਹੈ। ਜੈਸਵਾਲ ਨੇ ਅੱਗੇ ਕਿਹਾ ਕਿ ਅਜਿਹੇ ਗੰਭੀਰ ਮੁੱਦਿਆਂ ਨੂੰ ਜਨਤਕ ਬਿਆਨਬਾਜ਼ੀ ਜਾਂ ਸਿਆਸੀ ਰੰਗਤ ਦੇਣ ਦੀ ਬਜਾਏ ਸੰਸਥਾਗਤ ਤਰੀਕਿਆਂ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ।

ਭਾਰਤ ਨੇ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ (CSIS) ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕੈਨੇਡਾ ਦੀ ਆਪਣੀ ਏਜੰਸੀ ਨੇ ਖੁਦ ਕੈਨੇਡਾ ਵਿੱਚ ਮੌਜੂਦ ਖਾਲਿਸਤਾਨੀ ਕੱਟੜਪੰਥੀ ਨੈੱਟਵਰਕਾਂ ਦੇ ਵਧ ਰਹੇ ਖਤਰੇ ਨੂੰ ਸਵੀਕਾਰ ਕੀਤਾ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਮੁਤਾਬਕ ਰਿਪੋਰਟ ਵਿੱਚ ਮੰਨਿਆ ਗਿਆ ਹੈ ਕਿ ਖਾਲਿਸਤਾਨ ਪੱਖੀ ਤੱਤ ਕੈਨੇਡਾ ਵਿਚ ਸਰਗਰਮ ਹਨ ਜੋ ਨਾ ਸਿਰਫ਼ ਭਾਰਤ ਲਈ ਸਗੋਂ ਕੈਨੇਡਾ ਦੀ ਆਪਣੀ ਰਾਸ਼ਟਰੀ ਸੁਰੱਖਿਆ ਲਈ ਵੀ ਖਤਰਾ ਹਨ। ਰਿਪੋਰਟ ਇਹ ਵੀ ਦੱਸਦੀ ਹੈ ਕਿ ਕਿਵੇਂ ਇਹ ਕੱਟੜਪੰਥੀ ਲੋਕਤੰਤਰੀ ਆਜ਼ਾਦੀ ਦਾ ਫਾਇਦਾ ਉਠਾ ਕੇ ਫੰਡ ਇਕੱਠਾ ਕਰਦੇ ਹਨ ਅਤੇ ਹਿੰਸਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦੇ ਹਨ।

ਭਾਰਤ ਨੇ ਇੱਕ ਵਾਰ ਫਿਰ ਕੈਨੇਡੀਅਨ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਧਰਤੀ ਤੋਂ ਚੱਲ ਰਹੀਆਂ ਭਾਰਤ ਵਿਰੋਧੀ ਗਤੀਵਿਧੀਆਂ ਵਿਰੁੱਧ ਕਾਰਵਾਈ ਕਰਨ। ਇਸ ਵਿੱਚ ਭਾਰਤੀ ਡਿਪਲੋਮੈਟਾਂ ਨੂੰ ਧਮਕੀਆਂ ਦੇਣ, ਧਾਰਮਿਕ ਸਥਾਨਾਂ ਦੀ ਭੰਨ-ਤੋੜ ਕਰਨ ਅਤੇ ਰੈਫਰੈਂਡਮ ਦੇ ਨਾਮ 'ਤੇ ਵੱਖਵਾਦ ਨੂੰ ਹੁਲਾਰਾ ਦੇਣ ਵਰਗੇ ਮੁੱਦੇ ਸ਼ਾਮਲ ਹਨ। ਭਾਰਤ ਦਾ ਲਗਾਤਾਰ ਇਹ ਕਹਿਣਾ ਰਿਹਾ ਹੈ ਕਿ ਕੈਨੇਡਾ ਵੱਲੋਂ ਲਗਾਏ ਗਏ ਦੋਸ਼ ਸਿਆਸਤ ਤੋਂ ਪ੍ਰੇਰਿਤ ਹਨ ਅਤੇ ਇਨ੍ਹਾਂ ਦਾ ਕੋਈ ਪੁਖਤਾ ਸਬੂਤ ਨਹੀਂ ਹੈ, ਜਦਕਿ ਅਸਲ ਮੁੱਦਾ ਕੈਨੇਡਾ ਵੱਲੋਂ ਭਾਰਤ ਵਿਰੋਧੀ ਅਨਸਰਾਂ ਨੂੰ ਦਿੱਤੀ ਜਾ ਰਹੀ ਛੋਟ ਹੈ।

# ਸੂਬੇ ਅੰਦਰ ਹੋ ਰਹੇ ਬੰਬ ਧਮਾਕਿਆਂ ਰਾਹੀਂ ਆਪ ਸਰਕਾਰ ਪੰਜਾਬ ਦਾ ਮਾਹੌਲ ਕਰ ਰਹੀ ਹੈ ਖਰਾਬ : ਹਰਿਆਊ



ਪਟਿਆਲਾ, 9 ਮਈ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਜਿਸ ਦਿਨ ਤੋ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਤਾ ਸੰਭਾਲੀ ਹੈ ਉਸ ਦਿਨ ਤੋਂ ਹੀ ਲਾਇਨ ਆਰਡਰ ਦੀ ਸਥਿਤੀ ਕਮਜ਼ੋਰ ਬਣ ਕੇ ਰਹਿ ਗਈ ਹੈ ਜਿੱਥੇ ਸੂਬੇ ਅੰਦਰ ਦਿਨ ਦਿਹਾੜੇ ਕਤਲੋਗਾਰਤ, ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ਅਤੇ ਦਿਨ ਦਿਹਾੜੇ ਲੋਕਾਂ ਨੂ ਲੁੱਟਣ ਦੀਆਂ ਵਾਰਦਾਤਾਂ ਵਿੱਚ ਅਥਾ ਵਾਧਾ ਹੋਇਆ ਹੈ ਅਤੇ ਹੁਣ ਸ਼ਰੇਆਮ ਹੋ ਰਹੇ ਬੰਬ ਧਮਾਕੇ ਦੀ ਜਿੰਮੇਵਾਰ ਪੰਜਾਬ ਸਰਕਾਰ ਹੈ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਾਨੂੰਨੀ ਵਿਵਸਥਾ ਤੇ ਕੰਟਰੋਲ ਨਾ ਹੋਣ ਕਾਰਨ ਅਜਿਹੀਆਂ ਵਾਰਦਾਤਾਂ ਸੂਬੇ ਅੰਦਰ ਹੋ ਰਹੀਆਂ ਹਨ ਜਿਸ ਨਾਲ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਜ਼ਿਲਾ ਦਿਹਾਤੀ ਦੇ ਪ੍ਰਧਾਨ ਤੇ ਸਮਾਣਾ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ ਹਰਿਆਊ ਨੇ ਕਿਹਾ ਕਿ ਆਪ ਸਰਕਾਰ ਦਾ ਪੰਜਾਬ ਦੇ ਕਿਸਾਨਾਂ ਤੇ ਆਮ ਲੋਕਾਂ ਵੱਲ ਕੋਈ ਧਿਆਨ ਨਹੀਂ ਜਿੱਥੇ ਦਿਨ ਦਿਹਾੜੇ ਕਤਲੋਗਾਰਤ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵੱਡੇ ਪੱਧਰ ਤੇ ਵਧ ਰਹੀਆਂ ਹਨ ਜਿਸ ਨੂੰ ਰੋਕਣ ਲਈ ਪੰਜਾਬ ਸਰਕਾਰ ਫੇਲ ਸਾਬਤ ਹੋ ਰਹੀ ਹੈ। ਲਿਹਾਜਾ ਆਮ ਲੋਕਾਂ ਨੂੰ ਦਿਨ ਵੇਲੇ ਵੀ ਆਉਣ ਜਾਣ ਵਿੱਚ ਡਰ ਮਹਿਸੂਸ ਹੋਣ ਲੱਗ ਪਿਆ ਹੈ ਕਿਉਂਕਿ ਸੂਬੇ ਅੰਦਰ ਲੁਟੇਰੇ ਦਿਨ ਦਿਹਾੜੇ ਲੁੱਟਾਂ ਖੋਹਾਂ ਕਰਨ ਵਿੱਚ ਲੱਗੇ ਹੋਏ ਹਨ ਤਾਂ ਹੀ ਲੋਕਾਂ ਦੇ ਮਨਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਅਜਿਹੀਆਂ ਵਾਰਦਾਤਾਂ ਨਾਲ ਬਜ਼ੁਰਗ ਘਰਾਂ ਵਿੱਚ ਉਹ ਬਾਹਰ ਨਹੀਂ ਨਿਕਲ ਰਹੇ ਕਿਉਂਕਿ ਲੁਟੇਰੇ ਹੱਥਾਂ ਵਿੱਚੋਂ ਮੋਬਾਇਲ ਤੱਕ ਖੋਹ ਕੇ ਲੈ ਜਾਂਦੇ ਹਨ ਉਹਨਾਂ ਕਿਹਾ ਕਿ ਪੰਜਾਬ ਵਿੱਚ ਹੋਏ ਬੰਬ ਧਮਾਕਿਆਂ ਦਾ ਜ਼ੁੰਮੇਵਾਰ ਕਿਸੇ ਹੋਰ ਪਾਰਟੀਆਂ ਨੂੰ ਕਹਿਣ ਤੋ ਪਤਾ ਚੱਲਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਆਪਣੇ ਸੂਬੇ ਦੇ ਲੋਕਾਂ ਵੱਲ ਕੋਈ ਧਿਆਨ ਨਹੀਂ ਤਾਂ ਹੀ ਅਜਿਹੀ ਘਟੀਆ ਬਿਆਨਬਾਜ਼ੀ ਕਰਨ ਤੇ ਉਤਰੇ ਹੋਏ ਹਨ ਇਸ ਮੌਕੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਦਾਰਾਂ ਭੁਪਿੰਦਰ ਸਿੰਘ ਘਿਓਰਾ, ਮਲਕੀਤ ਚੀਮਾ ਧਰਮੇੜੀ ਜਨਰਲ ਸਕੱਤਰ ਯੂਥ ਅਕਾਲੀ ਦਲ ,ਕਸ਼ਮੀਰ ਸਿੰਘ ਸਰਪੰਚ ,ਹਰਮਨ ਬੱਲ, ਹਰਦਮ ਸਿੰਘ ਬੀਬੀਪੁਰ, ਗੁਰਪ੍ਰੀਤ ਵੜੈਚ, ਨਸੀਬ ਸਰਪੰਚ ,ਹਰਦੀਪ ਸਿੰਘ ਚੀਮਾ, ਸੋਨੂ ਰੰਧਾਵਾ ,ਹੁਸ਼ਿਆਰ ਸਿੰਘ ਚੀਮਾ, ਮੈਂਬਰ ਬਲਾਕ ਸੰਮਤੀ ਨਿਸ਼ਾਨ ਸਿੰਘ ਸੰਧੂ ਅਮਰਜੀਤ ਸਿੰਘ ਗੁਰਾਇਆ, ਅਮਰਜੀਤ ਸਿੰਘ ਟੋਡਰਪੁਰ ਸਾਬਕਾ ਚੇਅਰਮੈਨ, ਬਲਜਿੰਦਰ ਸਿੰਘ ਬੱਲੀ ਕੌਮੀ ਜਨਰਲ ਸਕੱਤਰ ਯੂਥ ਅਕਾਲੀ ਦਲ, ਵਰਿੰਦਰ ਸਿੰਘ ਖੇੜਕੀ, ਗੁਰਤੇਜ ਸਿੰਘ ਘੁਮਾਣ, ਗੁਰਵਿੰਦਰ ਸਿੰਘ ,ਗੁਰਸੇਵਕ ਸਿੰਘ ,ਬਾਬਰ ਸਿੰਘ ਸਰਪੰਚ ਗੁਰਜੰਟ ਸਿੰਘ ਮਵੀ, ਰਾਜਵਿੰਦਰ ਸਿੰਘ ਰਾਜੂ ,ਚਰਨਜੀਤ ਸਿੰਘ ਸਰਪੰਚ, ਗੁਰਜਿੰਦਰ ਸਿੰਘ ਚਤੈਰਾ, ਜਿੰਦਾ ਸਸਾਗੁਜਰਾ, ਅਜੈਬ ਸਿੰਘ ਮੱਲੀ ਦਫਤਰ ਇੰਚਾਰਜ ਸਮਾਣਾ ਆਦਿ ਵੀ ਹਾਜ਼ਰ ਸਨ।

# ਰਵਜੋਤ ਗਰੇਵਾਲ ਆਈ.ਪੀ.ਐੱਸ. ਨੇ ਸੰਗਰੂਰ ਦੇ ਨਵੇਂ ਐਸ.ਐਸ.ਪੀ. ਵਜੋਂ ਅਹੁਦਾ ਸੰਭਾਲਿਆ



ਸੰਗਰੂਰ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੰਗਰੂਰ ਵਿਖੇ ਨਵੇਂ ਐਸ.ਐਸ.ਪੀ. ਵਜੋਂ ਤਾਇਨਾਤ ਕੀਤੇ ਆਈ.ਪੀ.ਐਸ. ਅਧਿਕਾਰੀ ਰਵਜੋਤ ਗਰੇਵਾਲ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਪੁਲਿਸ ਦੀ ਟੁਕੜੀ ਵੱਲੋਂ ਉਹਨਾਂ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ।

ਇਸ ਮੌਕੇ ਰਵਜੋਤ ਗਰੇਵਾਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਮਨ-ਕਾਨੂੰਨ ਦੀ ਸਥਿਤੀ ਬਣਾਏ ਰੱਖਣ ਸਮੇਤ ਨਸ਼ਿਆਂ ਅਤੇ ਜੁਰਮ ਦੀ ਰੋਕਥਾਮ ਲਈ ਪੁਲਿਸ ਨੂੰ ਸਹਿਯੋਗ ਕਰਨ।

ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਜ਼ਿਲ੍ਹਾ ਵਾਸੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਹਰੇਕ ਨਾਗਰਿਕ ਦਾ ਉਹਨਾਂ ਦੇ ਦਫ਼ਤਰ ਵਿਖੇ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ।

ਉਨਾਂ ਕਿਹਾ ਕਿ ਥਾਣਿਆਂ, ਪੁਲਿਸ ਚੌਕੀਆਂ ਅਤੇ ਪੁਲਿਸ ਵਿਭਾਗ ਦੇ ਦਫਤਰਾਂ ਵਿਚ ਲੋਕਾਂ ਦੀ ਹਰ ਮੁਸ਼ਕਿਲ ਹੱਲ ਕਰਨਾ ਯਕੀਨੀ ਬਣਾਇਆ ਜਾਵੇਗਾ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਨਕੇਲ ਹੋਰ ਕੱਸੀ ਜਾਵੇਗੀ ਅਤੇ ਜ਼ਿਲ੍ਹੇ ਅੰਦਰ ਅਮਨ, ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਪੁਲਿਸ ਪ੍ਰਸ਼ਾਸਨ ਦੀ ਪ੍ਰਮੁੱਖਤਾ ਹੋਵੇਗੀ।

ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਬਹਾਲ ਰੱਖਣ, ਜ਼ੁਰਮ ਰਹਿਤ ਜ਼ਿਲ੍ਹਾ ਬਣਾਈ ਰੱਖਣ ਲਈ ਲੋਕਾਂ ਦਾ ਮਿਲਵਰਤਨ ਬਹੁਤ ਜ਼ਰੂਰੀ ਹੈ।

# ਗੁਰਮੀਤ ਸਿੰਘ ,ਪੀ.ਪੀ.ਐਸ. ਨੇ ਬਤੌਰ ਸੀਨੀਅਰ ਪੁਲਿਸ ਕਪਤਾਨ ਮਾਲੇਰਕੋਟਲਾ ਦਾ ਅਹੁਦਾ ਸੰਭਾਲਿਆ, ਲੋਕ-ਕੇਂਦਰਿਤ ਪੁਲਿਸਿੰਗ 'ਤੇ ਦਿੱਤਾ ਜ਼ੋਰ



ਮਲੇਰਕੋਟਲਾ, 9 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਗੁਰਮੀਤ ਸਿੰਘ, ਪੀ.ਪੀ.ਐਸ. ਨੇ ਅੱਜ ਜ਼ਿਲ੍ਹਾ ਮਾਲੇਰਕੋਟਲਾ ਦੇ ਨਵੇਂ ਸੀਨੀਅਰ ਪੁਲਿਸ ਕਪਤਾਨ ਵਜੋਂ ਅਹੁਦਾ ਸੰਭਾਲ ਲਿਆ। ਚਾਰਜ ਸੰਭਾਲਣ ਮੌਕੇ ਉਨ੍ਹਾਂ ਨੂੰ ਪੁਲਿਸ ਟੁਕੜੀ ਵੱਲੋਂ ਸ਼ਾਨਦਾਰ ਗਾਰਡ ਆਫ਼ ਆਨਰ ਪੇਸ਼ ਕੀਤਾ ਗਿਆ। ਜਿਕਰਯੋਗ ਹੈ ਕਿ ਗੁਰਮੀਤ ਸਿੰਘ ਇਸ ਤੋਂ ਪਹਿਲਾਂ ਐਸ.ਐਸ.ਪੀ. ਫਾਜ਼ਿਲਕਾ, ਐਸ.ਐਸ.ਪੀ.ਜਲੰਧਰ ਦਿਹਾਤੀ, ਏ.ਆਈ.ਜੀ. ਸੀ.ਆਈ.ਡੀ., ਏ.ਆਈ.ਜੀ. ਵਿਜੀਲੈਂਸ ਸਮੇਤ ਕਈ ਮਹੱਤਵਪੂਰਨ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਦੇ ਪ੍ਰਸ਼ਾਸਨਿਕ ਤਜਰਬੇ ਅਤੇ ਕਾਬਲੀਅਤ ਨੂੰ ਦੇਖਦਿਆਂ ਜ਼ਿਲ੍ਹਾ ਵਾਸੀਆਂ ਵਿੱਚ ਨਵੀਆਂ ਉਮੀਦਾਂ ਜਾਗੀਆਂ ਹਨ।

ਅਹੁਦਾ ਸੰਭਾਲਣ ਉਪਰੰਤ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਸੰਵੇਦਨਸ਼ੀਲ ਪੁਲਿਸ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ।

ਉਨ੍ਹਾਂ ਹਦਾਇਤ ਕੀਤੀ ਕਿ ਅਮਨ-ਕਾਨੂੰਨ ਦੀ ਸਥਿਤੀ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਣ ਲਈ ਪੂਰੀ ਮੁਸਤੈਦੀ ਨਾਲ ਕੰਮ ਕੀਤਾ ਜਾਵੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਸੁਣ ਕੇ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਤਸਕਰੀ, ਸਾਈਬਰ ਕਰਾਈਮ, ਜਾਇਦਾਦੀ ਅਪਰਾਧਾਂ, ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਸਮੇਤ ਸਨਸਨੀਖੇਜ਼ ਘਟਨਾਵਾਂ ਨੂੰ ਰੋਕਣਾ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਰਹੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਅਪਰਾਧ ਅਤੇ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨਾਲ ਕੋਈ ਰਹਿਮ ਨਹੀਂ ਕੀਤਾ ਜਾਵੇਗਾ।

ਐਸ.ਐਸ.ਪੀ. ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਅਤੇ ਅਪਰਾਧਾਂ ਖ਼ਿਲਾਫ਼ ਚੱਲ ਰਹੀ ਮੁਹਿੰਮ ਵਿੱਚ ਪੁਲਿਸ ਦਾ ਨਿਡਰ ਹੋ ਕੇ ਸਾਥ ਦੇਣ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਲੋਕਾਂ ਦੀ ਆਪਸੀ ਸਾਂਝ ਨਾਲ ਹੀ ਸੁਰੱਖਿਅਤ ਅਤੇ ਸ਼ਾਂਤਮਈ ਸਮਾਜ ਦੀ ਸਿਰਜਣਾ ਸੰਭਵ ਹੈ।

ਉਨ੍ਹਾਂ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਅਫ਼ਵਾਹਾਂ ਅਤੇ ਭੜਕਾਊ ਸੰਦੇਸ਼ਾਂ ਤੋਂ ਸਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਅਣਪੁਸ਼ਟੀ ਜਾਣਕਾਰੀ 'ਤੇ ਵਿਸ਼ਵਾਸ ਨਾ ਕੀਤਾ ਜਾਵੇ। ਉਨ੍ਹਾਂ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪੁਲਿਸ ਆਮ ਲੋਕਾਂ ਦੀ ਹਮਦਰਦ ਹੈ ਅਤੇ ਹਰ ਨਾਗਰਿਕ ਨਾਲ ਪੂਰੇ ਮਾਣ-ਸਤਿਕਾਰ ਅਤੇ ਨਿਰਪੱਖਤਾ ਨਾਲ ਪੇਸ਼ ਆਇਆ ਜਾਵੇਗਾ।

ਇਸ ਮੌਕੇ ਇਸ ਮੌਕੇ ਐਸ.ਪੀ( ਐਚ) ਗੁਰਸ਼ਰਨਜੀਤ ਸਿੰਘ, ਐਸ.ਪੀ.(ਇੰਨ) ਰਾਜਵਿੰਦਰ ਸਿੰਘ, ਡੀ.ਐਸ.ਪੀ. ਸਤੀਸ਼ ਕੁਮਾਰ, ਡੀ.ਐਸ.ਪੀ.(ਐਚ) ਸੁਮਿਤ ਸੂਦ,ਡੀ.ਐਸ.ਪੀ.(ਇੰਨ.)ਦੀਪਇੰਦਰ ਸਿੰਘ,ਡੀ.ਐਸ.ਪੀ .ਮਾਲੇਰਕੋਟਲਾ ਮਾਨਵਜੀਤ ਸਿੰਘ, ਡੀ.ਐਸ.ਪੀ.ਅਹਿਮਦਗੜ੍ਹ ਸੁਖਦੇਵ ਸਿੰਘ ਬਰਾੜ,ਡੀ.ਐਸ.ਪੀ. ਅਮਰਗੜ੍ਹ ਸੰਜੀਵ ਕਪੂਰ,ਡੀ.ਐਸ.ਪੀ. ਯਾਦਵਿੰਦਰ ਸਿੰਘ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਸੰਭਾਵਨਾਮਈ ਸ਼ਾਇਰ

ਹਰਮਨ ਸੂਫ਼ੀ ਪੰਜਾਬੀ ਦਾ ਉਭਰਦਾ ਸ਼ਾਇਰ ਹੈ। ਸੂਫ਼ੀ ਉਸ ਦਾ ਤਖ਼ੱਲਸ ਹੈ। ਉਸ ਦਾ ਅਸਲ ਨਾਂ ਹਰਮਨ ਰਾਏ ਹੈ। ਹਰਮਨ ਦਾ ਜਨਮ 12 ਅਗਸਤ 1992 ਨੂੰ ਪਿਤਾ ਦਲਜੀਤ ਸਿੰਘ ਤੇ ਮਾਤਾ ਹਰਜਿੰਦਰ ਕੌਰ ਦੇ ਘਰ ਪਿੰਡ ਲਹਿਰਾ ਬਰਾਸਤਾ-ਡੇਹਲੋਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਸ ਨੇ ਦਸਵੀਂ ਤਕ ਦੀ ਪੜ੍ਹਾਈ ਬੁਟਾਹਰੀ ਅਤੇ ਬਾਰ੍ਹਵੀਂ ਸਿਆੜ ਪਿੰਡ ਦੇ ਸਰਕਾਰੀ ਸਕੂਲ ਤੋਂ ਕੀਤੀ। ਉਸ ਤੋਂ ਬਾਅਦ ਬੀਐੱਸਸੀ ਆਈਟੀ ਅਤੇ ਐੱਮਸੀਏ ਅਹਿਮਦਗੜ੍ਹ ਤੋਂ ਕੀਤੀ। ਹਰਮਨ ਸੂਫ਼ੀ ਨੂੰ ਪੰਜਾਬੀ, ਅੰਗਰੇਜ਼ੀ, ਹਿੰਦੀ ਭਾਸ਼ਾ ਦੇ ਨਾਲ-ਨਾਲ ਉਰਦੂ ਭਾਸ਼ਾ ਦਾ ਵੀ ਚੰਗਾ ਗਿਆਨ ਹੈ। ਕਿਤਾਬਾਂ ਪੜ੍ਹਨ ਦੀ ਚੇਟਕ ਬਚਪਨ ਤੋਂ ਹੀ ਲੱਗ ਗਈ ਪਰ ਲਿਖਣਾ ਉਸ ਨੇ 2011 ਵਿਚ ਸ਼ੁਰੂ ਕੀਤਾ। ਹਰਮਨ ਦੀ ਸੰਜੀਦਗੀ ਉਸ ਦੀਆਂ ਰਚਨਾਵਾਂ ਵਿਚ ਝਲਕਦੀ ਹੈ। ਆਓ ਹਰਮਨ ਦੀਆਂ ਰਚਨਾਵਾਂ ਦਾ ਅਨੰਦ ਮਾਣਦੇ ਹਾਂ।



ਹਰਮਨ ਸੂਫ਼ੀ
95928-80840

• ਜਸਪ੍ਰੀਤ ਕੌਰ ਸੰਘਾ

### ਕਵਿਤਾਵਾਂ

## ਮੇਰੀਆਂ ਆਸਾਂ



ਬੇੜੀਆਂ ਪੈਰਾਂ 'ਚ ਨੇ ਪਰ ਚੱਲਣਾ ਜਾਰੀ ਰਿਹਾ।
ਮੁਸ਼ਕਿਲਾਂ ਦੇ ਨਾਲ ਸਾਡਾ ਜੂਝਣਾ ਜਾਰੀ ਰਿਹਾ।

ਜ਼ਾਲਮਾਂ ਨੇ ਕੱਟ ਦਿੱਤੇ ਖੰਭ ਇਨ੍ਹਾਂ ਦੇ ਮਗਰ,
ਪੰਛੀਆਂ ਦਾ ਸੁਪਨਿਆਂ ਵਿਚ ਉੱਡਣਾ ਜਾਰੀ ਰਿਹਾ।

ਹਰ ਕਦਮ 'ਤੇ ਮੰਜਿਲਾਂ ਨੇ ਪੈਰ ਤੇਰੇ ਚੁੰਮਣੇ,
ਜ਼ਿੰਦਗੀ ਸਾਰੀ ਤੇਰਾ ਜੇ ਰੁਮਕਣਾ ਜਾਰੀ ਰਿਹਾ।

ਵੇਖਦੇ ਹੀ ਵੇਖਦੇ ਫੁੱਲ ਝੜ ਗਏ ਸਭ ਬਾਗ਼ ਦੇ,
ਮੌਸਮਾਂ ਦਾ ਇਸ ਤਰ੍ਹਾਂ ਵੀ ਰੁੱਸਣਾ ਜਾਰੀ ਰਿਹਾ।

ਲੋੜ ਪੂਰੀ ਹੋਣ ਮਗਰੋਂ ਕੰਡ ਦੇ ਕੇ ਤੁਰ ਗਏ,
ਦੋਸਤਾਂ ਦਾ ਇੰਝ ਮੈਨੂੰ ਵਰਤਣਾ ਜਾਰੀ ਰਿਹਾ।

ਸੱਧਰਾਂ ਸਭ ਖ਼ਾਬ ਬਣੀਆਂ ਸੋਚ ਪੱਥਰ ਵਾਂਗ ਸੀ
ਮੇਰੀਆਂ ਆਸਾਂ ਦਾ ਐਪਰ ਤੜਫਣਾ ਜਾਰੀ ਰਿਹਾ।

************************************

ਤੇਰੇ ਬਿਨ੍ਹਾਂ ਤਾਂ ਦਿਨ ਵੀ ਲੰਘਦਾ ਹੈ ਸਾਲ ਵਾਂਗਰ।
ਰੱਖ ਨਾਲ-ਨਾਲ ਆਪਣੇ ਮੈਨੂੰ ਰੁਮਾਲ ਵਾਂਗਰ।

ਰਾਹਾਂ ਭੁੱਲਣ ਰਾਹੀ ਅਕਸਰ ਹੀ ਦੇਖ ਉਸ ਨੂੰ,
ਸੱਜਣਾ ਦੀ ਚਾਲ ਲੱਗਦੀ ਮੋਰਾਂ ਦੀ ਚਾਲ ਵਾਂਗਰ।
ਲੋਕਾਂ ਦੇ ਨਾਲ ਰਲ ਕੇ ਆਖ਼ਰ ਮੇਰਾ ਹੀ ਦਿਲਬਰ,
ਠੱਗ ਕੇ ਹੀ ਲੈ ਗਿਆ ਹੈ ਭੈੜੇ ਦਲਾਲ ਵਾਂਗਰ।

ਤੈਨੂੰ ਅਸੀਂ ਸਜਾ ਕੇ ਰੱਖਿਆ ਹੈ ਦਿਲ ਦੇ ਅੰਦਰ,
ਚੜ੍ਹਦੀ ਬਹਾਰ ਦੇ ਇਕ ਆਉਂਦੇ ਖ਼ਿਆਲ ਵਾਂਗਰ.

ਤੇਰੀ ਹੀ ਦੀਦ ਖ਼ਾਤਰ 'ਸੂਫ਼ੀ' ਰਿਹਾ ਤੜਫਦਾ,
ਹੁੰਦੇ ਕਸਾਈ ਹੱਥੋ ਬੱਕਰੇ ਹਲਾਲ ਵਾਂਗਰ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।

editormail@punjabi.jagran.com

---

**ਅਕਸਰ ਸੱਸ ਨੂੰਹ ਨੂੰ ਸੱਸ ਬਣ ਕੇ ਦਿਖਾਉਣ ਦੇ ਮੌਕੇ ਲੱਭਦੀ ਰਹਿੰਦੀ ਹੈ ਮਾਂ ਬਣਨ ਦੀ ਕਦੇ ਕੋਸ਼ਿਸ਼ ਨਹੀਂ ਕਰਦੀ ਤੇ ਨੂੰਹ ਸੱਸ ਨੂੰ ਨੂੰਹ ਬਣ ਕੇ ਦਿਖਾਉਂਦੀ ਹੈ ਉਹ ਧੀ ਬਣਨ ਨੂੰ ਕਦੇ ਨਹੀਂ ਲੋਚਦੀ...**



# ਜਗ-ਜਣਨੀ ਨੂੰ ਦਿਉ ਸ਼ਾਂਤਮਈ ਵਾਤਾਵਰਨ

ਮੁਹੰਮਦ ਬਸ਼ੀਰ

ਅਜੋਕਾ ਦਾ ਮਨੁੱਖ ਅਖੌਤੀ ਵਿਸ਼ਵ ਪਰਿਵਾਰ ਦੇ ਸੁਪਨਿਆਂ 'ਤੇ ਆਧਾਰਤ ਸਿਰਜੇ ਮਾਹੌਲ ਵਿਚ ਜੀ ਕੇ ਆਪਣੇ ਆਪ ਨੂੰ ਖ਼ੁਸ਼ ਅਤੇ ਸਤੁੰਸ਼ਟ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਜਦੋਂ ਕਿ ਸੱਚਾਈ ਇਹ ਹੈ ਕਿ ਪਦਾਰਥਵਾਦ ਦੀ ਚੱਲ ਰਹੀ ਹਨੇਰੀ ਵਿਚ ਤਾਂ ਭਾਰਤ ਦੀ ਸ਼ਾਨ ਸਮਝੇ ਜਾਂਦੇ ਸਾਂਝੇ ਪਰਿਵਾਰ ਹੀ ਟੁੱਟ ਕੇ ਖੇਰੂ-ਖੇਰੂ ਹੋ ਚੁੱਕੇ ਹਨ। ਅੱਜ ਸਾਡਾ ਸਮਾਜ ਅਜਿਹੇ ਕਾਲੇ ਕਾਲ ਵਿੱਚੋਂ ਲੰਘ ਰਿਹਾ ਹੈ ਜਿੱਥੇ ਦੋ ਭਰਾ ਇਕ ਛੱਤ ਹੇਠ ਰਹਿਣ ਨੂੰ ਤਿਆਰ ਨਹੀਂ। ਮਾਪਿਆਂ ਨੂੰ ਬੋਝ ਸਮਝ ਕੇ ਬੱਚੇ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਆ ਰਹੇ ਹਨ। ਭੈਣ ਭਰਾਵਾਂ ਦੇ ਰਿਸ਼ਤਿਆਂ ਦੀਆਂ ਮਜ਼ਬੂਤ ਤੰਦਾਂ ਬੋਦੀਆਂ ਹੋ ਚੁੱਕੀਆਂ ਹਨ। ਮਾਪਿਆਂ ਅਤੇ ਬੱਚਿਆਂ ਦੇ, ਭੈਣਾਂ ਅਤੇ ਭਰਾਵਾਂ ਦੇ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਵਾਲੀਆਂ ਖ਼ਬਰਾਂ ਨਿੱਤ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ ਨਜ਼ਰ ਆਉਂਦੀਆਂ ਹਨ। ਪਤੀ-ਪਤਨੀ ਛੋਟੀਆਂ-ਛੋਟੀਆਂ ਗੱਲਾਂ ਦੇ ਕਾਰਨ ਇਕ ਦੂਜੇ ਤੋਂ ਤਲਾਕ ਲੈ ਕੇ ਅਲੱਗ ਰਹਿਣ ਨੂੰ ਪਹਿਲ ਦਿੰਦੇ ਹਨ। ਪਵਿਤਰ ਸਮਝੇ ਜਾਂਦੇ ਇਸ ਰਿਸ਼ਤੇ ਤੋਂ ਛੁਟਕਾਰਾ ਪਾਉਣ ਲਈ ਕੋਰਟ ਕਚਿਹਰੀਆਂ ਦੇ ਚੱਕਰ ਲਾ ਕੇ ਜ਼ਲੀਲ ਹੋ ਰਹੇ ਹਨ। ਬਜ਼ੁਰਗਾਂ ਦੀ ਗੱਲ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ ਸਗੋਂ ਉਨ੍ਹਾਂ ਦੀ ਸਲਾਹ ਨੂੰ ਧਿਆਨ ਨਾਲ ਸੁਣਨ ਦੀ ਖੇਚਲ ਹੀ ਨਹੀਂ ਕੀਤੀ ਜਾਂਦੀ।

### ਇਖ਼ਲਾਕੀ ਗਿਰਾਵਟ

ਅਜੋਕੀ ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ 'ਚ ਉਲਝੀ ਨਜ਼ਰ ਆਉਂਦੀ ਹੈ। ਇਹ ਸਾਡੇ ਸਮਾਜ ਵਿਚ ਆਈ ਇਖ਼ਲਾਕੀ ਗਿਰਾਵਟ ਨਹੀਂ ਤਾਂ ਹੋਰ ਕੀ ਹੈ? ਕੁਝ ਸਮਾਂ ਪਹਿਲਾਂ ਸਾਂਝੇ ਪਰਿਵਾਰਾਂ ਵਿਚ ਜਦੋਂ ਕੋਈ ਪਰਿਵਾਰ ਦਾ ਬਜ਼ੁਰਗ ਜਾਂ ਵੱਡਾ ਕੋਈ ਗੱਲ ਕਰਦਾ ਸੀ ਤਾਂ ਬਾਕੀ ਪਰਿਵਾਰਕ ਮੈਂਬਰ ਚੁੱਪ-ਚਾਪ ਸੁਣਦੇ ਸੀ ਤੇ ਸੁਣੀ ਹੋਈ ਗੱਲ ਤੇ ਅਮਲ ਕਰਦੇ ਸੀ। ਕਦੇ ਕੋਈ ਮੈਂਬਰ ਉਨ੍ਹਾਂ ਦੀ ਗੱਲ ਕੱਟਣ ਦੀ ਕੋਸ਼ਿਸ਼ ਨਹੀਂ ਕਰਦਾ ਸੀ। ਮਾਪਿਆਂ ਅਤੇ ਵੱਡਿਆਂ ਦਾ ਸਤਿਕਾਰ ਕਰਨ ਨੂੰ ਧਰਮ ਦਾ ਹਿੱਸਾ ਮੰਨਿਆ ਜਾਂਦਾ ਸੀ ਪਰ ਜਦੋਂ ਤੋਂ ਘਰਾਂ ਵਿਚ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਹੋੜ ਜਿਹੀ ਲੱਗੀ ਹੈ ਉਦੋਂ ਤੋਂ ਹੀ ਛੋਟੀਆਂ-ਛੋਟੀਆਂ ਗੱਲਾਂ ਤੇ ਤੂੰ-ਤੂੰ ਮੈਂ-ਮੈਂ ਜਾਂ ਲੜਾਈ-ਝਗੜੇ ਸ਼ੁਰੂ ਹੋ ਗਏ ਹਨ। ਉਦੋਂ ਤੋਂ ਹੀ ਖ਼ੁਸ਼ੀਆਂ ਭਰੇ ਹੱਸਦੇ ਵਸਦੇ ਘਰਾਂ ਵਿਚ ਨਫ਼ਰਤ ਦੀਆਂ ਲਾਟਾਂ ਨਜ਼ਰ ਆਉਣ ਲੱਗੀਆਂ ਹਨ। ਇਹ ਇਕ ਸਥਾਪਤ ਸੱਚਾਈ ਹੈ ਕਿ ਮਾਪੇ ਜਿਵੇਂ ਵਿਚਰਦੇ ਹਨ ਅਤੇ ਜਿਵੇਂ ਦੇ ਜੀਵਨ ਮੁੱਲਾਂ ਦੇ ਧਾਰਨੀ ਹੁੰਦੇ ਹਨ ਉਨ੍ਹਾਂ ਦੀ ਔਲਾਦ ਇਸ ਸਾਰੇ ਕੁਝ ਨੂੰ ਅਚੇਤ ਜਾਂ ਸੁਚੇਤ ਰੂਪ ਵਿਚ ਧਾਰਨ ਕਰਦੀ ਜਾਂਦੀ ਹੈ। ਸਹਿਣਸ਼ੀਲਤਾ, ਪਿਆਰ, ਵੱਡਿਆਂ ਦਾ ਸਤਿਕਾਰ, ਇਮਾਨਦਾਰੀ, ਦਿਆਨਤਦਾਰੀ, ਮਿਹਨਤ, ਸਕਾਰਾਤਮਕ ਸੋਚ, ਸੰਜਮ, ਆਸ਼ਾਵਾਦ ਆਦਿ ਗੁਣ ਸਿੱਖਣ ਲਈ ਪਰਿਵਾਰ ਬੱਚੇ ਲਈ ਪਹਿਲਾ ਸਕੂਲ ਹੁੰਦਾਂ ਹੈ।

### ਪਰਸਪਰ ਸਬੰਧ

ਜਦੋਂ ਪਤੀ-ਪਤਨੀ ਦੇ ਪਰਸਪਰ ਸਬੰਧਾਂ ਵਿਚ ਆਪਸੀ ਸਹਿਯੋਗ, ਪਿਆਰ, ਸਤਿਕਾਰ, ਵਿਸ਼ਵਾਸ ਅਤੇ ਇਕ ਦੂਜੇ ਦੀ ਖ਼ੁਸ਼ੀ ਲਈ ਆਪਾ ਵਾਰਨ ਦੀ ਭਾਵਨਾ ਵਿਚ ਤੋੜ ਪੈਣੀ ਸ਼ੁਰੂ ਹੁੰਦੀ ਹੈ ਤਦ ਤੋਂ ਹੀ ਦੁੱਖ-ਦਾਈ ਪਰਿਵਾਰਕ ਜੀਵਨ ਦਾ ਆਰੰਭ ਹੁੰਦਾਂ ਹੈ। ਜਿਸ ਦਾ ਅਸਰ ਅੱਗੇ ਜਾ ਕੇ ਮਨੁੱਖੀ ਨਸਲ, ਸਮਾਜ ਅਤੇ ਦੇਸ਼ ਤੇ ਪੈਂਦਾ ਹੈ ਕਿਉਂਕਿ ਇਸ ਮਾਹੌਲ ਵਿਚ ਪਾਲਣ-ਪੋਸ਼ਣ ਪਾ ਰਹੇ ਬੱਚਿਆਂ 'ਤੇ, ਜੋ ਦੇਸ਼ ਦਾ ਭਵਿੱਖ ਹੁੰਦੇ ਹਨ, ਉਲਟ ਅਸਰ ਪੈਣਾ ਕੁਦਰਤੀ ਹੈ। ਇਸ ਕਾਰਨ ਸਾਡੇ ਲਈ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਅੱਜ ਸਾਡੇ ਸਮਾਜ 'ਚ ਪਰਿਵਾਰਾਂ ਦੀ ਸਥਿਤੀ ਬਹੁਤ ਖ਼ਰਾਬ ਨਜ਼ਰ ਆ ਰਹੀ ਹੈ।



### ਪਿਆਰ ਦੀ ਭਾਵਨਾ

ਅਕਸਰ ਘਰਾਂ ਵਿਚ ਸੱਸ ਨੂੰਹ ਨੂੰ ਸੱਸ ਬਣ ਕੇ ਦਿਖਾਉਣ ਦੇ ਮੌਕੇ ਲੱਭਦੀ ਰਹਿੰਦੀ ਹੈ ਮਾਂ ਬਨਣ ਦੀ ਕਦੇ ਕੋਸ਼ੀਸ਼ ਨਹੀਂ ਕਰਦੀ ਤੇ ਨੂੰਹ ਸੱਸ ਨੂੰ ਨੂੰਹ ਬਣ ਕੇ ਹੀ ਦਿਖਾਉਂਦੀ ਹੈ ਤੇ ਧੀ ਬਣਨ ਨੂੰ ਕਦੇ ਨਹੀਂ ਲੋਚਦੀ, ਇਸੀ ਕਾਰਨ ਤਾਂ ਅਜੋਕੇ ਬਹੁਤੇ ਘਰ ਭਾਵੇਂ ਮਹਿਲਾਂ ਵਰਗੇ ਸੁੰਦਰ ਹਨ ਪਰ ਫਿਰ ਵੀ ਉਨ੍ਹਾਂ ਵਿਚ ਰਹਿਣ ਵਾਲਿਆਂ ਨੂੰ ਉਹ ਖੰਡਰ ਹੀ ਜਾਪਦੇ ਹਨ। ਚਾਹੀਦਾ ਤਾਂ ਇਹ ਹੈ ਕਿ ਜਿਸ ਤਰ੍ਹਾਂ ਮਾਂ ਦੇ ਸਾਹਮਣੇ ਧੀ ਤੋਂ ਅਨੇਕਾਂ ਗ਼ਲਤੀਆਂ ਹੁੰਦੀਆਂ ਹਨ ਤਾਂ ਮਾਂ ਉਸ ਨੂੰ ਇਨ੍ਹਾਂ ਗ਼ਲਤੀਆਂ ਨੂੰ ਸੁਧਾਰਨ ਦੀ ਸਿੱਖਿਆ ਦਿੰਦੀ ਹੋਈ ਇਨ੍ਹਾਂ ਵਿਚ ਸੁਧਾਰ ਕਰਨ ਲਈ ਪ੍ਰੇਰਦੀ ਹੈ, ਇਸੀ ਤਰ੍ਹਾਂ ਮਾਂ ਗੁੱਸੇ ਵਿੱਚ ਕਈ ਵਾਰ ਧੀ ਨੂੰ ਡਾਂਟਦੀ ਵੀ ਹੈ, ਤੇ ਇਸ ਗੁੱਸੇ ਨੂੰ ਧੀ ਪਿਆਰ ਦੀ ਭਾਵਨਾ ਮੰਨਦੀ ਹੋਈ ਖਿੜੇ ਮੱਥੇ ਸਹਾਰਦੀ ਹੈ।

### ਹਉਮੈ ਦਾ ਤਿਆਗ

ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਪਤੀ-ਪਤਨੀ ਅਤੇ ਸੱਸ-ਨੂੰਹ ਨੂੰ ਪਰਿਵਾਰਕ ਰਿਸ਼ਤਿਆਂ ਵਿਚ ਮਿਠਾਸ ਪੈਦਾ ਕਰਨ ਲਈ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ। ਪਰਿਵਾਰਕ ਰਿਸ਼ਤਿਆ ਦੇ ਨਿੱਘ ਅਤੇ ਪਿਆਰ ਲਈ ਆਪਣੀ ਹਉਮੈ ਦਾ ਤਿਆਗ ਕਰਕੇ ਪਤੀ-ਪਤਨੀ ਅਤੇ ਸੱਸ-ਨੂੰਹ ਨੂੰ ਸਾਂਝੇ ਰੂਪ ਵਿੱਚ ਯਤਨ ਕਰਨੇ ਚਾਹੀਦੇ ਹਨ ਤਾਂ ਹੀ ਅਸੀਂ ਪਹਿਲਾਂ ਵਾਲੇ ਸੁੱਖਦਾਈਕ ਪਰਿਵਾਰਕ ਸਬੰਧਾਂ ਦਾ ਨਿੱਘ ਮਾਣ ਸਕਦੇ ਹਾਂ। ਇਸ ਦੇ ਲਈ ਪਰਿਵਾਰ ਦਾ ਕੇਂਦਰ ਬਿੰਦੂ ਮੰਨੀ ਜਾਂਦੀ ਇਸਤਰੀ ਨੂੰ ਵਧੇਰੇ ਯਤਨ ਕਰਨ ਦੀ ਜ਼ਰੂਰਤ ਹੈ ਕਿਉਂਕਿ ਔਰਤ ਦੀ ਕੁੱਖ ਵਿਚ ਬੱਚਾ ਨੌਂ ਮਹੀਨੇ ਪਲਦਾ ਹੈ। ਜੇਕਰ ਅਸੀਂ ਸਮਾਜ ਵਿਚ ਫੈਲੀ ਨਫ਼ਰਤ, ਨੈਤਿਕ ਗਿਰਾਵਟ, ਲੜਾਈ-ਝਗੜੇ ਆਦਿ ਅਸੱਭਿਅਕ ਗੁਣਾਂ ਨੂੰ ਖ਼ਤਮ ਕਰ ਕੇ ਪਹਿਲਾਂ ਵਾਲੇ ਖ਼ੁਸ਼ੀਆਂ ਭਰੇ ਅਤੇ ਸ਼ਾਂਤਮਈ ਵਾਤਾਵਰਨ ਵਾਲੇ ਸਾਂਝੇ ਪਰਿਵਾਰਾਂ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਾਂ ਤਾਂ ਇਸ ਦੇ ਲਈ ਪਰਿਵਾਰ ਅਤੇ ਸਮਾਜ ਨੂੰ ਵੀ ਜਗ ਜਣਨੀ ਨੂੰ ਸਾਂਤਮਈ ਵਾਤਾਵਰਨ ਦੇਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। •

94171-58300

### ਆਪਾ-ਧਾਪੀ

ਹਰ ਰਿਸ਼ਤੇ ਵਿਚ ਆਪਾ-ਧਾਪੀ ਹੀ ਪਈ ਨਜ਼ਰ ਆ ਰਹੀ ਹੈ। ਅੱਜ ਪਤੀ-ਪਤਨੀ ਦੇ ਰਿਸ਼ਤੇ ਵਿਚ ਵੀ ਪਹਿਲਾਂ ਵਾਲੀ ਉਹ ਸਾਂਝ ਅਤੇ ਮਿਠਾਸ ਜਿਸ ਦੇ ਕਾਰਨ ਇਸ ਰਿਸ਼ਤੇ ਨੂੰ ਪਰਮਾਤਮਾ ਦੁਆਰਾ ਜਨਮਾਂ-ਜਨਮਾਤਰਾਂ ਦੇ ਲਈ ਬਣਾਇਆ ਰਿਸ਼ਤਾਂ ਮੰਨ ਕੇ ਇਸ ਨੂੰ ਹਰ ਹੀਲੇ ਨਿਭਾਉਣ ਦੀ ਕੋਸ਼ੀਸ਼ ਕੀਤੀ ਜਾਂਦੀ ਸੀ, ਆਮ ਤੌਰ 'ਤੇ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇਸ ਰਿਸਤੇ ਵਿਚ ਆਈ ਖਟਾਸ ਦਾ ਅਸਰ ਬਾਕੀ ਰਿਸ਼ਤਿਆਂ 'ਤੇ ਵੀ ਸਪਸ਼ਟ ਨਜ਼ਰ ਆ ਰਿਹਾ ਹੈ। ਇਸੀ ਕਾਰਨ ਅੱਜ ਪਰਿਵਾਰਾਂ ਵਿਚ ਪਹਿਲਾਂ ਵਾਲਾ ਪਿਆਰ, ਰਿਸ਼ਤਿਆਂ ਦਾ ਨਿੱਘ, ਮਾਪਿਆਂ ਦੇ ਪ੍ਰਤੀ ਸਤਿਕਾਰ ਆਦਿ ਦੇਖਣ ਨੂੰ ਨਹੀਂ ਮਿਲਦਾ। ਇਸ ਦਾ ਸਭ ਤੋਂ ਵੱਡਾ ਕਾਰਨ ਜੋ ਨਜ਼ਰ ਆ ਰਿਹਾ ਹੈ ਉਹ ਇਹ ਹੈ ਕਿ ਅੱਜ ਹਰ ਖੇਤਰ ਵਿਚ ਸਮੂਹਵਾਦ ਦੀ ਥਾਂ ਨਿੱਜਵਾਦ ਭਾਰੂ ਹੋ ਗਿਆ ਹੈ। ਆਮ-ਤੌਰ 'ਤੇ ਪਰਿਵਾਰਕ ਮੈਂਬਰ ਆਪਣੇ ਹਿੱਤਾਂ ਦੀ ਪੂਰਤੀ ਲਈ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਤੋ ਵੀ ਨਹੀਂ ਝਿਜਕਦੇ। ਪਰਿਵਾਰ ਵਿਚ ਹਰੇਕ ਵਿਅਕਤੀ ਆਪਣੇ ਅਧਿਕਾਰਾਂ ਪ੍ਰਤੀ ਤਾਂ ਪੂਰਨ ਰੂਪ ਵਿਚ ਜਾਗਰੂਕ ਹੈ ਪਰ ਆਪਣੇ ਫ਼ਰਜ਼ਾ ਪ੍ਰਤੀ ਅਵੇਸਲਾ ਹੋਇਆ ਜਾਪਦਾ ਹੈ। ਜਦੋਂ ਕਿ ਰਿਸ਼ਤਿਆ ਵਿਚ ਮਿਠਾਸ ਪੈਦਾ ਕਰਨ ਲਈ ਅਧਿਕਾਰਾਂ ਦੇ ਨਾਲੋਂ ਕਰੱਤਵਾਂ ਵੱਲ ਧਿਆਨ ਦੇਣਾਜ਼ਿਆਦਾ ਜ਼ਰੂਰੀ ਹੈ।

---

# ਸਮਾਜ ਦੇ ਹਨੇਰੇ ਕੋਨੇ ਨੂੰ ਫਰੋਲਦੀ ਲੇਖਿਕਾ

ਗੁਰਪ੍ਰੀਤ ਕੌਰ ਧਾਲੀਵਾਲ ਪੰਜਾਬੀ ਦੀ ਬਹੁਪੱਖੀ ਸਾਹਿਤਕਾਰ ਹੈ। ਉਸ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੇ ਹਨ। ਉਸ ਨੇ ਦਸਵੀਂ ਕਲਾਸ ਵਿਚ ਗਿਆਨੀ ਗੁਰਬਖਸ਼ ਸਿੰਘ ਦੀ ਪ੍ਰੇਰਣਾ ਸਦਕਾ ਲਿਖਣਾ ਸ਼ੁਰੂ ਕੀਤਾ ਸੀ। ਉਹ ਇਕ ਮਾਂ ਤੇ ਪਤਨੀ ਦੇ ਸਾਰੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਆਪਣੇ ਅਧਿਆਪਨ ਦੇ ਕਿੱਤੇ ਨੂੰ ਵੀ ਬਾਖ਼ੂਬੀ ਨਿਭਾਅ ਰਹੀ ਹੈ। ਉਸ ਦੀਆਂ ਕਵਿਤਾਵਾਂ ਔਰਤ ਮਨ ਦੀਆਂ ਵੱਖ-ਵੱਖ ਅਵਸਥਾਵਾਂ ਦੇ ਰੰਗ ਬਖੇਰਦੀਆਂ ਹਨ। ਗੁਰਪ੍ਰੀਤ ਕੌਰ ਦੀ ਸੂਝ ਦਾ ਦਾਇਰਾ ਵਿਸ਼ਾਲ ਹੈ ਤੇ ਉਸ ਦੀ ਸੁਰਤ ਸਮਾਜ ਦੇ ਹਰ ਹਨੇਰੇ ਕੋਨੇ ਨੂੰ ਫਰੋਲਦੀ-ਟੋਲਦੀ ਹੈ। ਨਵੀਂ ਪੀੜ੍ਹੀ ਦੀਆਂ ਪੰਜਾਬੀ ਕਵਿੱਤਰੀਆਂ ਵਿਚ ਗੁਰਪ੍ਰੀਤ ਦਾ ਵਿਸ਼ੇਸ਼ ਸਥਾਨ ਹੈ। ਉਸ ਦੀਆਂ ਮੋਹ ਦੀਆਂ ਤੰਦਾਂ, ਸਿੱਲ੍ਹੀਆਂ ਹਵਾਵਾਂ, ਪਰਕਟੀ ਪਰਵਾਜ਼, ਨਜ਼ਰ ਤੇਰੀ ਨਜ਼ਰੀਆ ਮੇਰਾ, ਚੁੱਪ ਦੇ ਬੋਲ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ। ਆਉ ਉਸ ਦੀਆਂ ਕਵਿਤਾਵਾਂ ਨਾਲ ਸਾਂਝ ਪਾਈਏ।



ਗੁਰਪ੍ਰੀਤ ਕੌਰ ਧਾਲੀਵਾਲ

• ਅਰਵਿੰਦਰ ਕੌਰ ਸੰਧੂ

### ਕਵਿਤਾਵਾਂ

## ਹੱਕ

ਮੈਂ ਇਸੇ ਤਰ੍ਹਾਂ ਜਿਉਂਦੀ ਰਹਾਂਗੀ
ਹੱਕ ਨਾਲ ਆਪਣੀ ਹਰ ਗੱਲ
ਹਰ ਜਜ਼ਬਾਤ ਕਹਾਂਗੀ
ਲਿਖਦੀ ਹਾਂ ਲਿਖਦੀ ਰਹਾਂਗੀ
ਮੈਂ ਆਪਣਾ ਕੰਮ ਕਰਾਂਗੀ
ਉਹ ਆਪਣਾ ਕਰਨਗੇ
ਪਰ ਇਸ ਜ਼ਿੰਦਗੀ ਵਿਚ
ਅਰਥ ਤੇ ਰੰਗ
ਮੈਂ ਆਪਣੀ ਮਰਜ਼ੀ ਦੇ ਭਰਾਂਗੀ
ਉਹ ਹਰਗਿਜ਼ ਨਹੀਂ ਭਰਨਗੇ
ਉਹ ਤਾਂ
ਬਾਹਰ ਹਾਸ਼ੀਏ ਤੇ ਖੜ੍ਹਨਗੇ।


## ਚੁੱਪ ਕੁੜੀਏ

ਚੁੱਪ ਕੁੜੀਏ!
ਚੁੱਪ
ਇਕਦਮ ਚੁੱਪ
ਇੰਝ ਨਹੀਂ ਬੋਲੀ ਦਾ
ਪਰਦਾ ਦਿਲ ਵਾਲਾ
ਕਿਸੇ ਅੱਗੇ ਨਹੀਂ ਫੋਲੀ ਦਾ
ਚੁੱਪ, ਇਕ ਦਮ ਚੁੱਪ।

## ਸਫ਼ਰ



• ਅਮਨਦੀਪ ਕੌਰ
82840-73861



ਲੋਕ ਮਰ ਵੀ ਤਾਂ ਜਾਂਦੇ ਨੇ
ਤਲਖ਼ ਹਨੇਰੇ ਰੋਸ਼ਨੀਆਂ ਬਾਅਦ
ਵੇਖ ਡਰ ਵੀ ਤਾਂ ਜਾਂਦੇ ਨੇ
ਲੜ-ਲੜ ਕੇ ਹਰ ਰੋਜ਼, ਇਹ ਜ਼ਿੰਦਗੀ ਦੀ ਜੰਗ
ਭੱਜ ਥੱਕ ਟੁੱਟ ਕੇ ਹਰ ਵੀ ਤਾਂ ਜਾਂਦੇ ਨੇ
ਲੋਕ ਮਰ ਵੀ ਤਾਂ ਜਾਂਦੇ ਨੇ, ਰੰਗ ਬਿਰੰਗੇ ਸਾਡੇ ਖ਼ਾਬ
ਵਿਛੜ ਜਾਵੇ ਜੇ ਕਿਸੇ ਦਾ ਹਮਨਫ਼ਸ
ਉਦੋਂ ਕਾਲੀ ਸਿਆਹੀ ਨਾਲ, ਭਰ ਵੀ ਤਾਂ ਜਾਂਦੇ ਨੇ
ਲੋਕ ਮਰ ਵੀ ਤਾਂ ਜਾਂਦੇ ਨੇ
ਪਰ ਕਾਵਿਸ਼ ਦੀ ਪੌੜੀ ਰਾਹੀਂ
ਇਹ ਆਸਮਾਨੀ ਚੜ੍ਹ ਵੀ ਤਾਂ ਜਾਂਦੇ ਨੇ
ਫਨ੍ਹਾ ਹੁੰਦੇ ਨੇ ਜੋ ਲੱਗ ਕੇ ਠੋਕਰ
ਉਹ ਮੁੜ ਉੱਠ ਕੇ ਖੜ੍ਹ ਵੀ ਤਾਂ ਜਾਂਦੇ ਨੇ
ਦਿਲ ਅਸਰਾਰ ਜੋ ਸਮੁੰਦਰੋਂ ਡੂੰਘੇ
ਇਤਮਾਦ ਨਾਲ ਉਹ ਤਰ ਵੀ ਤਾਂ ਜਾਂਦੇ ਨੇ
ਫਿਰ ਲੋਕ ਮਰ ਕਿੰਝ ਜਾਂਦੇ ਨੇ
ਇਹ ਤਾਂ ਹੱਸਣ ਰਹਿਣ ਵਿਚ ਉਲਫ਼ਤ
ਰੋਵਣ ਤੇ ਘਟਾ ਵਰਸਾਉਂਦੇ ਨੇ ਕੁਦਰਤ ਦੇ ਜੋ ਹਾਣੋ ਹਾਣੀ
ਕੰਮ ਮਕਬੂਲੀਅਤ ਭਰੇ ਉਹ ਕਰ ਵੀ ਤਾਂ ਜਾਂਦੇ ਨੇ।

---

**ਕੁੜੀਆਂ ਦਾ ਜੀਵਨ ਸੱਚ-ਮੁੱਚ ਹੀ ਦਰਦ ਭਰਿਆ ਹੈ। ਜੰਮਣ ਵਾਲੇ ਇਨ੍ਹਾਂ ਨੂੰ ਪਰਾਇਆ ਧਨ ਆਖਦੇ ਹਨ ਤੇ ਜਿਹੜੇ ਘਰ ਵਿਆਹ ਹੋਣ ਮਗਰੋਂ ਜਾਂਦੀਆਂ ਹਨ ਉਹ ਘਰ ਇਨ੍ਹਾਂ ਨੂੰ 'ਬੇਗਾਨੀ ਧੀ' ਸ਼ਬਦ ਨਾਲ ਸੰਬੋਧਨ ਕਰਦੇ ਹਨ...**

# ਕੁੜੀਏ ਕਿਸਮਤ ਪੁੜੀਏ...

ਜੀਤ ਹਰਜੀਤ

ਕੁੜੀਆਂ ਤੇ ਚਿੜੀਆਂ ਆਪਣੀ ਕਿਸਮਤ ਸਹਾਰੇ ਹੀ ਜੰਮਦੀਆਂ ਅਤੇ ਜਿਉਂਦੀਆਂ ਹਨ। ਕੁੜੀਆਂ ਲਈ ਮੁੱਢ ਤੋਂ ਹੀ ਸਮਾਜ ਦੀ ਸੋਚ ਤੰਗ ਰਹੀ ਹੈ ਤੇ ਚਿੜੀਆਂ ਲਈ ਸਮਾਜ ਨੇ ਮਹੌਲ ਹੀ ਇੰਨਾ ਤੰਗ ਸਿਰਜ ਦਿੱਤਾ ਕਿ ਉਨ੍ਹਾਂ ਦੀ ਚੀਂ-ਚੀਂ ਦਿਨ ਪ੍ਰਤੀ ਦਿਨ ਘੱਟਦੀ ਜਾ ਰਹੀ ਹੈ। ਸਮਾਜ ਦੀ ਸਿਰਜਕ ਕੁੜੀ, ਜਿਸ ਨੇ ਔਰਤ ਬਣ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਨਮ ਦੇਣਾ ਹੈ ਉਹ ਖ਼ੁਦ ਕਿਸਮਤ ਸਹਾਰੇ ਹੀ ਦਿਨ ਕੱਟਦੀ ਹੈ ਕਿਉਂਕਿ ਵੈਰੀ ਸਮਾਜ ਨੇ ਕਦੇ ਉਸ ਨੂੰ ਜਨਮ ਸਮੇਂ ਹੀ ਕੁੱਜੇ ਵਿਚ ਪਾ ਕੇ ਮੌਤ ਦੇ ਘਾਟ ਉਤਾਰਿਆ ਹੈ ਤੇ ਕਦੇ ਕੁੱਖਾਂ ਵਿਚ ਕਤਲ ਕਰਾਇਆ ਹੈ। ਕੁੜੀਆਂ ਦਾ ਜੀਵਨ ਸੱਚ-ਮੁੱਚ ਹੀ ਦਰਦ ਭਰਿਆ ਹੈ। ਜੰਮਣ ਵਾਲੇ ਇਨ੍ਹਾਂ ਨੂੰ ਪਰਾਇਆ ਧਨ ਆਖਦੇ ਹਨ ਤੇ ਜਿਹੜੇ ਘਰ ਵਿਆਹ ਹੋਣ ਮਗਰੋਂ ਜਾਂਦੀਆਂ ਹਨ ਉਹ ਘਰ ਇਨ੍ਹਾਂ ਨੂੰ 'ਬੇਗਾਨੀ ਧੀ' ਸ਼ਬਦ ਨਾਲ ਸੰਬੋਧਨ ਕਰਦਾ ਹੈ। ਇਹ ਸੱਚ ਹੈ ਕਿ ਧੀਆਂ ਨੂੰ ਅਸਲੀ ਪਿਆਰ ਸਤਿਕਾਰ ਕਿਤੋਂ ਵੀ ਨਸੀਬ ਨਹੀਂ ਹੁੰਦਾ। ਤਰਸ-ਭਰੀ ਜ਼ਿੰਦਗੀ ਬਤੀਤ ਕਰਦੀ ਜਦੋਂ ਕੋਈ ਧੀ ਆਪਣੇ ਪਿਛਲੇ ਸਫ਼ਰ 'ਤੇ ਨਜ਼ਰ ਮਾਰਦੀ ਹੈ ਤਾਂ ਉਸ ਦੇ ਦਿਲੋਂ ਇਕ ਸਵਾਲ ਆਪ-ਮੁਹਾਰੇ ਹੀ ਉੱਠ ਖਲੋਂਦਾ ਹੈ ਕਿ 'ਅਸਲੀ ਘਰ ਕਿਹੜਾ ਨੀ ਮਾਂ?' ਸੰਸਾਰ ਨੇ ਕੁੜੀਆਂ ਲਈ ਕਿੰਨੀ ਦਰਦ-ਭਰੀ ਰੀਤ ਬਣਾਈ ਹੈ, ਜਿਸ ਘਰ ਵਿਚ ਬਚਪਨ ਬਿਤਾਇਆ ਹੁੰਦਾ ਹੈ, ਜਿਸ ਘਰ ਦੀਆਂ ਕੰਧਾਂ ਨੂੰ ਹੱਥੀਂ ਸ਼ਿੰਗਾਰਿਆ ਹੁੰਦਾ ਹੈ, ਜਿਸ ਘਰ ਦੀ ਖ਼ੂਬਸੂਰਤੀ ਲਈ ਭੁੱਖ, ਪਿਆਸ ਤਿਆਗੀ ਹੁੰਦੀ ਹੈ ਉਸ ਘਰ ਨੂੰ ਇਕ ਦਿਨ ਸਦਾ ਲਈ ਛੱਡਣਾ ਪੈਂਦਾ ਹੈ। ਵਿਆਹ, ਕੁੜੀਆਂ ਦੇ ਸਬਰ, ਸੰਤੋਖ ਦੀ ਸਭ ਤੋਂ ਉੱਚੀ ਉਦਾਹਰਣ ਹੈ ਕਿਉਂਕਿ ਅਸੀਂ ਮੁੰਡੇ ਜਦੋਂ ਕੁਝ ਦਿਨ ਘਰ, ਮਾਂ-ਬਾਪ ਤੇ ਭੈਣਾਂ ਭਰਾਵਾਂ ਤੋਂ ਦੂਰ ਹੁੰਦੇ ਹਾਂ ਤਾਂ ਵਿਛੋੜੇ ਦੀ ਅੱਗ ਇਸ ਕਦਰ ਭਖ ਜਾਂਦੀ ਹੈ ਕਿ ਸਭ ਕੁਝ ਛੱਡ ਕੇ ਆਪਣੇ ਘਰ, ਪਰਿਵਾਰ ਵਿਚ ਪਰਤ ਆਉਣ ਨੂੰ ਫਾਇਦੇ ਵਾਲਾ ਸੌਦਾ ਸਮਝਦੇ ਹਾਂ ਪਰ ਇਨ੍ਹਾਂ ਨਿਮਾਣੀਆਂ ਨੇ ਤਾਂ ਕਦੇ ਚਾਅ ਕੇ ਵੀ ਦੁਬਾਰਾ ਉਸ ਘਰ ਦਾ ਵਸਨੀਕ ਨਹੀਂ ਬਣਨਾ ਹੁੰਦਾ ਕਿਉਂਕਿ ਚੰਦਰਾ ਸਮਾਜ ਪੇਕੇ ਘਰ ਬੈਠੀ ਕੁੜੀ ਨੂੰ ਸਵੀਕਾਰ ਨਹੀਂ ਕਰਦਾ। ਜੇ ਕੁਝ ਦਿਨ ਪੇਕੇ ਧੀ ਨੂੰ ਜ਼ਿਆਦਾ ਲੱਗ ਜਾਣ ਤਾਂ ਆਂਢੀ -ਗੁਆਂਢੀ ਮਾਂ ਬਾਪ ਨੂੰ ਹਜ਼ਾਰਾਂ ਤਰ੍ਹਾਂ ਦੇ ਸੁਆਲ ਕਰਦੇ ਹਨ। ਉਸ ਵਕਤ ਦੁੱਖ ਹੋਰ ਵੀ ਜ਼ਿਆਦਾ ਹੁੰਦਾ ਹੈ ਜਦੋਂ ਇਨਾਂ ਸਭ ਕੁਝ ਛੱਡ ਕੇ ਆਈਆਂ ਇਨ੍ਹਾਂ ਧੀਆਂ ਨੂੰ ਸਹੁਰਾ ਪਰਿਵਾਰ ਵੀ ਬਣਦਾ ਪਿਆਰ ਅਤੇ ਸਤਿਕਾਰ ਨਹੀਂ ਦਿੰਦਾ। ਸਹੁਰੇ ਘਰ ਵਿਚ ਇਨ੍ਹਾਂ ਨੂੰ ਆਪਣੇ ਆਪ ਨਾਲ ਹਜ਼ਾਰਾਂ ਸਮਝੌਤੇ ਕਰ ਕੇ ਆਪਣੀ ਥਾਂ ਬਣਾਉਣੀ ਪੈਂਦੀ ਹੈ। ਕੁੜੀ ਦੀ ਇਸ ਦਰਦ ਭਰੀ ਸਥਿਤੀ ਨੂੰ ਜਦੋਂ ਦੇਖਦੇ ਹਾਂ ਤਾਂ ਮਸ਼ਹੂਰ ਗੀਤ ਦੀਆਂ ਸਤਰਾਂ ਆਪ-ਮੁਹਾਰੇ ਹੀ ਜ਼ਬਾਨ 'ਤੇ ਆ ਜਾਂਦੀਆਂ ਹਨ ।

ਤੂੰ ਜੰਮੀ ਤਾਂ ਮਾਪੇ ਕਹਿਣ
ਪਰਾਈਂ ਐਂ ਧੀਏ
ਸਹੁਰੇ ਘਰ ਵਿਚ ਕਹਿਣ ਬੇਗਾਨੀ
ਜਾਈਂ ਐਂ ਧੀਏ
ਕਿਹੜੇ ਘਰ ਦੀ ਆਖਾਂ ਤੈਨੂੰ
ਕੀ ਸਤਿਕਾਰ ਦਿਆਂ?
ਆਪਣੇ ਹਿੱਸੇ ਦੀ ਦੁਨੀਆਂ
ਮੈਂ ਤੈਥੋਂ ਵਾਰ ਦਿਆਂ
ਕੁੜੀਏ ਕਿਸਮਤ ਪੁੜੀਏ ਤੈਨੂੰ
ਐਨਾ ਪਿਆਰ ਦਿਆਂ
ਆਪਣੇ ਹਿੱਸੇ ਦੀ ਦੁਨੀਆਂ ਮੈਂ
ਤੈਥੋਂ ਵਾਰ ਦਿਆਂ...



ਇਕ ਵਾਰ ਕਿਸੇ ਸਮਾਜ ਚਿੰਤਕ ਨੇ ਉੱਚ ਪਾਇਦੇ ਦੇ ਵਿਦਵਾਨ ਨੂੰ ਸਵਾਲ ਕੀਤਾ, 'ਸਾਡੀਆਂ ਔਰਤਾਂ ਬਾਂਝ ਹੋ ਗਈਆਂ ਹਨ, ਸਾਡੇ ਦੇਸ਼ ਵਿਚ ਬੱਚੇ ਪੈਦਾ ਹੋਣੋ ਹੱਟ ਗਏ ਹਨ ਕੀ ਕੀਤਾ ਜਾਵੇ?' ਤਾਂ ਉਸ ਵਿਦਵਾਨ ਦਾ ਜਵਾਬ ਸੀ, 'ਤੁਸੀਂ ਉਨ੍ਹਾਂ ਦੀ ਕਦਰ ਨਹੀਂ ਕੀਤੀ, ਉਨ੍ਹਾਂ ਦੀ ਕਦਰ ਕਰੋ ਤੁਹਾਡੇ ਘਰਾਂ ਵਿਚ ਫਿਰ ਤੋਂ ਬੱਚਿਆਂ ਦੀਆਂ ਕਿਲਕਾਰੀਆਂ ਗੂੰਜਣ ਲੱਗ ਜਾਣਗੀਆਂ।' ਸੱਚ-ਮੁੱਚ ਅਜੋਕੇ ਸਮਾਜ ਦੀ ਤਸਵੀਰ ਔਰਤ ਲਈ ਬਹੁਤ ਖੌਫ਼ਨਾਕ ਬਣ ਗਈ ਹੈ ਜਿਸ ਦੇ ਡਰ ਨੇ ਔਰਤ ਦੇ ਅੰਦਰਲੀ ਔਰਤ ਨੂੰ ਡਰਾਇਆ ਹੋਇਆ ਹੈ। ਆਓ ਆਪਾਂ ਸਾਰੇ ਮਿਲ ਕੇ ਔਰਤ ਲਈ ਸੁਖਾਵੇਂ ਮਹੌਲ ਦੀ ਸਿਰਜਣਾ ਕਰੀਏ। •

97816-77772

---

# ਬੱਕਰੀਆਂ ਵਾਲੇ ਦੇ ਮੁੰਡੇ

ਦਇਆ ਸਿੰਘ ਸੰਧੂ



### ਕਹਾਣੀ

ਕਾਲਜੀ ਪੜ੍ਹਾਈ ਅਤੇ ਟਰੇਨਿੰਗ ਪੂਰੀ ਕਰਨ ਉਪਰੰਤ , ਇਕ ਮਹੀਨੇ ਦੇ ਅੰਦਰ ਹੀ ਅੰਤਰ-ਰਾਸ਼ਟਰੀ ਬਾਰਡਰ ਦੇ ਨਾਲ ਲਗਦੇ ਇਕ ਲੰਬੂਤਰੇ ਜਿਹੇ ਜ਼ਿਲ੍ਹੇ ਵਿਚ ਸਰਕਾਰੀ ਅਧਿਆਪਕ ਦੀ ਨੌਕਰੀ ਮਿਲ ਗਈ। ਜੋ 6 ਮਹੀਨੇ ਦੇ ਅਧਾਰ 'ਤੇ ਉਨ੍ਹਾਂ ਸਮਿਆਂ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਅਧਿਕਾਰ ਖੇਤਰ ਵਿਚ ਹੁੰਦੀ ਸੀ ਅਤੇ ਲਗਾਤਾਰ ਅੱਗੇ ਚਲਦੀ ਸੀ ਤੇ ਜੋ ਸਾਲ, 2 ਸਾਲ ਬਾਅਦ ਪੱਕੀ ਹੋ ਜਾਂਦੀ ਸੀ। 30 ਅਧਿਆਪਕਾਂ ਦਾ ਇਕ ਕੁ ਐਜੂਕੇਸ਼ਨ ਸਕੂਲ ਜਿਨ੍ਹਾਂ ਵਿਚ ਮੈਂ ਸਭ ਤੋਂ ਛੋਟੀ ਉਮਰ ਦਾ ਅਧਿਆਪਕ ਸੀ। ਮੇਰੇ ਚਿਹਰੇ 'ਤੇ ਹਾਲੇ ਭਰਵੀ ਦਾਹੜੀ ਵੀ ਨਹੀ ਸੀ ਆਈ। ਦਰਿਆ ਦੇ ਕੰਡੇ ਸਰਕੜੇ ਬੂਟਿਆਂ ਵਿਚ ਘਿਰਿਆਂ ਪਛੜਿਆਂ ਸਕੂਲ ਸੀ ਤੇ ਅਧਿਆਪਕ ਕਸਬੇ ਵਿਚ ਕਿਰਾਏ ਤੇ ਰਹਿੰਦੇ ਉਹ ਹਫ਼ਤੇ ਬਾਅਦ ਘਰ ਜਾਂਦੇ। ਸਾਡਾ ਸਕੂਲ ਸੈਕੰਡਰੀ ਸੀ, ਹਾਇਰ ਸੈਕੰਡਰੀ ਪਰ ਸਾਡੇ ਸਕੂਲ ਦੇ ਨਾਲ ਇਕ ਹੋਰ ਮਿਡਲ ਸਕੂਲ ਵੀ ਅਟੈਚ ਸੀ ਜਿਸ ਦੀ ਤਨਖ਼ਾਹ ਤਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਡਰਾਅ ਕਰਦਾ ਸੀ ਪਰ ਅੱਠਵੀਂ ਜਮਾਤ ਦਾ ਸਾਲਾਨਾ ਰਿਜ਼ਲਟ ਸਾਡੇ ਸਕੂਲ ਤੋਂ ਅਪਰੂਵ ਕਰਾਉਣਾ ਪੈਂਦਾ ਸੀ।

31 ਮਾਰਚ ਦਾ ਦਿਨ ਆ ਗਿਆ ਉਸ ਦਿਨ ਸਾਡੇ ਸਕੂਲ ਵੱਲੋਂ ਪ੍ਰਿੰਸੀਪਲ ਸਾਹਿਬ ਨੇ ਇਕ ਅਧਿਆਪਕ ਡੇਲੀਗੇਟ ਕਰ ਕੇ ਭੇਜਣਾ ਸੀ। ਜੋ ਮਿਡਲ ਸਕੂਲ ਦਾ ਅੱਠਵੀਂ ਦਾ ਉਨ੍ਹਾਂ ਅਧਿਆਪਕਾਂ ਵੱਲੋਂ ਤਿਆਰ ਕੀਤਾ ਰਿਜ਼ਲਟ ਅਪਰੂਵ ਕਰਨ ਉਪਰੰਤ ਡੀਕਲੇਅਰ ਕਰੇ ਤੇ ਰਿਜ਼ਲਟ ਦੀ ਇਕ ਕਾਪੀ ਸਾਡੇ ਸਕੂਲ ਲੈ ਕੇ ਆਵੇ। ਪ੍ਰਿੰਸੀਪਲ ਨੇ ਸੀਨੀਅਰ ਅਧਿਆਪਕਾਂ ਦੀ ਰਾਇ ਨਾਲ ਜਾਂ ਰੱਬ ਜਾਣੇ ਸ਼ਰਾਰਤ ਨਾਲ ਸਕੂਲ ਦੀ ਆਰਡਰ ਬੁੱਕ ਤੇ ਪੀਅਨ ਹੱਥ ਮੇਰੇ ਅੱਗੇ ਆਰਡਰ ਬੁੱਕ ਕਰ ਦਿੱਤੀ, ਨੋਟ ਕਰਨ ਹਿੱਤ ਤੇ ਨਾਲ ਹੀ ਇਕ ਸਾਇਕਲ ਦਾ ਪ੍ਰਬੰਧ ਕਰ ਕੇ ਜਲਦੀ ਸਬੰਧਤ ਮਿਡਲ ਸਕੂਲ ਪਹੁੰਚ ਕੇ ਤਿਆਰ ਰਿਜ਼ਲਟ ਅਪਰੂਵ ਕਰ ਕੇ ਦਸਤਖ਼ਤ ਕਰਕੇ ਨਤੀਜਾ ਬੋਲ ਕੇ, ਇਕ ਕਾਪੀ ਪ੍ਰਿੰਸੀਪਲ ਦੇ ਦਫ਼ਤਰ 4 ਵਜੇ ਤੋਂ ਪਹਿਲਾਂ-ਪਹਿਲਾਂ ਜਮਾਂ ਕਰਵਾਵਾਂ। 4-5 ਮਹੀਨੇ ਦੀ ਕੱਚੀ ਨੌਕਰੀ ਸੀ, ਕੀ ਕਰ ਸਕਦਾ ਸਾਂ। ਆਡਰ ਬੁੱਕ ਨੋਟ ਕੀਤੀ। ਸਾਇਕਲ ਚੁੱਕਿਆ, ਚੱਲ ਪਿਆ ਮਿਡਲ ਸਕੂਲ ਨੂੰ ਜੋ ਉਥੇ 6-7 ਕਿਲੋਮੀਟਰ ਸੀ।

ਬੂਟਿਆਂ ਸਰਕੜੇ ਵਿਚ ਦੀ ਇਕ ਕੱਚੀ ਪਗਡੰਡੀ ਰਾਹੀਂ ਇਕ ਘੰਟੇ ਵਿਚ ਸਕੂਲ ਪਹੁੰਚ ਗਿਆ। 6 ਅਧਿਆਪਕ 8ਵੀਂ ਦਾ ਰਿਜ਼ਲਟ ਤਿਆਰ ਕਰ ਰਹੇ ਸਨ। ਉਨ੍ਹਾਂ ਨੂੰ ਇਕ ਦਮ ਮੈਨੂੰ ਵੇਖਦਿਆਂ ਹੀ ਪਤਾ ਚੱਲ ਗਿਆ ਕਿ ਮੈਂ ਕਿੱਧਰ ਆਇਆ ਹਾਂ। ਉਨ੍ਹਾਂ ਪਹਿਲਾਂ ਮੈਨੂੰ ਚਾਹ ਪਾਣੀ ਪਿਆਇਆ ਫਿਰ ਰਿਜ਼ਲਟ ਬਣਾਉਣ ਲੱਗੇ ਛੇਵੀਂ ਸੱਤਵੀਂ ਦਾ ਨਤੀਜਾ ਉਨ੍ਹਾਂ ਪਹਿਲਾ ਹੀ ਬਣਾ ਰੱਖਿਆ ਸੀ ਪਰ ਅੱਠਵੀਂ ਦਾ ਨਤੀਜਾ ਮੇਰੀ ਹਾਜ਼ਰੀ ਵਿਚ ਤਿਆਰ ਹੋਇਆ। ਅੱਠਵੀਂ ਦੇ ਕੁਲ 16 ਬੱਚੇਂ, ਬਾਰਾਂ ਵਿਦਿਆਰਥੀ ਤਾਂ ਉਨ੍ਹਾਂ ਦੇ ਬਣਾਏ ਕਰਟੇਰੀਏ ਮੁਤਾਬਕ ਪਾਸ ਹੋ ਗਏ ਪਰ ਚਾਰ ਵਿਦਿਆਰਥੀਆਂ 'ਤੇ ਪੇਚ- ਦੰਦੇ ਫੱਸ ਗਏ, ਸਲਾਹ ਕਰਨ ਲੱਗੇ। ਪਹਿਲੇ ਵਿਦਿਆਰਥੀ ਦਾ ਉਨ੍ਹਾਂ ਚਾਰ ਬੱਚਿਆਂ ਵਿੱਚੋਂ ਬਾਇਓ ਡਾਟਾ ਲੱਭਿਆ ਇਕ ਜਣਾ ਕਹਿਣ ਲੱਗਾ ਇਹ ਤਾਂ ਸਰਪੰਚ ਦਾ ਭਤੀਜਾ ਹੈ, ਦੂਜਾ ਕਹਿਣ ਲੱਗਾ ਫਿਰ ਤਾਂ ਪਾਸ ਕਰਨਾ ਪਊ। ਸੋ ਫ਼ੈਸਲਾ ਹੋਇਆ ਕਿ ਕਰ ਦਿਉ ਪਾਸ।

ਦੂਸਰੇ ਬੱਚੇ ਬਾਰੇ ਪਤਾ ਕੀਤਾ ਤਾਂ ਕਹਿਣ ਲੱਗੇ ਇਹ ਚੁਬਾਰੇ ਵਾਲਿਆਂ ਦਾ ਮੁੰਡਾ ਇਨ੍ਹਾਂ ਦੇ ਘਰੋਂ ਤਾਂ ਆਪਾਂ ਨੂੰ ਦੁੱਧ ਆਉਂਦਾ। ਚੰਗਾ ਜੀ, ਚਲੋ ਇਸ ਨੂੰ ਵੀ ਕਰ ਦਿਉ ਪਾਸ, ਰਹਿ ਗਏ ਫੇਲ ਦੋ ਵਿਦਿਆਰਥੀ ਪਤਾ ਕਰੋ ਇਹ ਕਿਹਦੇ ਬੱਚੇ ਹਨ। ਇਕ ਕਹਿਣ ਲੱਗਾ ਉਏ ਇਹ ਫਲਾਣੇ ਬੱਕਰੀਆਂ ਵਾਲੇ ਦੇ ਮੁੰਡੇ ਨੇ, ਸੱਚ ਇਕ ਉਸ ਦਾ ਭਤੀਜਾ। ਫੈਸਲਾ ਹੋਇਆ ਚਲੋ ਇਨ੍ਹਾਂ ਦੋਵਾਂ ਨੂੰ ਕਰ ਦਿਉ ਫੇਲ। ਸੋ ਉਹ ਦੋਵੇਂ ਫੇਲ ਕਰ ਦਿੱਤੇ।

ਕਾਰਬਨ ਕਾਪੀਆਂ ਰਾਹੀਂ ਤਿਨ੍ਹਾਂ ਕਾਪੀਆਂ ਵਿਚ ਰੀਜ਼ਲਟ ਤਿਆਰ ਹੋ ਗਿਆ। ਉਹ ਅਧਿਆਪਕ ਹਾਲੀ ਦਸਤਖ਼ਤ ਕਰਨ ਹੀ ਲੱਗੇ ਸਨ ਕਿ ਮੈਂ ਪਿਛਾਬ ਕਰਨ ਦਾ ਬਹਾਨਾ ਲਗਾ ਕੇ ਬਾਹਰ ਵੱਲ ਨੂੰ ਹੋ ਤੁਰਿਆ, ਜੋ ਕਿ ਕਾਫ਼ੀ ਲੰਬੀ ਚੌੜੀ ਗਰਾਊਂਡ ਸੀ। ਵਿਚ ਦੀ ਤੁਰਦਾ-ਤੁਰਦਾ ਸਰਕੜੇ ਦੀ ਉਹਲ ਵਿਚ ਜਾ ਰਿਹਾ ਸੀ।

**ਫੇਲ੍ਹ ਬੱਚਿਆਂ ਬਾਰੇ ਪਤਾ ਕੀਤਾ ਤਾਂ ਉਹ ਕਹਿਣ ਲੱਗੇ ਇਹ ਚੁਬਾਰੇ ਵਾਲਿਆਂ ਦਾ ਮੁੰਡਾ, ਇਨ੍ਹਾਂ ਦੇ ਘਰੋਂ ਤਾਂ ਆਪਾਂ ਨੂੰ ਦੁੱਧ ਆਉਂਦਾ। ਚਲੋ ਇਸ ਨੂੰ ਵੀ ਕਰ ਦਿਉ ਪਾਸ...**

ਗਰਾਊਂਡ ਵਿਚ ਵਿਦਿਆਰਥੀ ਫੁੱਟਬਾਲ ਖੇਡ ਰਹੇ ਸਨ ਮੈਂ ਦੌੜ ਕੇ ਉਨ੍ਹਾਂ ਵਿਚ ਸ਼ਾਮਲ ਹੋ ਕੇ ਪੂਰੇ ਜ਼ੋਰ ਨਾਲ ਦੌੜ ਕੇ ਇਕ ਜੋਰਦਾਰ ਕਿੱਕ ਫੁੱਟਬਾਲ ਨੂੰ ਮਾਰੀ ਤੇ ਬਾਲ ਗਰਾਊਂਡ ਤੋਂ ਬਾਹਰ ਕੱਢ ਦਿੱਤਾ ਅਤੇ ਭੱਜ ਕੇ ਬੱਚਿਆਂ ਤੋਂ ਪਹਿਲਾਂ ਬਾਲ ਕੋਲ ਪਹੁੰਚ ਫੁੱਟਬਾਲ ਨੂੰ ਆਪਣੇ ਪੈਰ ਹੇਠ ਕਾਬੂ ਕਰ ਖੜ੍ਹੋ ਗਿਆ। ਸਾਰੇ ਵਿਦਿਆਰਥੀ ਮੇਰੇ ਕੋਲ ਖੜ੍ਹੇ ਹੋ ਗਏ। ਮੈਂ ਬੱਚਿਆਂ ਤੋਂ ਉਨ੍ਹਾਂ ਦੋ ਬੱਚਿਆਂ ਬਾਰੇ ਪੁਛਿਆ ਜੋ ਬੱਕਰੀਆਂ ਵਾਲੇ ਦੇ ਮੁੰਡੇ ਸਨ। ਉਨ੍ਹਾਂ ਦੋਨਾਂ ਦੇ ਨਾਮ ਮੈਂ ਫੇਲ੍ਹ ਹੋਏ ਵਿਦਿਆਰਥੀਆਂ ਦੀ ਲਿਸਟ ਵਿਚ ਨੋਟ ਕੀਤੇ ਹੋਏ ਸਨ। ਮੈਂ ਉਨ੍ਹਾਂ ਦੀ ਹਾਲਤ ਨੂੰ ਗਹੁ ਨਾਲ ਵੇਖਿਆ। ਪੈਰਾਂ ਤੋਂ ਨੰਗੇ, ਪਾਟੇ ਕੱਛੇ ਦੋਹਾਂ ਦੇ। ਗੱਲ ਮੈਲੇ ਕੁਚੇਲੇ ਕਪੜੇ ਮੁੰਨੇ ਹੋਏ ਬਿਨਾਂ ਤੇਲ ਲੱਗੇ ਖਿੰਡੇ ਪੁੰਡੇ ਵਾਲ, ਤਰਸਯੋਗ ਹਾਲਤ। ਫੁੱਟਬਾਲ ਬੱਚਿਆਂ ਨੂੰ ਦੇ ਮੈਂ ਦਫ਼ਤਰ ਵਿਚ ਆ ਗਿਆ।

ਅਧਿਆਪਕ ਕਹਿਣ ਲੱਗੇ, ਸਰ ਰੀਜ਼ਲਟ ਤਿਆਰ ਹੈ, ਕਰੋ ਦਸਤਖ਼ਤ ਤੇ ਬੋਲੀਏ ਰੀਜ਼ਲਟ ਤੇ ਛੁੱਟੀ ਕਰੀਏ। ਰੀਜ਼ਲਟ ਸੀਟਾਂ 'ਤੇ ਉਨ੍ਹਾ ਨੇ ਤਿਆਰ ਕਰਤਾ, ਪੜਤਾਲ ਕਰਤਾ, ਵਗੈਰਾ ਦੇ ਦਸਤਖ਼ਤ ਕੀਤੇ ਹੋਏ ਸਨ। ਮੈਂ ਰੀਜ਼ਲਟ ਦੀ ਇਕ ਕਾਪੀ ਚੁੱਕੀ। ਕਮਰੇ ਤੋਂ ਬਾਹਰ ਆਇਆ। ਆਪਣਾ ਸਾਈਕਲ ਚੁੱਕਿਆ ਤੇ ਜ਼ੋਰ ਨਾਲ ਭਜਾ ਪਹਿਲਾਂ ਨਾਲੋਂ ਅੱਧੇ ਸਮੇਂ ਵਿਚ ਆਪਣੇ ਸਕੂਲ ਪਹੁੰਚ ਗਿਆ। ਸਾਰਾ ਘਟਨਾ ਕਰਮ ਪ੍ਰਿੰਸੀਪਲ ਨੂੰ ਸੁਣਾ ਦਿੱਤਾ। ਪ੍ਰਿੰਸੀਪਲ ਨੇ ਕੁਝ ਸੀਨੀਆਰ ਅਧਿਆਪਕਾਂ ਨਾਲ ਸਲਾਹ ਮਸ਼ਵਰਾ ਕਰਨ ਹਿੱਤ ਆਪਣੇ ਦਫ਼ਤਰ ਬੁਲਾਇਆ।

ਹਾਲੇ ਅਸੀਂ ਡਿਸਕਸ ਹੀ ਕਰ ਰਹੇ ਸੀ ਕਿ ਉਹ ਮਿਡਲ ਸਕੂਲ ਦੇ ਦੋ ਅਧਿਆਪਕ , ਪਿੰਡ ਦਾ ਸਰਪੰਚ ਤੇ ਤਿੰਨ ਚਾਰ ਹੋਰ ਪਿੰਡ ਵਾਸੀ ਦਫ਼ਤਰ ਪਹੁੰਚ ਗਏ। ਗੱਲ ਮੁੱਕਦੀ ਇਹ ਕਿ ਮੇਰੇ ਤੇ ਦਬਾਅ ਬਣਨ ਲੱਗਾ ਕਿ ਮੈਂ ਰੀਜ਼ਲਟ ਸੀਟ ਤੇ ਦਸਤਖ਼ਤ ਕਰ ਦੇਵਾਂ। ਪਰ ਮੈਂ ਅੜ੍ਹ ਗਿਆ ਕਿ ਜੇ ਇਹ ਦੋ ਮੁੰਡੇ ਫੇਲ੍ਹ ਕਰਨੇ ਹਨ ਤਾਂ ਸਰਪੰਚ ਦਾ ਭਤੀਜਾ ਤੇ ਉਸ ਮੋਟੇ ਜਿੰਮੀਦਾਰ ਦਾ ਦੋਵੇ ਮੁੰਡੇ ਵੀ ਫੇਲ੍ਹ ਕੀਤੇ ਜਾਣ ਜਾਂ ਇਹ ਦੋ ਲੜਕੇ ਜੋ ਗ਼ਰੀਬ ਬੱਕਰੀਆਂ ਵਾਲਿਆਂ ਦੇ ਮੁੰਡੇ ਹਨ ਇਹ ਵੀ ਪਾਸ ਕੀਤੇ ਜਾਣ। ਅੰਤ ਫ਼ੈਸਲਾ ਇਹ ਹੋਇਆ ਕਿ ਚਾਰੇ ਲੜਕੇ ਪਾਸ ਕਰ ਦਿੱਤੇ ਗਏ। ਦੁਬਾਰਾ ਰੀਜ਼ਲਟ ਤਿਆਰ ਕਰ ਉਹ ਦੋਵੇਂ ਮੁੰਡੇ ਪਾਸ ਹੋ ਗਏ ਅਗਲੇ ਦਿਨ ਛੁੱਟੀ ਸੀ ਮੈ ਸਾਈਕਲ ਲੈ ਕੇ ਉਸ ਬੱਕਰੀਆਂ ਵਾਲੇ ਦੇ ਘਰ ਗਿਆ। ਘਰ ਸੀ ਕੱਖਾਂ ਕਾਨੀਆਂ ਦੀਆਂ ਦੋ ਕੁੱਟੀਆਂ ਦੋਨਾ ਭਰਾਵਾਂ ਕੋਲ 5-5 / 7-7 ਬੱਕਰੀਆਂ। ਦਿਹਾੜੀ ਟੱਪਾ ਕਰਨ ਵਾਲੇ ਐੱਸ ਸੀ ਬੱਚੇ। ਮੈਂ ਉਨ੍ਹਾਂ ਨੂੰ ਨੌਵੀਂ ਜਮਾਤ ਵਿਚ ਦਾਖ਼ਲ ਹੋਣ ਲਈ ਪਰੇਰਿਆ। ਉਹ ਦੋਵੇਂ ਬੱਚੇ ਜੋ ਸਰੀਰ ਪੱਖੋਂ ਕਾਫ਼ੀ ਤਕੜੇ ਸਨ ਨੌਵੀਂ ਵਿਚ ਸਾਡੇ ਸਕੂਲ ਦਾਖ਼ਲ ਹੋ ਗਏ। ਮੈਂ ਪ੍ਰਿੰਸੀਪਲ ਸਾਹਿਬ ਅੱਗੇ ਬੇਨਤੀ ਕਰ ਕੇ ਰੈੱਡ ਕਰਾਸ ਫੰਡ ਵਿੱਚੋਂ ਉਨ੍ਹਾਂ ਦੋਨਾਂ ਨੂੰ ਇਕ-ਇਕ ਖ਼ਾਕੀ ਪੈਂਟ ਤੇ ਕਮੀਜ਼ ਬਣਵਾ ਦਿੱਤੀ। ਦੋਵਾਂ ਬੱਚਿਆਂ ਨੂੰ ਕਬੱਡੀ ਦੀ ਏ ਟੀਮ ਵਿਚ ਭਰਤੀ ਕਰ ਲਿਆ। ਖੇਡ ਵਿਚ ਉਹ ਦੋਨੋ ਚੰਗੇ ਪਲੇਅਰ ਬਣ ਗਏ। •

95010-32057

# ਪੰਜਾਬ ਦੇ ਇਸ ਜ਼ਿਲ੍ਹੇ 'ਚ ਸਖ਼ਤ ਹੁਕਮ ਜਾਰੀ

**ਏਜੰਸੀਆਂ**

ਜਲੰਧਰ 9 ਮਈ। ਭਾਰਤ-ਪਾਕਿਸਤਾਨ ਦੇ ਤਣਾਅਪੂਰਨ ਮਾਹੌਲ ਕਾਰਨ ਜਲੰਧਰ ਸ਼ਹਿਰ ਵਿੱਚ ਨਵੇਂ ਹੁਕਮ ਜਾਰੀ ਕੀਤੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹਿਰ ਵਿੱਚ ਪਟਾਕੇ ਚਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਹੁਣ



ਸ਼ਹਿਰ ਵਿੱਚ ਰਾਤ ਨੂੰ ਪਟਾਕੇ ਚਲਾਉਣ ਵਾਲਿਆਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਲੋਕਾਂ ਵਿਰੁੱਧ ਮਾਮਲੇ ਦਰਜ ਕੀਤੇ ਜਾ ਰਹੇ ਹਨ। ਰਿਪੋਰਟਾਂ ਅਨੁਸਾਰ ਜਲੰਧਰ ਕਮਿਸ਼ਨਰੇਟ ਪੁਲਸ ਦੇ ਡਿਵੀਜ਼ਨ ਨੰਬਰ 8 ਪੁਲਸ ਸਟੇਸ਼ਨ ਦੀ ਪੁਲਸ ਨੇ ਸ਼ਹਿਰ ਵਿੱਚ ਰਾਤ ਨੂੰ ਪਟਾਕੇ ਚਲਾਉਣ ਦੇ ਦੋਸ਼ ਵਿੱਚ ਅਣਪਛਾਤੇ ਲੋਕਾਂ ਵਿਰੁੱਧ ਐੱਫ਼. ਆਈ. ਆਰ. ਦਰਜ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਗੁਰਮੇਲ ਸਿੰਘ ਨੇ ਦੱਸਿਆ ਕਿ ਭਾਰਤ-ਪਾਕਿ ਵਿਚਾਲੇ ਸੀਜ਼ਫਾਇਰ ਹੋ ਚੁੱਕੀ ਹੈ ਪਰ ਕੁਝ ਸ਼ਰਾਰਤੀ ਅਨਸਰਾਂ ਨੇ ਰਾਤ ਨੂੰ ਪਟਾਕੇ ਚਲਾਏ, ਜਿਸ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਲੋਕ ਸਹਿਮੇ ਰਹੇ। ਇਸ ਕਾਰਨ ਪੁਲਸ ਨੇ ਅਣਪਛਾਤੇ ਲੋਕਾਂ ਖ਼?ਲਾਫ਼ ਐੱਫ਼. ਆਈ. ਆਰ. ਦਰਜ ਕੀਤੀ ਹੈ ਅਤੇ ਸਖ਼ਤ ਹੁਕਮ ਜਾਰੀ ਕੀਤੇ ਹਨ। ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਘੱਟ ਹੋਣ ਦੇ ਚਲਦਿਆਂ ਵੀ ਲੋਕਾਂ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਹੈ। ਜਲੰਧਰ, ਕਪੂਰਥਲਾ ਸਮੇਤ ਪੰਜਾਬ ਦੇ ਕਈ ਇਲਾਕਿਆਂ ਵਿੱਚ ਪਾਕਿਸਤਾਨੀ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਹੋਏ। ਇਸ ਦੇ ਨਾਲ ਹੀ ਸ਼ਹਿਰ ਦੇ ਕੁਝ ਸ਼ਰਾਰਤੀ ਅਨਸਰ ਪਟਾਕੇ ਚਲਾ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਦੇ ਮਨਾਂ ਵਿੱਚ ਅਜੇ ਵੀ ਡਰ ਅਤੇ ਦਹਿਸ਼ਤ ਦਾ ਮਾਹੌਲ ਹੈ। ਤੁਹਾਨੂੰ ਦੱਸ ਦੇਈਏ ਕਿ ਜੰਗੀ ਸਥਿਤੀ ਕਾਰਨ, ਪੰਜਾਬ ਸਰਕਾਰ ਨੇ ਹੁਣ ਰਾਤ 8 ਵਜੇ ਤੋਂ ਬਾਅਦ ਪੰਜਾਬ ਵਿੱਚ ਬਲੈਕਆਊਟ ਦੇ ਹੁਕਮ ਦਿੱਤੇ ਹੋਏ ਹਨ। ਕਈ ਸਕੂਲਾਂ ਵਿੱਚ ਪੇਪਰ ਰੱਦ ਕਰ ਦਿੱਤੇ ਗਏ ਹਨ ਅਤੇ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਤੁਹਾਨੂੰ ਇਹ ਵੀ ਦੱਸ ਦੇਈਏ ਕਿ ਭਾਰਤ-ਪਾਕਿਸਤਾਨ ਤਣਾਅ ਕਾਰਨ ਪੰਜਾਬ ਦੇ ਸਰਹੱਦੀ ਇਲਾਕਿਆਂ, ਜਿਸ ਵਿੱਚ ਫਿਰੋਜ਼ਪੁਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਸ਼ਾਮਲ ਹਨ, ਵਿੱਚ ਬਲੈਕਆਊਟ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨ ਹੀ ਵੱਡਾ ਐਲਾਨ ਕਰਦਿਆਂ ਕਿਹਾ ਹੈ ਕਿ ਪੰਜਾਬ ਵਿੱਚ ਬਲੈਕਆਊਟ ਜਾਰੀ ਰਹੇਗਾ ਕਿਉਂਕਿ ਅਸੀਂ ਅਜੇ ਵੀ ਪਾਕਿਸਤਾਨ 'ਤੇ ਭਰੋਸਾ ਨਹੀਂ ਕਰ ਸਕਦੇ। ਪੰਜਾਬ ਨੇ ਪਹਿਲਾਂ ਵੀ ਅੱਤਵਾਦ ਦਾ ਸਾਹਮਣਾ ਕੀਤਾ ਹੈ ਅਤੇ ਹੁਣ ਕੋਈ ਵੀ ਢਿੱਲ ਨਹੀਂ ਦਿੱਤੀ ਜਾਵੇਗੀ।

# ਤੇਲ ਬਾਜ਼ਾਰ 'ਚ ਉਥਲ-ਪੁਥਲ, ਕੀਮਤਾਂ 'ਚ ਜ਼ਬਰਦਸਤ ਵਾਧਾ

**ਏਜੰਸੀਆਂ**

ਬਿਜ਼ਨਸ ਡੈਸਕ 9 ਮਈ। ਮੱਧ ਪੂਰਬ ਵਿੱਚ ਵਧ ਰਹੇ ਭੂ-ਰਾਜਨੀਤਿਕ ਤਣਾਅ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਈਰਾਨ ਅਤੇ ਇਜ਼ਰਾਈਲ ਵਿਚਕਾਰ ਵਧਦੀ ਫੌਜੀ ਕਾਰਵਾਈ ਸਿੱਧੇ ਤੌਰ 'ਤੇ ਵਿਸ਼ਵ ਊਰਜਾ ਬਾਜ਼ਾਰ ਨੂੰ ਪ੍ਰਭਾਵਿਤ ਕਰ ਰਹੀ ਹੈ। ਬ੍ਰੈਂਟ ਕਰੂਡ £100 ਨੂੰ ਪਾਰ ਕਰ ਗਿਆ ਹੈ, ਜਿਸ ਨਾਲ ਬਾਜ਼ਾਰ ਵਿੱਚ ਅਸਥਿਰਤਾ ਵਧ ਰਹੀ ਹੈ। ਰਿਪੋਰਟਾਂ ਅਨੁਸਾਰ, ਈਰਾਨ ਨੇ ਰਾਸ ਲਾਫਾਨ ਇੰਡਸਟਰੀਅਲ ਸਿਟੀ (ਕਤਰ) 'ਤੇ ਮਿਜ਼ਾਈਲ ਹਮਲਾ ਕੀਤਾ, ਜੋ ਕਿ ਵਿਆਪਕ ਬੁਨਿਆਦੀ ਢਾਂਚੇ ਦਾ ਘਰ ਹੈ। ਇਜ਼ਰਾਈਲ ਨੇ ਈਰਾਨ ਦੇ ਦੱਖਣੀ ਪਾਰਸ ਗੈਸ ਫੀਲਡ ਨੂੰ ਵੀ ਨਿਸ਼ਾਨਾ ਬਣਾਇਆ, ਜੋ ਕਿ ਦੁਨੀਆ ਦੇ ਸਭ ਤੋਂ ਵੱਡੇ ਗੈਸ ਖੇਤਰਾਂ ਵਿੱਚੋਂ ਇੱਕ ਹੈ, ਜੋ ਰੋਜ਼ਾਨਾ ਲਗਭਗ 730 ਮਿਲੀਅਨ ਘਣ ਮੀਟਰ ਗੈਸ ਪੈਦਾ ਕਰਦਾ ਹੈ। ਇਨ੍ਹਾਂ ਹਮਲਿਆਂ ਤੋਂ ਬਾਅਦ, ਕਤਰ ਨੇ ਆਪਣੇ ਊਰਜਾ ਖੇਤਰ ਨੂੰ ਕਾਫ਼ੀ ਨੁਕਸਾਨ ਪਹੁੰਚਉਣ ਦੀ ਪੁਸ਼ਟੀ ਕੀਤੀ ਹੈ। ਇਸ ਨਾਲ ਵਿਸ਼ਵ ਤੇਲ ਸਪਲਾਈ ਲਈ ਇੱਕ ਮਹੱਤਵਪੂਰਨ ਰਸਤਾ, ਹੋਰਮੁਜ਼ ਜਲਡਮਰੂ ਵਿੱਚ ਸਪਲਾਈ ਵਿਘਨ ਦਾ ਜੋਖਮ ਵਧ ਗਿਆ ਹੈ। ਇਸ ਨਾਲ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਵਿਸ਼ਲੇਸ਼ਕ ਮੰਨਦੇ ਹਨ ਕਿ ਭਾਵੇਂ ਹੋਰਮੁਜ਼ ਜਲਡਮਰੂ ਜਲਦੀ ਹੀ ਖੁੱਲ੍ਹ ਜਾਵੇ, ਸਪਲਾਈ ਨੂੰ ਆਮ ਵਾਂਗ ਹੋਣ ਵਿੱਚ ਸਮਾਂ ਲੱਗ ਸਕਦਾ ਹੈ। ਸਿਟੀਗਰੁੱਪ ਦੀ ਇੱਕ ਰਿਪੋਰਟ ਅਨੁਸਾਰ, 2026 ਦੀ ਦੂਜੀ ਤਿਮਾਹੀ ਵਿੱਚ ਬ੍ਰੈਂਟ ਕਰੂਡ ਦੀ ਔਸਤ ਕੀਮਤ £130 ਪ੍ਰਤੀ ਬੈਰਲ ਤੱਕ ਪਹੁੰਚ



ਸਕਦੀ ਹੈ। ਹਾਲਾਂਕਿ, 23 ਮਾਰਚ ਨੂੰ ਸਵੇਰੇ 8:07 ਵਜੇ ਦੇ ਕਰੀਬ, ਬ੍ਰੈਂਟ ਕਰੂਡ ਲਗਭਗ £111 ਪ੍ਰਤੀ ਬੈਰਲ 'ਤੇ ਵਪਾਰ ਕਰ ਰਿਹਾ ਸੀ। ਕਮੋਡਿਟੀ ਮਾਹਰ ਨੇ ਨੋਟ ਕੀਤਾ ਹੈ ਕਿ ਫਿਊਚਰਜ਼ ਮਾਰਕੀਟ ਮੌਜੂਦਾ ਸਥਿਤੀ ਨੂੰ ਪੂਰੀ ਤਰ੍ਹਾਂ ਨਹੀਂ ਦਰਸਾ ਰਿਹਾ ਹੈ। ਏਸ਼ੀਆ ਵਿੱਚ ਭੌਤਿਕ ਤੇਲ ਦੀਆਂ ਕੀਮਤਾਂ £130 ਅਤੇ £170 ਪ੍ਰਤੀ ਬੈਰਲ ਦੇ ਵਿਚਕਾਰ ਪਹੁੰਚ ਗਈਆਂ ਹਨ, ਜਦੋਂ ਕਿ ਜੈੱਟ ਫਿਊਲ ਵਰਗੇ ਰਿਫਾਇੰਡ ਉਤਪਾਦ £220 ਨੂੰ ਪਾਰ ਕਰ ਗਏ ਹਨ। ਇਸ ਦੌਰਾਨ, ਫੈੱਡਰਲ ਰਿਜ਼ਰਵ ਨੇ ਵਿਆਜ ਦਰਾਂ ਨੂੰ 3.5% ਅਤੇ 3.75% ਦੀ ਰੇਂਜ ਦੇ ਅੰਦਰ ਸਥਿਰ ਰੱਖਿਆ ਹੈ। ਫੈੱਡ ਦੇ ਚੇਅਰਮੈਨ ਜੇਰੋਮ ਪਾਵੇਲ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੁਦਰਾਸਫੀਤੀ ਉਮੀਦ ਅਨੁਸਾਰ ਘੱਟ ਨਹੀਂ ਹੋ ਰਹੀ ਹੈ ਅਤੇ ਈਰਾਨ ਨਾਲ ਤਣਾਅ ਇਸਨੂੰ ਹੋਰ ਵਧਾ ਸਕਦਾ ਹੈ। ਫਰਵਰੀ ਦਾ ਡੇਟਾ ਵੀ ਉਮੀਦ ਤੋਂ ਵੱਧ ਸੀ, ਜੋ ਕਿ ਲਗਾਤਾਰ ਮੁਦਰਾਸਫੀਤੀ ਦਬਾਅ ਨੂੰ ਦਰਸਾਉਂਦਾ ਹੈ। ਨਤੀਜੇ ਵਜੋਂ, ਵਿਆਜ ਦਰ ਵਿੱਚ ਕਟੌਤੀ ਦੀ ਸੰਭਾਵਨਾ ਘੱਟ ਹੀ ਜਾਪਦੀ ਹੈ। ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਅਨਿਸ਼ਚਿਤਤਾ ਕਾਰਨ ਅਮਰੀਕੀ ਬਾਜ਼ਾਰਾਂ ਵਿੱਚ ਭਾਰੀ ਵਿਕਰੀ ਹੋਈ। ਡਾਓ ਜੋਨਸ ਇੰਡਸਟਰੀਅਲ ਔਸਤ ਲਗਭਗ 800 ਅੰਕ ਡਿੱਗ ਗਿਆ, ਜਦੋਂ ਕਿ 500 ਅਤੇ ਨੈਸਡੈਕ ਕੰਪੋਜ਼ਿਟ ਲਗਭਗ 1.5% ਡਿੱਗ ਗਏ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਕੱਚੇ ਤੇਲ ਦੀਆਂ ਕੀਮਤਾਂ ਉੱਚੀਆਂ ਰਹਿੰਦੀਆਂ ਹਨ, ਤਾਂ ਇਹ ਮਹਿੰਗਾਈ ਵਧਾਏਗਾ ਅਤੇ ਵਿਆਜ ਦਰਾਂ ਵਿੱਚ ਕਟੌਤੀ ਦੀਆਂ ਉਮੀਦਾਂ ਨੂੰ ਕਮਜ਼ੋਰ ਕਰੇਗਾ। ਇਹ ਪ੍ਰਭਾਵ ਆਉਣ ਵਾਲੇ ਦਿਨਾਂ ਵਿੱਚ ਗਲੋਬਲ ਅਤੇ ਭਾਰਤੀ ਸਟਾਕ ਬਾਜ਼ਾਰਾਂ 'ਤੇ ਪ੍ਰਭਾਵ ਪਾਉਣਾ ਜਾਰੀ ਰੱਖ ਸਕਦਾ ਹੈ।

## ਜਲੰਧਰ ਜ਼ਿਲ੍ਹੇ 'ਚ ਕਣਕ ਦੀ ਬੰਪਰ ਪੈਦਾਵਾਰ, 5 ਲੱਖ ਮੀਟ੍ਰਿਕ ਟਨ ਤੋਂ ਵੱਧ ਹੋਈ ਕਣਕ ਦੀ ਖ਼ਰੀਦ

ਜਲੰਧਰ 9 ਮਈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦੱਸਿਆ ਕਿ ਜ਼ਿਲ੍ਹੇ 'ਚ ਕਣਕ ਦਾ ਖ਼ਰੀਦ ਸੀਜ਼ਨ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੁਸ਼ਲ ਅਗਵਾਈ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਸਦਕਾ ਹੁਣ ਤੱਕ 5 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਖ਼ਰੀਦ ਉਚਿਤ ਢੰਗ ਨਾਲ ਹੋ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸੀਜ਼ਨ ਵਿਚ ਕਣਕ ਦੀ ਬੰਪਰ ਪੈਦਾਵਾਰ ਹੋਈ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ 'ਚ ਕੁੱਲ 507656 ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋਈ ਹੈ, ਜਿਸ 'ਚੋਂ 507612 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਗਈ ਖ਼ਰੀਦ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਨਗਰੇਨ ਨੇ 165845 ਮੀਟ੍ਰਿਕ ਟਨ, ਮਾਰਕਫੈੱਡ ਨੇ 137181, ਪਨਸਪ ਨੇ 115135, ਪੰਜਾਬ ਸਟੇਟ ਵੇਅਰਹਾਊਸ



ਕਾਰਪੋਰੇਸ਼ਨ ਨੇ 56941, ਐੱਫ਼. ਸੀ. ਆਈ. ਨੇ 27618 ਮੀਟ੍ਰਿਕ ਟਨ ਅਤੇ ਨਿੱਜੀ ਵਪਾਰੀਆਂ ਵੱਲੋਂ 4892 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਖ਼ਰੀਦੀ ਗਈ ਫ਼ਸਲ ਲਈ 1209 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਹੈ ਅਤੇ ਫ਼ਸਲ ਦੀ ਲਿਫ਼ਟਿੰਗ ਵੀ ਤੇਜ਼ੀ ਨਾਲ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ਾਂ ਅਤੇ ਕਣਕ ਦੀ ਬੰਪਰ ਪੈਦਾਵਾਰ ਦੇ ਮੱਦੇਨਜ਼ਰ ਜ਼ਿਲ੍ਹੇ 'ਚ 79 ਪੱਕੀਆਂ ਮੰਡੀਆਂ ਦੇ ਇਲਾਵਾ 23 ਆਰਜ਼ੀ ਮੰਡੀਆਂ ਵੀ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਲਈ ਉਚਿਤ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਲਿਫ਼ਟਿੰਗ ਪ੍ਰਕਿਰਿਆ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

### ਡੇਂਗੂ ਤੇ ਮਲੇਰੀਆ ਦੀ ਰੋਕਥਾਮ ਲਈ ਕੀਤਾ ਸਰਵੇਖਣ

ਬਠਿੰਡਾ 9 ਮਈ। ਪੰਜਾਬ ਸਰਕਾਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਤੇ ਡਾ. ਰਮਨਦੀਪ ਸਿੰਗਲਾ, ਕਾਰਜਕਾਰੀ ਸਿਵਲ ਸਰਜਨ ਬਠਿੰਡਾ ਦੀ ਅਗਵਾਈ ਹੇਠ ਅਤੇ ਡਾ. ਊਸ਼ਾ ਗੋਇਲ ਦੀ



ਅਗਵਾਈ ਹੇਠ ਡੇਂਗੂ ਅਤੇ ਮਲੇਰੀਆ ਬੁਖ਼ਾਰ ਦੀ ਰੋਕਥਾਮ ਲਈ ਜਾਗਰੂਕਤਾ ਪ੍ਰੋਗਰਾਮ ਅਤੇ ਡੇਂਗੂ ਅਤੇ ਮਲੇਰੀਆ ਵਿਰੋਧੀ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ। ਇਸ ਤਹਿਤ ਅੱਜ ਜ਼ਿਲ੍ਹੇ ਦੀ ਬਿਰਲਾ ਮਿੱਲ ਕਲੋਨੀ ਵਿੱਚ ਡੇਂਗੂ ਮਲੇਰੀਆ ਸਰਵੇਖਣ ਕੀਤਾ ਗਿਆ ਅਤੇ ਛਿੜਕਾਅ ਕੀਤਾ ਗਿਆ। ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਘਰ-ਘਰ ਜਾ ਕੇ ਲਾਰਵੇ ਦੀ ਭਾਲ ਕੀਤੀ ਜਾ ਰਹੀ ਹੈ। ਸ਼ਹਿਰੀ ਲਾਰਵਾ ਵਿਰੋਧੀ ਟੀਮਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਲਾਰਵੇ ਦੀ ਭਾਲ ਕੀਤੀ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਸਬੰਧ ਵਿੱਚ, ਅੱਜ ਬਿਰਲਾ ਮਿੱਲ ਕਾਲੋਨੀ ਵਿਚ ਇੱਕ ਸਰਵੇਖਣ ਕੀਤਾ ਗਿਆ ਅਤੇ ਛਿੜਕਾਅ ਕੀਤਾ ਗਿਆ।

# ਪੰਜਾਬ ਪੁਲਸ ਦੀ ਮਹਿਲਾ ਸਬ-ਇੰਸਪੈਕਟਰ ਨੂੰ 10 ਸਾਲ ਦੀ ਕੈਦ

**ਏਜੰਸੀਆਂ**

ਅੰਮ੍ਰਿਤਸਰ 9 ਮਈ। ਅੰਮ੍ਰਿਤਸਰ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਕਿ ਇਕ ਮਹਿਲਾ ਸਬ-ਇੰਸਪੈਕਟਰ ਨੂੰ ਕਿਤੇ ਕਰਮਾਂ ਦੀ ਸਜ਼ਾ ਮਿਲੀ ਹੈ। ਜਾਣਕਾਰੀ ਮੁਤਾਬਕ ਅਦਾਲਤ ਨੇ ਪੰਜਾਬ ਪੁਲਸ ਦੀ ਇੱਕ ਮਹਿਲਾ ਸਬ-ਇੰਸਪੈਕਟਰ (ਐੱਸਆਈ) ਨੂੰ 10 ਸਾਲ ਦੀ ਕੈਦ ਅਤੇ 20,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਅੰਮ੍ਰਿਤਸਰ ਜ਼ਿਲ੍ਹਾ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਔਰਤ ਨੂੰ ਦੋਸ਼ੀ ਕਰਾਰ ਦਿੱਤਾ ਹੈ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਵੱਲੋਂ ਅੰਮ੍ਰਿਤਸਰ ਦਿਹਾਤੀ ਪੁਲਸ ਦੀ ਸਬ ਇੰਸਪੈਕਟਰ ਸੰਦੀਪ ਕੌਰ ਨੂੰ ਸਜ਼ਾ ਸੁਣਾਈ ਗਈ ਹੈ। ਜੇਕਰ ਜੁਰਮਾਨੇ ਦੀ ਰਕਮ ਜਮ?ਹਾ ਨਹੀਂ ਕਰਵਾਈ ਜਾਂਦੀ, ਤਾਂ ਦੋਸ਼ੀ ਨੂੰ ਤਿੰਨ ਮਹੀਨੇ ਦੀ ਵਾਧੂ ਕੈਦ ਭੁਗਤਣੀ ਪਵੇਗੀ। ਅਦਾਲਤ ਨੇ ਕਿਹਾ ਕਿ ਸਬ ਇੰਸਪੈਕਟਰ ਸੰਦੀਪ ਕੌਰ ਦਾ ਕੰਮ ਅਪਰਾਧ ਨੂੰ ਰੋਕਣਾ ਸੀ ਜਦੋਂ ਕਿ ਉਹ ਖੁਦ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਈ। 10 ਅਕਤੂਬਰ, 2020 ਨੂੰ, ਮੋਹਕਮਪੁਰਾ ਥਾਣੇ ਦੀ ਪੁਲਸ ਨੇ ਅੰਮ੍ਰਿਤਸਰ ਦਿਹਾਤੀ ਜ਼ਿਲ੍ਹੇ ਵਿੱਚ ਤਾਇਨਾਤ ਸਬ ਇੰਸਪੈਕਟਰ ਸੰਦੀਪ ਕੌਰ ਵਿਰੁੱਧ ਇੱਕ ਵਿਅਕਤੀ ਨੂੰ ਖੁਦਕੁਸ਼ੀ ਲਈ



ਉਕਸਾਉਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਜੰਡਿਆਲਾ ਗੁਰੂ ਥਾਣੇ ਅਧੀਨ ਪੈਂਦੇ ਪਿੰਡ ਨਵਾਂ ਪਿੰਡ ਦੇ ਰਹਿਣ ਵਾਲੇ ਵਿਕਰਮਜੀਤ ਸਿੰਘ ਦਾ ਐੱਸਆਈ ਸੰਦੀਪ ਕੌਰ ਨਾਲ ਕਥਿਤ ਪ੍ਰੇਮ ਸਬੰਧ ਸੀ। ਵਿਕਰਮਜੀਤ ਪੇਸ਼ੇ ਤੋਂ ਇੱਕ ਕਮਿਸ਼ਨ ਏਜੰਟ ਸੀ। ਦੋਵੇਂ ਇੱਕ ਦੂਜੇ ਨੂੰ ਮਿਲਦੇ ਰਹਿੰਦੇ ਸਨ, ਪਰ ਕੁਝ ਦਿਨ ਤੋਂ ਸੰਦੀਪ ਕੌਰ ਵਿਕਰਮਜੀਤ ਨੂੰ ਬਲੈਕਮੇਲ ਕਰ ਰਹੀ ਸੀ। ਉਹ ਉਸਨੂੰ ਉਸਦੇ ਇੱਕ ਹੋਰ ਸਾਥੀ ਦਾ ਕਤਲ ਕਰਨ ਲਈ ਵੀ ਉਕਸਾ ਰਹੀ ਸੀ। ਵਿਕਰਮਜੀਤ ਲਗਾਤਾਰ ਉਸਦਾ ਵਿਰੋਧ ਕਰ ਰਿਹਾ ਸੀ। ਘਟਨਾ ਵਾਲੇ ਦਿਨ, ਦੋਵੇਂ ਮੋਹਕਮਪੁਰਾ ਦੇ ਇੱਕ ਹੋਟਲ ਦੇ ਕਮਰੇ ਵਿੱਚ ਮਿਲੇ ਸਨ। ਸੰਦੀਪ ਕੌਰ ਕੁਝ ਸਮਾਂ ਉੱਥੇ ਰਹਿਣ ਤੋਂ ਬਾਅਦ ਚਲੀ ਗਈ ਅਤੇ ਵਿਕਰਮਜੀਤ ਨੇ ਹੋਟਲ ਦੇ ਕਮਰੇ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਸਬ-ਇੰਸਪੈਕਟਰ ਵਿਰੁੱਧ ਮਾਮਲਾ ਦਰਜ ਕਰ ਲਿਆ ਸੀ। ਉਸੇ ਰਾਤ, ਵਿਕਰਮਜੀਤ ਦੀ ਪਤਨੀ ਸੁਖਬੀਰ ਕੌਰ ਨੇ ਵੀ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਸਬੰਧੀ ਜੰਡਿਆਲਾ ਥਾਣੇ ਦੀ ਪੁਲਸ ਨੇ ਸੰਦੀਪ ਕੌਰ ਖਿਲਾਫ਼ ਵੀ ਮਾਮਲਾ ਦਰਜ ਕੀਤਾ ਸੀ। ਮਹਿਲਾ ਐੱਸਆਈ ਵਿਰੁੱਧ ਦੋਸ਼ ਸਾਬਤ ਹੋਣ ਤੋਂ ਬਾਅਦ ਅਦਾਲਤ ਨੇ ਸੰਦੀਪ ਕੌਰ ਨੂੰ ਦੋਸ਼ੀ ਕਰਾਰ ਦਿੱਤਾ ਹੈ।

## ਧਮਾਕਿਆਂ ਦੀਆਂ ਖਬਰਾਂ ਮਗਰੋਂ ਅੰਮ੍ਰਿਤਸਰ ਡੀਸੀ ਦਾ ਆ ਗਿਆ ਬਿਆਨ

ਅੰਮ੍ਰਿਤਸਰ 9 ਮਈ। ਮਾਹੌਲ ਖਰਾਬ ਹੋਣ ਤੋਂ ਬਾਅਦ ਅੰਮ੍ਰਿਤਸਰ ਵਿਚ ਬਲੈਕਆਊਟ ਦਾ ਐਲਾਨ ਕਰ ਦਿੱਤਾ ਗਿਆ। ਇਸ ਮਗਰੋਂ ਅਚਾਨਕ ਹੀ ਅੰਮ੍ਰਿਤਸਰ ਵਿਚ ਧਮਾਕਿਆਂ ਦੀਆਂ ਖਬਰਾਂ ਵਾਇਰਲ ਹੋਣ ਲੱਗੀਆਂ। ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸੇ ਵਿਚਾਲੇ ਹੁਣ ਅੰਮ੍ਰਿਤਸਰ ਦੇ ਡੀਸੀ ਦਾ ਬਿਆਨ ਸਾਹਮਣੇ ਆ ਗਿਆ ਹੈ। ਅੰਮ੍ਰਿਤਸਰ ਡੀਸੀ ਨੇ ਇਸ ਦੌਰਾਨ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਕੁਝ ਸੁਨੇਹੇ ਡੀਸੀ ਅੰਮ੍ਰਿਤਸਰ ਨਾਲ ਸਬੰਧਤ ਦੱਸ ਕੇ ਪ੍ਰਸਾਰਿਤ ਕੀਤੇ ਜਾ ਰਹੇ ਹਨ। ਕਿਰਪਾ ਕਰਕੇ ਅਜਿਹੇ ਕਿਸੇ ਵੀ ਝੂਠੇ ਸੁਨੇਹੇ 'ਤੇ ਵਿਸ਼ਵਾਸ ਨਾ ਕਰੋ, ਕਿਰਪਾ ਕਰਕੇ ਪੁਸ਼ਟੀ ਕਰੋ ਕਿ ਕੀ ਅਸੀਂ ਇਸਨੂੰ ਟਵੀਟ ਕੀਤਾ ਹੈ ਜਾਂ ਹੇਠਾਂ ਦਿੱਤੇ ਸਾਡੇ ਸੋਸ਼ਲ ਮੀਡੀਆ ਹੈਂਡਲਾਂ 'ਤੇ ਪਾਇਆ ਹੈ ਕਿਰਪਾ ਕਰਕੇ ਧਿਆਨ ਰੱਖੋ ਕਿ ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਫੈਲਾਉਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਿਰਪਾ ਕਰਕੇ ਅਜਿਹੇ ਕਿਸੇ ਵੀ ਸੁਨੇਹੇ ਦੀ ਰਿਪੋਰਟ ਕਰੋ। ਚੇਤਾਵਨੀ ਅਤੇ ਬਹੁਤ ਸਾਵਧਾਨੀ ਦੇ ਕਾਰਨ ਬਲੈਕਆਊਟ ਦੇਖਿਆ ਜਾ ਰਿਹਾ ਹੈ। ਘਬਰਾਉਣ ਦਾ ਕੋਈ ਕਾਰਨ ਨਹੀਂ ਹੈ।

## ਹੱਸਦਾ-ਵਸਦਾ ਪਰਿਵਾਰ ਹੋ ਗਿਆ ਤਬਾਹ !

ਨੈਸ਼ਨਲ ਡੈਸਕ 9 ਮਈ। ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਜ਼ਹਿਰੀਲੇ ਧੂੰਏ ਕਾਰਨ ਇਕੋ ਪਰਿਵਾਰ ਦੇ 3 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 1 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਮਾਮਲਾ ਦਿੱਲੀ ਦੇ ਸੰਗਮ ਪਾਰਕ ਇਲਾਕੇ ਦਾ ਹੈ, ਜਿੱਥੇ ਇਕ ਬਾਈਕ ਹਾਰਨ ਬਣਾਉਣ ਵਾਲੀ ਫੈਕਟਰੀ 'ਚ ਜ਼ਹਿਰੀਲੇ ਧੂੰਏਂ ਦੀ ਚਪੇਟ 'ਚ ਆਉਣ ਕਾਰਨ ਇਕੋ ਪਰਿਵਾਰ ਦੇ 3 ਲੋਕਾਂ ਦੀ ਮੌਤ ਹੋ ਗਈ, ਜਦਕਿ ਇਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਮ੍ਰਿਤਕਾਂ ਦੀ ਪਛਾਣ ਹਰਦੀਪ ਸਿੰਘ (40), ਉਨ੍ਹਾਂ ਦੇ ਬੇਟੇ ਜਗਦੀਸ਼ ਸਿੰਘ (16) ਤੇ ਧੀ ਹਰਗੁਲ ਕੌਰ (15) ਵਜੋਂ ਹੋਈ ਹੈ, ਜਦਕਿ ਉਨ੍ਹਾਂ ਦੀ ਪਤਨੀ ਹਰਪ੍ਰੀਤ ਕੌਰ (38) ਜ਼ੇਰੇ ਇਲਾਜ ਹਸਪਤਾਲ ਦਾਖ਼ਲ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸੰਗਰਮ ਪਾਰਕ ਇਲਾਕੇ ਦੀ ਡੀ.ਐੱਸ.ਆਈ.ਡੀ.ਸੀ. ਸ਼ੈੱਡ ਨੰਬਰ-63 'ਚ ਬਾਈਖ ਹਾਰਨ ਨਿਰਮਾਣ ਇਕਾਈ 'ਚ ਵਾਪਰੀ। ਉਨ੍ਹਾਂ ਦੱਸਿਆ ਕਿ ਪਰਿਵਾਰ ਨੇ ਉਕਤ ਇਕਾਈ ਦੇ ਅੰਦਰ ਦਾਖ਼ਲ ਹੋ ਕੇ ਇਕ ਜ਼ਹਿਰੀਲਾ ਪਦਾਰਥ ਸੁੰਘ ਲਿਆ, ਜਿਸ ਕਾਰਨ 3 ਮੈਂਬਰਾਂ ਦੀ ਮੌਤ ਹੋ ਗਈ, ਜਦਕਿ 1 ਦੀ ਹਾਲਤ ਗੰਭੀਰ ਹੈ, ਜਿਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਜਾ ਰਿਹਾ ਹੈ। ਫਿਲਹਾਲ ਪੁਲਸ ਨੂੰ ਮੌਤ ਦੇ ਅਸਲ ਕਾਰਨਾਂ ਦਾ ਤਾਂ ਨਹੀਂ ਪਤਾ ਲੱਗਾ, ਪਰ ਕਿਹਾ ਜਾ ਰਿਹਾ ਹੈ ਕਿ ਪਰਿਵਾਰ ਨੇ ਇਹ ਕਦਮ ਪੈਸਿਆਂ ਦੀ ਕਮੀ ਕਾਰਨ ਚੁੱਕਿਆ ਹੈ। ਅਸਲ ਸੱਚਾਈ ਤਾਂ ਮਾਮਲੇ ਦੀ ਪੂਰੀ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗੀ।

### ਪੰਜਾਬ 'ਚ ਦਰਦਨਾਕ ਘਟਨਾ, ਖੇਤਾਂ 'ਚ ਲੱਗੀ ਅੱਗ ਨੂੰ ਬੁਝਾਉਂਦਿਆਂ ਜਿਊਂਦਾ ਸੜਿਆ ਕਿਸਾਨ

ਹਾਜੀਪੁਰ 9 ਮਈ। ਹਾਜੀਪੁਰ ਪੁਲਸ ਸਟੇਸ਼ਨ ਦੇ ਅਧੀਨ ਪੈਂਦੇ ਪਿੰਡ ਸਹੋੜਾ ਡਡਿਆਲ ਵਿਖੇ ਕਣਕ ਦੀ ਨਾੜ ਦੀ ਅੱਗ ਦੀ ਲਪੇਟ 'ਚ ਆਉਣ ਨਾਲ ਇਕ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਨਕ ਰਾਜ ਪੁੱਤਰ ਰਣ ਸਿੰਘ ਵਾਸੀ ਪਿੰਡ ਸਹੋੜਾ ਡਡਿਆਲ ਜੋ ਆਪਣੇ ਖੇਤਾਂ 'ਚ ਕਣਕ ਦੀ ਨਾੜ ਨੂੰ ਲੱਗੀ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਤੇਜ਼ ਹਵਾ ਚੱਲਣ ਕਰਕੇ ਅੱਗ ਜ਼ਿਆਦਾ ਤੇਜ ਹੋਣ ਕਰਕੇ ਅੱਗ ਦੀ ਲਪੇਟ ਵਿਚ ਆਉਣ ਨਾਲ ਜਨਕ ਰਾਜ ਅੱਗ ਨਾਲ ਝੁਲਸ ਗਿਆ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੂਚਨਾਂ ਮਿਲਣ 'ਤੇ ਹਾਜੀਪੁਰ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜੇ 'ਚ ਲੈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਿੰਡ ਦੇ ਲੋਕਾਂ ਨੇ ਇਸ ਕਿਸਾਨ ਦੀ ਹੋਈ ਮੌਤ 'ਤੇ ਪਰਿਵਾਰ ਦੀ ਆਰਥਿਕ ਸਹਾਇਤਾ ਕਰਨ ਦੀ ਮੰਗ ਕੀਤੀ ਹੈ।

### ਵਿਆਹ 'ਤੇ ਖਾਣਾ ਖੁਆਉਣ ਦਾ ਕਹਿ ਕੇ ਖੂਹ 'ਚ ਸੁੱਟ ਕੇ ਮਾਰ'ਤੇ ਪੋਤੇ

ਨੈਸ਼ਨਲ ਡੈਸਕ 9 ਮਈ। ਰਾਜਸਥਾਨ ਦੇ ਝੁੰਝੁਨੂੰ ਜ਼ਿਲ੍ਹੇ ਤੋਂ ਇਕ ਬੇਹੱਦ ਦਿਲ ਦਹਿਲਾਉਣ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਵਿਅਕਤੀ ਨੇ ਪਹਿਲਾਂ ਤਾਂ ਆਪਣੇ ਪੋਤਿਆਂ ਨੂੰ ਖੂਹ 'ਚ ਸੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ, ਤੇ ਫ਼?ਰ ਖ਼ੁਦ ਵੀ ਆਪਣੀ ਜੀਵਨਲੀਲਾ ਸਮਾਪਤ ਕਰ ਲਈ। ਜਾਣਕਾਰੀ ਅਨੁਸਾਰ ਇਹ ਘਟਨਾ ਜ਼ਿਲ੍ਹੇ ਦੇ ਪਿੰਡ ਲਾਦੂਸਰ ਦੀ ਹੈ, ਜਿੱਥੇ ਰਹਿਣ ਵਾਲੇ ਰਤੀਰਾਮ (50) ਆਪਣੇ ਗੁਆਂਢ 'ਚ ਰਹਿੰਦੇ ਭਾਣਜੇ ਕੈਲਾਸ਼ ਦੇ 2 ਪੁੱਤਰਾਂ ਰਿਤਿਕ (8) ਤੇ ਰਾਜੀਵ (5) ਨੂੰ ਕਿਸੇ ਵਿਆਹ 'ਤੇ ਖਾਣਾ ਖੁਆਉਣ ਦੇ ਬਹਾਨੇ ਨਾਲ ਲੈ ਗਿਆ। ਜਦੋਂ ਕਾਫ਼ੀ ਦੇਰ ਹੋ ਜਾਣ ਮਗਰੋਂ ਵੀ ਉਹ ਵਾਪਸ ਨਾ ਆਏ ਤਾਂ ਕੈਲਾਸ਼ ਨੇ ਰਤੀਰਾਮ ਨੂੰ ਕਈ ਵਾਰ ਫ਼ੋਨ ਕੀਤਾ, ਪਰ ਉਸ ਨੇ ਫ਼ੋਨ ਨਹੀਂ ਚੁੱਕਿਆ। ਇਸ ਮਗਰੋਂ ਜਦੋਂ ਕੈਲਾਸ਼ ਨੂੰ ਸ਼ੱਕ ਹੋਇਆ ਤਾਂ ਉਹ ਉਨ੍ਹਾਂ ਨੂੰ ਲੱਭਣ ਲਈ ਨਿਕਲਿਆ ਤਾਂ ਉਹ ਉਨ੍ਹਾਂ ਨੂੰ ਕਿਤੇ ਨਹੀਂ ਲੱਭੇ। ਅੰਤ ਸਵੇਰੇ ਸੂਚਨਾ ਮਿਲੀ ਕਿ ਪਿੰਡ ਦੇ ਖੇਤਾਂ 'ਚ ਸਥਿਤ ਇਕ ਟਰਾਂਸਫਾਰਮਰ ਨਾਲ ਲਾਸ਼ ਲਟਕਦੀ ਹੋਈ ਮਿਲੀ ਹੈ। ਜਦੋਂ ਕੈਲਾਸ਼ ਨੇ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਉਹ ਰਤੀਰਾਮ ਦੀ ਲਾਸ਼ ਹੈ, ਜਿਸ ਨੇ ਹਾਈਵੋਲਟੇਜ ਤਾਰ ਨੂੰ ਫੜ ਕੇ ਦਰਦਨਾਕ ਤਰੀਕੇ ਨਾਲ ਮੌਤ ਨੂੰ ਗਲ? ਲਗਾਇਆ। ਉੱਥੇ ਹੀ ਜਦੋਂ ਉਸ ਨੇ ਆਪਣੇ ਬੱਚਿਆਂ ਨੂੰ ਲੱਭਿਆ ਤਾਂ ਉਨ੍ਹਾਂ ਦੀਆਂ ਲਾਸ਼ਾਂ ਵੀ ਨਜ਼ਦੀਕ ਹੀ ਇਕ ਖੂਹ 'ਚੋਂ ਮਿਲੀਆਂ।

## ਲੁਧਿਆਣਾ ਪੁਲਸ ਨੂੰ ਮਿਲੀ ਵੱਡੀ ਸਫ਼ਲਤਾ, 1.35 ਕਰੋੜ ਦੀ ਹੈਰੋਇਨ ਸਮੇਤ ਸਮੱਗਲਰ ਕਾਬੂ

**ਏਜੰਸੀਆਂ**

ਲੁਧਿਆਣਾ 9 ਮਈ। ਪੁਲਸ ਕਮਿਸ਼ਨਰ ਆਈ. ਪੀ. ਐੱਸ. ਸਵਪਨ ਸ਼ਰਮਾ ਦੀ ਅਗਵਾਈ ਹੇਠ, ਨਸ਼ਾ ਸਮੱਗਲਰਾਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਸਖ਼ਤ ਕਾਰਵਾਈ ਕਰਦੇ ਹੋਏ, ਕ੍ਰਾਈਮ ਬ੍ਰਾਂਚ ਦੀ ਪੁਲਸ ਟੀਮ ਨੇ 2 ਨਸ਼ਾ ਸਮੱਗਲਰਾਂ ਨੂੰ 1 ਕਰੋੜ 35 ਲੱਖ ਰੁਪਏ ਦੀ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪੱਤਰਕਾਰਾਂ ਨੂੰ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਏ. ਸੀ. ਪੀ. ਕ੍ਰਾਈਮ ਰਾਜੇਸ਼ ਸ਼ਰਮਾ ਅਤੇ ਕ੍ਰਾਈਮ ਬ੍ਰਾਂਚ ਦੇ ਇੰਚਾਰਜ ਇੰਸ. ਬੇਅੰਤ ਜੁਨੇਜਾ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਟੀਮ ਥਾਣਾ ਜੋਧੇਵਾਲ ਦੇ ਖੇਤਰ 'ਚ ਗੁਰੂ ਵਿਹਾਰ ਰੋਡ 'ਤੇ ਮੌਜੂਦ ਸੀ। ਇਸ ਦੌਰਾਨ ਇਕ ਖਾਸ ਮੁਖ਼ਬਰ ਨੇ ਪੁਲਸ ਨੂੰ ਸੂਚਨਾ ਦਿੱਤੀ ਕਿ 2 ਨਸ਼ਾ ਸਮੱਗਲਰ ਆਪਣੇ ਗਾਹਕਾਂ ਨੂੰ ਨਸ਼ਾ ਸਪਲਾਈ ਕਰਨ ਲਈ ਐਕਟਿਵਾ 'ਤੇ ਉਕਤ ਖੇਤਰ 'ਚ ਆਏ ਹਨ। ਇਸ ਤੋਂ ਬਾਅਦ ਪੁਲਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਹੌਜ਼ਰੀ ਕੰਪਲੈਕਸ ਨੇੜੇ ਇਕ ਐਕਟਿਵਾ ਕੋਲ ਖੜ੍ਹੇ 2 ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਅਤੇ ਜਦੋਂ ਉਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਕੋਲੋਂ 270 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਤੋਂ ਬਾਅਦ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਦੀ ਪਛਾਣ ਅਮਨਦੀਪ ਸਿੰਘ ਪੁੱਤਰ ਜਗਮੋਹਨ ਸਿੰਘ ਵਾਸੀ ਪਿੰਡ



ਸੱਜਾਦ ਵਾਲਾ ਮੇਹਰਬਾਨ ਵਜੋਂ ਕੀਤੀ ਗਈ ਹੈ, ਜਦੋਂਕਿ ਦੂਜੇ ਮੁਲਜ਼ਮ ਦੀ ਪਛਾਣ ਦੀਪਕ ਭੱਲਾ ਉਰਫ ਕਾਲਾ ਪੁੱਤਰ ਯਸ਼ਪਾਲ ਭੱਲਾ ਵਾਸੀ ਨਿਊ ਨੰਦਾ ਕਾਲੋਨੀ ਜੋਧੇਵਾਲ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਦੋਵਾਂ ਵਿਰੁੱਧ ਜੋਧੇਵਾਲ ਥਾਣੇ 'ਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਨਸ਼ਾ ਸਮੱਗਲਰਾਂ ਤੋਂ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਲਗਭਗ 1 ਕਰੋੜ 35 ਲੱਖ ਰੁਪਏ ਦੱਸੀ ਜਾ ਰਹੀ ਹੈ। ਕ੍ਰਾਈਮ ਬ੍ਰਾਂਚ ਦੇ ਏ. ਸੀ. ਪੀ. ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦੀਪਕ ਭੱਲਾ ਪਿਛਲੇ ਕਈ ਸਾਲਾਂ ਤੋਂ ਨਸ਼ਾ ਸਮੱਗਲਿੰਗ 'ਚ ਸ਼ਾਮਲ ਹੈ, ਜਿਸ ਖਿਲਾਫ ਪਹਿਲਾਂ 11 ਨਵੰਬਰ 2021 ਨੂੰ ਟਿੱਬਾ ਥਾਣੇ 'ਚ ਨਸ਼ਾ ਸਮੱਗਲਿੰਗ ਦਾ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਖਿਲਾਫ 5 ਮਾਰਚ 2024 ਨੂੰ ਲਾਡੋਵਾਲ ਥਾਣੇ 'ਚ ਵੀ ਨਸ਼ਾ ਸਮੱਗਲਿੰਗ ਦਾ ਦੂਜਾ ਮਾਮਲਾ ਦਰਜ ਕੀਤਾ ਗਿਆ ਸੀ, ਜੋ 5 ਮਾਰਚ 2024 ਨੂੰ ਜ਼ਮਾਨਤ 'ਤੇ ਜੇਲ ਤੋਂ ਬਾਹਰ ਆਇਆ ਸੀ ਅਤੇ ਬਾਹਰ ਆਉਣ ਤੋਂ ਬਾਅਦ ਮੁਲਜ਼ਮ ਨੇ ਦੁਬਾਰਾ ਨਸ਼ਾ ਸਮੱਗਲਿੰਗ ਸ਼ੁਰੂ ਕਰ ਦਿੱਤੀ। ਦੋਵਾਂ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਪ੍ਰਾਪਤ ਕੀਤਾ ਜਾਵੇਗਾ, ਤਾਂ ਜੋ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਸਕੇ ਕਿ ਉਹ ਹੈਰੋਇਨ ਕਿਥੋਂ ਲਿਆਏ ਸਨ ਅਤੇ ਕਿਸ ਨੂੰ ਵੇਚਣ ਜਾ ਰਹੇ ਸਨ।

# ਬਿਜਲੀ ਖ਼ਪਤਕਾਰਾਂ ਲਈ ਅਹਿਮ ਖ਼ਬਰ, ਖੜ੍ਹੀ ਹੋਈ ਵੱਡੀ ਮੁਸੀਬਤ !

**ਏਜੰਸੀਆਂ**

ਜਲੰਧਰ 9 ਮਈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਦਾ ਸੈਂਟਰਲ ਟਾਊਨ, ਪ੍ਰਤਾਪ ਬਾਗ ਦੇ ਸਾਹਮਣੇ ਸਥਿਤ ਦਫ਼ਤਰ ਇਨ੍ਹੀਂ ਦਿਨੀਂ ਸੀਨੀਅਰ ਸਿਟੀਜ਼ਨਜ਼ ਅਤੇ ਦਿਵਿਆਂਗਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ। ਇਸ ਦਫ਼ਤਰ 'ਚ ਬਿਜਲੀ ਦੇ ਬਿੱਲਾਂ ਨਾਲ ਸੰਬੰਧਤ ਸਮੱਸਿਆਵਾਂ ਦੇ ਹੱਲ ਲਈ ਲੋਕਾਂ ਨੂੰ ਤੀਜੀ ਮੰਜ਼ਿਲ 'ਤੇ ਸਥਿਤ ਵਿਭਾਗੀ ਕਮਰੇ 'ਚ ਜਾਣਾ ਪੈਂਦਾ ਹੈ ਪਰ ਉਥੇ ਪਹੁੰਚਣ ਲਈ ਨਾ ਤਾਂ ਕੋਈ ਲਿਫ਼ਟ ਦੀ ਸਹੂਲਤ ਹੈ ਅਤੇ ਨਾ ਹੀ ਕੋਈ ਰੈਂਪ ਹੈ। ਸੀਨੀਅਰ ਸਿਟੀਜ਼ਨ ਐੱਮ. ਡੀ. ਸੱਭਰਵਾਲ ਅਤੇ ਟੈਲੀਫੋਨ ਵਿਭਾਗ ਤੋਂ ਰਿਟਾਇਰਡ ਐੱਮ. ਐੱਮ. ਚੋਪੜਾ ਨੇ ਇਸ ਸਮੱਸਿਆ ਵੱਲ ਪ੍ਰਸ਼ਾਸਨ ਦਾ ਧਿਆਨ ਦਿਵਾਉਂਦੇ ਹੋਏ ਕਿਹਾ ਕਿ ਪਾਵਰਕਾਮ ਵੱਲੋਂ ਭੇਜੇ ਜਾਣ ਵਾਲੇ ਬਿਜਲੀ ਦੇ ਬਿੱਲਾਂ 'ਚ ਅਕਸਰ ਗੜਬੜੀਆਂ ਪਾਈਆਂ ਜਾਂਦੀਆਂ ਹਨ। ਕਦੇ ਖ਼ਪਤ ਨਾਲੋਂ ਵੱਧ ਰਾਸ਼ੀ ਪਾਈ ਜਾਂਦੀ ਹੈ ਤਾਂ ਕਦੇ ਪੁਰਾਣੇ ਬਿੱਲਾਂ ਦੀਆਂ ਬਕਾਇਆ ਰਾਸ਼ੀਆਂ ਜੋੜ ਦਿੱਤੀਆਂ ਜਾਂਦੀਆਂ ਹਨ। ਅਜਿਹੀ ਸਥਿਤੀ 'ਚ ਖ਼ਪਤਕਾਰਾਂ ਨੂੰ ਆਪਣੀ ਸਮੱਸਿਆ ਲੈ ਕੇ ਦਫ਼ਤਰ ਦਾ ਰੁਖ਼ ਕਰਨਾ ਪੈਂਦਾ ਹੈ। ਪਰ ਜਦੋਂ ਕੋਈ ਬਜ਼ੁਰਗ ਵਿਅਕਤੀ, ਔਰਤ ਜਾਂ ਦਿਵਿਆਂਗ ਵਿਅਕਤੀ ਪਾਵਰਕਾਮ ਦੇ ਇਸ ਦਫ਼ਤਰ 'ਚ ਜਾਂਦਾ ਹੈ ਤਾਂ ਉਸ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤਿੰਨ ਮੰਜ਼ਿਲਾ ਉੱਚਾਈ ਤੱਕ ਸਿਰਫ਼ ਪੌੜੀਆਂ ਸਹਾਰੇ ਪਹੁੰਚਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਗਰਮੀ ਦੇ ਇਨ੍ਹਾਂ ਦਿਨਾਂ 'ਚ ਇਹ ਪ੍ਰੇਸ਼ਾਨੀ ਹੋਰ ਵੀ ਗੰਭੀਰ ਹੋ ਗਈ ਹੈ। ਸੱਭਰਵਾਲ ਨੇ ਦੱਸਿਆ ਕਿ ਬਿਜਲੀ ਦੇ ਬਿੱਲ 'ਚ ਗੜਬੜੀ ਹੋਣਾ ਆਮ ਗੱਲ ਹੋ ਗਈ ਹੈ ਪਰ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਸ ਗੜਬੜੀ ਨੂੰ ਠੀਕ ਕਰਵਾਉਣ ਲਈ ਸਾਨੂੰ ਵਾਰ-ਵਾਰ ਤੀਜੀ ਮੰਜ਼ਿਲ 'ਤੇ ਜਾਣਾ ਪੈਂਦਾ ਹੈ। ਇਥੇ ਨਾ ਤਾਂ ਕੋਈ ਰੈਂਪ ਬਣਾਇਆ ਗਿਆ ਹੈ ਅਤੇ ਨਾ ਹੀ ਲਿਫ਼ਟ ਲਾਈ ਗਈ ਹੈ। ਅਜਿਹੇ 'ਚ 60 ਸਾਲ ਤੋਂ ਵੱਧ ਉਮਰ ਦੇ ਲੋਕ ਖ਼ਾਸ ਕਰਕੇ ਬੀਮਾਰ ਅਤੇ ਲਾਚਾਰ ਨਾਗਰਿਕਾਂ ਲਈ ਉੱਪਰ ਤਕ ਪਹੁੰਚਣਾ ਲਗਭਗ ਅਸੰਭਵ ਹੋ ਗਿਆ ਹੈ। ਸੱਭਰਵਾਲ ਨੇ ਦੱਸਿਆ ਕਿ ਉਨ੍ਹਾਂ ਖ਼ੁਦ ਕਈ ਵਾਰ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਪਰ ਅਜਿਹਾ ਲੱਗਦਾ ਹੈ ਕਿ ਪਾਵਰਕਾਮ ਅਧਿਕਾਰੀਆਂ 'ਚ ਸੀਨੀਅਰ ਸਿਟੀਜ਼ਨਜ਼ ਦੀਆਂ ਪ੍ਰੇਸ਼ਾਨੀਆਂ ਨੂੰ ਕਦੇ ਗੰਭੀਰਤਾ ਨਾਲ ਲੈਣ ਦੀ ਕੋਈ ਇੱਛਾ ਸ਼ਕਤੀ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਤੀਜੀ ਮੰਜ਼ਿਲ 'ਤੇ ਬੈਠਣ ਵਾਲੇ ਸਬੰਧਤ ਵਰਕਰਾਂ ਨੂੰ ਗਰਾਊਂਡ ਫਲੋਰ ਜਾਂ ਪਹਿਲੀ ਮੰਜ਼ਿਲ 'ਤੇ ਸ਼ਿਫ਼ਟ ਕੀਤਾ ਜਾਵੇ ਤਾਂ ਕਿ ਸੀਨੀਅਰ ਸਿਟੀਜ਼ਨਜ਼ ਅਤੇ ਦਿਵਿਆਂਗ ਲੋਕ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਣ। ਹਾਲਾਂਕਿ, ਇਹ ਪਹਿਲਾ ਮਾਮਲਾ ਨਹੀਂ ਹੈ ਜਦੋਂ ਸਰਕਾਰੀ ਇਮਾਰਤਾਂ



'ਚ ਦਿਵਿਆਂਗਾਂ ਅਤੇ ਬਜ਼ੁਰਗਾਂ ਦੀਆਂ ਸਹੂਲਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਜ਼ਿਲ੍ਹੇ 'ਚ ਬਹੁਤ ਸਾਰੇ ਅਜਿਹੇ ਸਰਕਾਰੀ ਦਫ਼ਤਰ ਹਨ, ਜਿੱਥੇ ਨਾ ਤਾਂ ਕੋਈ ਲਿਫ਼ਟ ਅਤੇ ਨਾ ਹੀ ਕੋਈ ਰੈਂਪ ਦਿੱਤਾ ਗਿਆ ਹੈ। ਕਈ ਵਾਰ ਮੰਜ਼ਿਲ 'ਤੇ ਜਾਣਾ ਪੈਂਦਾ ਹੈ। ਇਥੇ ਨਾ ਤਾਂ ਕੋਈ ਰੈਂਪ ਬਣਾਇਆ ਗਿਆ ਹੈ ਅਤੇ ਨਾ ਹੀ ਲਿਫ਼ਟ ਲਾਈ ਗਈ ਹੈ। ਅਜਿਹੇ 'ਚ 60 ਸਾਲ ਤੋਂ ਵੱਧ ਉਮਰ ਦੇ ਲੋਕ ਖ਼ਾਸ ਕਰਕੇ ਬੀਮਾਰ ਅਤੇ ਲਾਚਾਰ ਨਾਗਰਿਕਾਂ ਲਈ ਉੱਪਰ ਤਕ ਪਹੁੰਚਣਾ ਲਗਭਗ ਅਸੰਭਵ ਹੋ ਗਿਆ ਹੈ। ਸੱਭਰਵਾਲ ਨੇ ਦੱਸਿਆ ਕਿ ਉਨ੍ਹਾਂ ਖ਼ੁਦ ਕਈ ਵਾਰ ਉੱਚ ਅਧਿਕਾਰੀਆਂ ਤਾਂ ਅਜਿਹਾ ਵੀ ਵੇਖਣ ਨੂੰ ਆਉਂਦਾ ਰਿਹਾ ਹੈ ਕਿ ਦਫ਼ਤਰ 'ਚ ਲੱਗੀ ਲਿਫ਼ਟ ਅਕਸਰ ਖ਼ਰਾਬ ਹੁੰਦੀ ਹੈ ਪਰ ਹੁਣ ਜਦੋਂ ਸ਼ਿਕਾਇਤਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ, ਤਾਂ ਪ੍ਰਸ਼ਾਸਨ ਨੂੰ ਬਿਨਾਂ ਕਿਸੇ ਦੇਰੀ ਦੇ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ। ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਜਲੰਧਰ 'ਚ ਸਥਿਤ ਸਬ-ਰਜਿਸਟਰਾਰ ਬਿਲਡਿੰਗ ਦੀ ਲਿਫ਼ਟ ਪਿਛਲੇ ਕਈ ਮਹੀਨਿਆਂ ਤੋਂ ਬੰਦ ਪਈ ਹੈ। ਇਸ ਤਕਨੀਕੀ ਖਰਾਬੀ ਦੀ ਵਜ?ਹਾ ਨਾਲ ਭਵਨ ਦੀ ਪਹਿਲੀ ਮੰਜ਼ਿਲ ਤੱਕ ਪਹੁੰਚਣ ਲਈ ਲੋਕਾਂ ਨੂੰ ਸਿਰਫ਼ ਪੌੜੀਆਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਇਸ ਨਾਲ ਖ਼ਾਸ ਤੌਰ 'ਤੇ ਬਜ਼ੁਰਗ ਨਾਗਰਿਕਾਂ, ਔਰਤਾਂ ਅਤੇ ਦਿਵਿਆਂਗਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਬਿਲਡਿੰਗ ਦੀ ਪਹਿਲੀ ਮੰਜ਼ਿਲ 'ਤੇ ਹੀ ਪਟਵਾਰਖਾਨਾ ਸਥਿਤ ਹੈ, ਜਿੱਥੇ ਸ਼ਹਿਰ ਅਤੇ ਆਲੇ-ਦੁਆਲੇ ਦੇ ਖੇਤਰਾਂ ਤੋਂ ਵੱਡੀ ਗਿਣਤੀ 'ਚ ਲੋਕ ਆਪਣੀਆਂ ਜ਼ਮੀਨ ਅਤੇ ਪ੍ਰਾਪਰਟੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਲੈ ਕੇ ਆਉਂਦੇ ਹਨ। ਇਥੇ ਰੋਜ਼ਾਨਾ ਲਗਭਗ 70 ਤੋਂ 80 ਪਟਵਾਰੀਆਂ ਤੋਂ ਇਲਾਵਾ ਹੋਰ ਸਟਾਫ ਮੈਂਬਰ ਕੰਮ ਕਰ ਰਹੇ ਹਨ। ਰੋਜ਼ਾਨਾ ਇਥੇ ਆਉਣ ਵਾਲੇ ਲੋਕਾਂ 'ਚ ਵੱਡੀ ਗਿਣਤੀ ਬਜ਼ੁਰਗ ਮਰਦਾਂ ਅਤੇ ਔਰਤਾਂ ਦੀ ਹੁੰਦੀ ਹੈ, ਜਿਨ੍ਹਾਂ ਲਈ ਪੌੜੀਆਂ ਚੜ੍ਹ ਕੇ ਉੱਪਰ ਪਹੁੰਚਣਾ ਇਕ ਮੁਸ਼ਕਲ ਅਤੇ ਥਕਾਉਣ ਵਾਲਾ ਕੰਮ ਹੈ। ਕਰਮਚਾਰੀਆਂ ਨੇ ਦੱਸਿਆ ਕਿ ਲਿਫ਼ਟ ਕਈ ਮਹੀਨਿਆਂ ਤੋਂ ਖ਼ਰਾਬ ਹੈ ਅਤੇ ਹੁਣ ਤਕ ਉਸ ਦੀ ਮੁਰੰਮਤ ਜਾਂ ਬਦਲਾਅ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨਿਕ ਭਵਨਾਂ 'ਚ ਬੁਨਿਆਦੀ ਸਹੂਲਤਾਂ ਦੀ ਇਹ ਸਥਿਤੀ ਨਾ ਸਿਰਫ਼ 'ਅਸੁਵਿਧਾਜਨਕ' ਹੈ, ਸਗੋਂ ਸਰਕਾਰ ਦੀਆਂ 'ਜਨ ਸੁਵਿਧਾ' ਵਾਲੀਆਂ ਨੀਤੀਆਂ ਦੇ ਵੀ ਉਲਟ ਹੈ। ਲੋਕਾਂ ਨੇ ਮੰਗ ਕੀਤੀ ਕਿ ਲਿਫ਼ਟ ਨੂੰ ਛੇਤੀ ਤੋਂ ਛੇਤੀ ਚਾਲੂ ਕੀਤਾ ਜਾਵੇ ਤਾਂ ਕਿ ਆਮ ਨਾਗਰਿਕ ਮੁੱਖ ਤੌਰ 'ਤੇ ਬਜ਼ੁਰਗ ਅਤੇ ਲਾਚਾਰ ਲੋਕ ਬਿਨਾਂ ਕਿਸੇ ਮੁਸ਼ਕਿਲ ਦੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾ ਸਕਣ।